11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -50
March 23, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 2 ਅਪ੍ਰੈਲ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਦੂਜਾ ਵਿਸ਼ਾਲ ਨਗਰ ਕੀਰਤਨ 9 ਅਪ੍ਰੈਲ 2023 ਦਿਨ ਐਤਵਾਰ ਨੂੰ ਕੱਢਿਆ ਜਾਵੇਗਾ। *ਪੂਰੀ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 ਅਤੇ 4 'ਤੇ*

**-ਸੰਪਾਦਕ**

Golden State Truck Sales Inc.



ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

# ਅੰਮ੍ਰਿਤਪਾਲ ਸਿੰਘ 'ਤੇ ਕਾਰਵਾਈ ਦੀ ਯੋਜਨਾ ਪਹਿਲਾਂ ਹੀ ਹੋ ਗਈ ਸੀ ਤਿਆਰ

## ਜੀ-20 ਸਿਖ਼ਰ ਸੰਮੇਲਨ ਦੀਆਂ ਮੀਟਿੰਗਾਂ ਕਾਰਨ ਕੀਤੀ ਜਾ ਰਹੀ ਸੀ ਦੇਰੀ

**ਚੰਡੀਗੜ੍ਹ (ਬਿਊਰੋ)-** ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਮਰਥਕਾਂ 'ਤੇ ਕਾਰਵਾਈ ਨੂੰ ਲੈ ਕੇ ਪੁਲਿਸ ਵੱਲੋਂ ਸ਼ਨਿਚਰਵਾਰ ਨੂੰ ਚਲਾਏ ਗਏ ਆਪ੍ਰੇਸ਼ਨ ਦਾ ਨਕਸ਼ਾ ਪਹਿਲਾਂ ਤੋਂ ਹੀ ਤਿਆਰ ਕਰ ਲਿਆ ਗਿਆ ਸੀ। ਸੂਬਾ ਸਰਕਾਰ ਸਿਰਫ਼ 15 ਤੋਂ 17 ਮਾਰਚ ਤੱਕ ਅੰਮ੍ਰਿਤਸਰ ਵਿਚ ਹੋਣ ਵਾਲੀਆਂ ਜੀ-20 ਸਿਖ਼ਰ ਸੰਮੇਲਨ ਦੀਆਂ ਮੀਟਿੰਗਾਂ ਖ਼ਤਮ ਹੋਣ ਦੀ ਉਡੀਕ ਕਰ ਰਹੀਆਂ ਸਨ। 17 ਮਾਰਚ ਨੂੰ ਇਹ ਮੀਟਿੰਗਾਂ ਖ਼ਤਮ ਹੁੰਦੇ ਹੀ ਪੁਲਿਸ ਨੇ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਸੂਬੇ ਦੀਆਂ ਇੰਟਰਨੈੱਟ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਇੰਟਰਨੈੱਟ ਬੰਦ ਕਰਨ ਸਬੰਧੀ ਗ੍ਰਹਿ ਵਿਭਾਗ ਤੋਂ ਹੁਕਮ ਇਕ ਦਿਨ ਪਹਿਲਾਂ 17 ਮਾਰਚ ਨੂੰ ਹੀ ਲੈ ਲਏ ਗਏ ਸਨ ਤੇ ਇਹ ਐਤਵਾਰ ਦੁਪਹਿਰ 12 ਵਜੇ ਤੱਕ ਲਾਗੂ ਰਹਿਣਗੇ। ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਹਾਲਾਤ ਆਮ ਵਾਂਗ ਨਾ ਰਹੇ ਤਾਂ ਇਸ ਨੂੰ ਅੱਗੇ ਵੀ ਵਧਾਇਆ ਜਾ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰਾਲਾ ਨੇ ਵੀ ਇਸ ਆਪ੍ਰੇਸ਼ਨ 'ਤੇ ਪੂਰੀ ਨਜ਼ਰ ਰੱਖੀ ਹੋਈ ਹੈ। ਪੁਲਿਸ ਸੂਤਰਾਂ ਅਨੁਸਾਰ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਸਬੰਧੀ ਤਿਆਰੀ ਉਸੇ ਸਮੇਂ ਸ਼ੁਰੂ ਹੋ ਗਈ ਸੀ ਜਦੋਂ 3 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਸੀ। ਇਸ ਮੀਟਿੰਗ ਵਿਚ



ਉਨ੍ਹਾਂ ਨਾਲ ਡੀਜੀਪੀ ਗੌਰਵ ਯਾਦਵ ਵੀ ਸਨ। ਮੁੱਖ ਮੰਤਰੀ ਭਗਵੰਤ ਮਾਨ ਦੇ ਕੇਂਦਰੀ ਸੁਰੱਖਿਆ ਦੀ ਮੰਗ ਕਰਨ 'ਤੇ ਸ਼ਾਹ ਨੇ 18 ਕੰਪਨੀਆਂ ਦੇਣ 'ਤੇ ਸਹਿਮਤੀ ਜਾਹਿਰ ਕੀਤੀ ਸੀ। ਅੰਮ੍ਰਿਤਪਾਲ ਸਿੰਘ ਤੇ ਉਸ ਦੀ ਪਤਨੀ ਕਿਰਨਦੀਪ ਕੌਰ ਦੇ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀਕੇਆਈ) ਨਾਲ ਸਬੰਧਾਂ ਦੀ ਸੁਰ-ੱਖਿਆ ਏਜੰਸੀਆਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਸੂਤਰਾਂ ਮੁਤਾਬਕ ਕੇਂਦਰੀ ਜਾਂਚ ਏਜੰਸੀਆਂ ਤੋਂ ਮਿਲੇ ਇਨਪੁਟ 'ਚ ਪਤਾ ਲੱਗਾ ਲੱਗਿਆ ਹੈ ਕਿ ਬੀਤੇ ਦਿਨੀਂ ਲੰਡਨ 'ਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਹੰਗਾਮਾ ਕਰ ਕੇ ਤਿਰੰਗੇ ਦਾ ਅਪਮਾਨ ਕਰਨ ਦੇ ਮਾਮਲੇ 'ਚ ਬਰਤਾਨੀਆ ਪੁਲਿਸ ਨੇ ਖ਼ਾਲਿਸਤਾਨ ਸਮਰਥਕ ਅਵਤਾਰ ਸਿੰਘ ਖੰਡਾ ਨੂੰ ਗ੍ਰਿਫ਼ਤਾਰ ਕੀਤਾ ਹੈ। ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਮਾਰੇ ਜਾ ਰਹੀ ਛਾਪਿਆਂ ਤੋਂ ਬਾਅਦ ਉਸ ਦਾ ਜੱਦੀ ਪਿੰਡ ਜੱਲੂਪੁਰ ਖੈੜਾ ਹੁਣ ਖਾਲੀ ਨਜ਼ਰ ਆ ਰਿਹਾ ਹੈ ਅਤੇ ਲੋਕ ਉਸ ਬਾਰੇ ਗੱਲ ਕਰਨ ਤੋਂ ਵੀ ਟਾਲਾ ਵੱਟ ਰਹੇ ਹਨ। ਇਸੇ ਤਰ੍ਹਾਂ ਉਸ ਦਾ ਸਾਥੀ ਲਵਪ੍ਰੀਤ ਸਿੰਘ ਉਰਫ਼ ਤੂਫ਼ਾਨ ਵੀ ਰੂਪੋਸ਼ ਹੋ ਗਿਆ ਹੈ, ਜਿਸ ਨੂੰ ਰਿਹਾਅ ਕਰਾਉਣ ਲਈ ਅਜਨਾਲਾ ਥਾਣੇ ਦਾ ਘਿਰਾਓ ਕੀਤਾ ਗਿਆ ਸੀ। ਪਿੰਡ ਜੱਲੂਪੁਰ ਖੈੜਾ ਹਾਲ ਹੀ ਵਿਚ ਉਸ ਵੇਲੇ ਚਰਚਾ ਵਿਚ ਆਇਆ ਸੀ ਜਦੋਂ ਪਿਛਲੇ ਸਾਲ ਅੰਮ੍ਰਿਤਪਾਲ ਸਿੰਘ ਦੁਬਈ ਤੋਂ ਇੱਥੇ ਪਰਤਿਆ ਸੀ। ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਇਸ ਪਿੰਡ ਵਿਚ ਸੁੰਨ ਪੱਸਰ ਗਈ ਹੈ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਅਤੇ ਉਹਨਾਂ ਨੂੰ ਸਮਰਪਿਤ 23ਵਾਂ ਵਿਸ਼ਾਲ ਨਗਰ ਕੀਰਤਨ 12 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

**ਸਬੰਧਤ ਤਸਵੀਰਾਂ ਅਤੇ ਰਿਪੋਰਟ ਅਗਲੇ ਅੰਕ ਵਿਚ**



**ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਮਹਾਨ ਸ਼ਹੀਦਾਂ ਦੀ ਸ਼ਹਾਦਤ 'ਤੇ ਅਦਾਰਾ "ਦੇਸ਼ ਦੁਆਬਾ" ਕੋਟਿ-ਕੋਟਿ ਪ੍ਰਣਾਮ ਕਰਦਾ ਹੈ।**

# ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਆਉਣ ਦਾ ਸੱਦਾ

## ਸੁਤੰਤਰਤਾ ਸੰਗਰਾਮ ਬਾਰੇ ਦੱਸਣ ਲਈ ਵਿਰਾਸਤੀ ਗਲੀ ਸਣੇ ਖਟਕੜ ਕਲਾਂ ਦੇ ਸਮੁੱਚੇ ਵਿਕਾਸ ਦਾ ਕੀਤਾ ਐਲਾਨ

**(ਵਿਸ਼ੇਸ਼ ਰਿਪੋਰਟ ਸੰਤੋਖ ਸਿੰਘ ਜੱਸੀ)**

**ਖਟਕੜ ਕਲਾਂ, 23 ਮਾਰਚ, 2023-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਅੱਗੇ ਆਉਣ ਅਤੇ ਸੂਬਾ ਸਰਕਾਰ ਇਸ ਮਕਸਦ ਦੀ ਪੂਰੀ ਲਈ ਪੂਰਾ ਸਹਿਯੋਗ ਤੇ ਤਾਲਮੇਲ ਕਰੇਗੀ। ਸ਼ਹੀਦ-ਏ-ਆਜ਼ਮ ਦੇ ਜੱਦੀ ਪਿੰਡ ਵਿੱਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦਿਨ ਸਾਨੂੰ ਧਰਤੀ ਮਾਂ ਦੇ ਸੱਚੇ ਸਪੂਤ ਵੱਲੋਂ ਦਿੱਤੇ ਮਹਾਨ ਬਲੀਦਾਨ ਬਾਰੇ ਚੇਤੇ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਬੇਇਨਸਾਫ਼ੀ, ਜ਼ੁਲਮ ਅਤੇ ਦਮਨ ਖ਼ਿਲਾਫ਼ ਖੜ੍ਹੇ ਹੋਣ ਲਈ ਪ੍ਰੇਰਦੀ ਰਹੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਸਾਡਾ ਸਾਰਿਆਂ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਸਮਾਜ ਵਿੱਚ ਫੈਲੀਆਂ ਸਾਰੀਆਂ ਕੁਰੀਤੀਆਂ ਵਿਰੁੱਧ ਅਸੀਂ ਜੰਗ ਛੇੜੀਏ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਫ਼ਰਜ਼ ਹੈ ਕਿ ਉਹ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਏ।



**(ਬਾਕੀ ਸਫਾ 7 'ਤੇ)**




DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 2 ਅਪ੍ਰੈਲ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

**31252 Veasy Street, Union City, CA 94587**

# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਸੈਕਰਾਮੈਂਟੋ 'ਚ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਮੌਕੇ ਨਗਰ ਕੀਰਤਨ ਸਜਾਇਆ ਗਿਆ, ਵੱਖ ਵੱਖ ਜੱਥਿਆਂ ਵਲੋਂ ਇਲਾਹੀ ਗੁਰਬਾਣੀ ਦਾ ਕੀਰਤਨ





**ਸੈਕਰਾਮੈਂਟੋ, ਕੈਲੀਫੋਰਨੀਆਂ–** ਐਤਕਾਂ ਵੀ ਹਰ ਵਰ੍ਹੇ ਵਾਂਗ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ ਵਲੋਂ ਸ੍ਰੀ ਗੁਰੂ ਰਵਿਦਾਸ ਜੀ 646 ਵੇਂ ਗੁਰਪੁਰਬ ਮੌਕੇ ਨਗਰ ਕੀਰਤਨ ਸਜਾਇਆ ਗਿਆ ਇਸ ਦੌਰਾਨ ਵੱਖ ਵੱਖ ਰਾਗੀ ਤੇ ਕਵੀਸ਼ਰ ਤੇ ਕਥਾਕਾਰਾਂ ਵਲੋਂ ਗੁਰੂ ਸਹਿਬਾਨਾਂ ਦੀ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਐਤਕਾਂ ਭਾਰੀ ਮੀਂਹ ਦੇ ਬਾਵਜੂਦ ਸੰਗਤਾ ਨੇ ਹਾਜਰੀ ਜਰੂਰ ਭਰੀ ਪਰ ਸੰਗਤਾਂ ਦਾ ਇਕੱਠ ਪਿਛਲੇ ਸਾਲ ਨਾਲੋਂ ਘੱਟ ਦਿਖਾਈ ਦਿੱਤਾ। ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਕੱਢੇ ਹਏ ਨਗਰ ਕੀਰਤਨ ਦਾ ਰੂਟ ਵੀ ਪਹਿਲਾਂ ਵਾਲਾ ਹੀ ਰੱਖਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਫਲੋਟ ਨੂੰ ਮੀਂਹ ਦੇ ਬਾਵਜੂਦ ਫੁੱਲਾਂ ਨਾਲ ਸਜਾਇਆ ਗਿਆ । ਸਵੇਰ ਤੇ ਸ਼ਾਮਾਂ ਦੇ ਦਿਵਾਨਾਂ 'ਚ ਵੱਖ ਰਾਗੀਆਂ ਜਿਨਾਂ 'ਚ ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਓਂਕਾਰ ਸਿੰਘ ਊਨੇ ਵਾਲੇ, ਭਾਈ ਰਜਿੰਦਰ ਸਿੰਘ ਰਾਜਾ, ਭਾਈ ਅਮ੍ਰਿਤਪਾਲ ਸਿੰਘ, ਭਾਈ ਜਗਜੀਤ ਸਿੰਘ ਯੋਗੀ ਤੇ ਗੁਰੂ ਘਰ ਦੇ ਹਜ਼ੂਰੀ ਰਾਗੀਆਂ ਵਲੋਂ ਮਨੋਹਰ ਕੀਰਤਨ ਕੀਤਾ ਗਿਆ। ਨਗਰ ਕੀਰਤਨ ਵਾਲੇ ਦਿਵਾਨਾਂ ਚ ਵੱਖ ਦਾਨੀਆਂ ਤੇ ਸੇਵਾਦਾਰਾਂ ਨੂੰ ਪ੍ਰਬੰਧਕਾਂ ਵਲੋ ਪਲੈਕਾਂ ਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੰਗਤਾਂ ਨੇ ਵੱਖ ਵੱਖ ਦੁਕਾਨਾਂ ਤੋਂ ਖਰੀਦੋ ਫਰੋਖਤ ਵੀ ਕੀਤੀ ਤੇ ਸੇਵਾਦਾਰਾਂ ਵਲੋਂ ਵੱਖ ਵੱਖ ਤਰਾਂ ਤਰਾਂ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ ਵੱਖ ਦਾਨੀਆਂ ਵਲੋਂ ਗੁਰਦੁਆਰਾ ਸਾਹਿਬ ਦੀ ਬਣ ਰਹੀ ਨਵੀ ਇਮਾਰਤ ਲਈ ਦਾਨ ਵੀ ਕੀਤਾ ਗਿਆ।

## ਅਮਰੀਕੀ ਸੈਨੇਟ ਵੱਲੋਂ ਭਾਰਤੀ ਅਮਰੀਕੀ ਚੌਧਰੀ ਦੀ ਏਅਰ ਫੋਰਸ ਦੇ ਸਹਾਇਕ ਸਕੱਤਰ ਵਜੋਂ ਪੁਸ਼ਟੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕੀ ਸੈਨੇਟ ਵੱਲੋਂ ਭਾਰਤੀ ਮੂਲ ਦੇ ਅਮਰੀਕੀ ਰਵੀ ਚੌਧਰੀ ਦੀ ਏਅਰ ਫੋਰਸ ਦੇ ਏਨਰਜ਼ੀ, ਇੰਸਟਾਲੇਸ਼ਨਜ ਤੇ ਇਨਵਾਇਰਮੈਂਟ



ਬਾਰੇ ਸਹਾਇਕ ਸਕੱਤਰ ਵਜੋਂ ਨਾਮਜ਼ਦਗੀ ਦੀ ਵੋਟਾਂ ਦੇ ਭਾਰੀ ਫਰਕ ਨਾਲ ਪੁਸ਼ਟੀ ਕਰਨ ਦੀ ਰਿਪੋਰਟ ਹੈ। ਰਵੀ ਚੌਧਰੀ ਦੇ ਸਮਰਥਨ ਵਿਚ 65 ਤੇ ਵਿਰੁੱਧ 29 ਵੋਟਾਂ ਪਈਆਂ। ਉਹ ਪਹਿਲਾ ਭਾਰਤੀ ਹੈ ਜੋ ਪੈਂਟਾਗਨ ਵਿਚ ਇਸ ਚੋਟੀ ਦੇ ਸਿਵਲੀਅਨ ਅਹੁੱਦੇ ਉਪਰ ਪੁੱਜਾ ਹੈ। ਚੌਧਰੀ ਦੀ ਨਾਮਜ਼ਦਗੀ ਦਾ ਅਮਰੀਕੀ ਸੈਨੇਟਰ ਡੈਮੋਕਰੈਟਿਕ ਆਗੂ ਬੀਬੀ ਐਮੀ ਕੋਲਬਚਰ ਨੇ ਸਮਰਥਨ ਕੀਤਾ ਹੈ ਜਿਸ ਨੇ ਜਾਰੀ ਇਕ ਬਿਆਨ ਵਿਚ ਚੌਧਰੀ ਨੂੰ ਇਸ ਪ੍ਰਾਪਤੀ ਉਪਰ ਵਧਾਈ ਦਿੱਤੀ ਹੈ ਤੇ ਕਿਹਾ ਹੈ ਕਿ ਚੌਧਰੀ ਕੋਲ ਇਸ ਅਹਿਮ ਅਹੁੱਦੇ ਲਈ ਲੋੜੀਂਦੀ ਯੋਗਤਾ ਤੇ ਤਜ਼ਰਬਾ ਹੈ।

## ਅਮਰੀਕੀ ਸੈਨੇਟ ਨੇ ਪਾਸ ਮਤੇ ਵਿਚ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਟੁੱਟ ਹਿੱਸਾ ਕਰਾਰ ਦਿੱਤਾ, ਚੀਨ ਦੇ ਹਮਲਾਵਰ ਰੁਖ ਦੀ ਨਿੰਦਾ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕੀ ਸੈਨੇਟ ਨੇ ਇਕ ਮਤਾ ਪਾਸ ਕੀਤਾ ਹੈ ਜਿਸ ਵਿਚ ਇਕ ਵਾਰ ਫਿਰ ਪੁਸ਼ਟੀ ਕੀਤੀ ਗਈ ਹੈ ਕਿ ਅਰਨਾਚਲ ਪ੍ਰਦੇਸ਼ ਰਾਜ ਭਾਰਤ ਦਾ ਅਟੁੱਟ ਹਿੱਸਾ ਹੈ। ਇਹ ਮਤਾ ਸੈਨੇਟਰ ਬਿਲ ਹੇਗਰਟੀ ਤੇ ਜੈਫ ਮਰਕਲੇ ਵੱਲੋਂ ਪੇਸ਼ ਕੀਤਾ ਗਿਆ ਸੀ। ਪਿਛਲੇ 6 ਸਾਲਾਂ ਦੌਰਾਨ ਅਸਲ ਨਿਯੰਤਰਣ ਰੇਖਾ ਨੇੜੇ ਪੂਰਬੀ ਸੈਕਟਰ ਵਿਚ ਭਾਰਤ ਤੇ ਵਿਚਾਲੇ ਵੱਡੀਆਂ ਝੜਪਾਂ ਹੋ ਚੁੱਕੀਆਂ ਹਨ।

ਚੀਨ ਉਪਰ ਇਹ ਵੀ ਦੋਸ਼ ਲਾਇਆ ਜਾਂਦਾ ਹੈ ਕਿ ਉਸ ਨੇ ਹੌਲੀ ਹੌਲੀ ਅਰੁਣਾਚਲ ਪ੍ਰਦੇਸ਼ ਦੇ ਕਾਫੀ ਖੇਤਰ ਉਪਰ ਨਜਾਇਜ਼ ਕਬਜ਼ਾ ਕਰ ਲਿਆ ਹੈ। ਮਤਾ ਪਾਸ ਹੋਣ 'ਤੇ ਸੈਨੇਟਰ ਹੇਗਰਟੀ ਨੇ ਕਿਹਾ ਹੈ ਕਿ ਇਸ ਸਮੇ ਜਦੋਂ ਚੀਨ ਭਾਰਤੀ ਪ੍ਰਸ਼ਾਂਤ ਮਹਾਸਾਗਰ ਖਿੱਤੇ ਦੀ ਆਜ਼ਾਦ ਹੋਂਦ ਲਈ ਖਤਰਾ ਬਣਿਆ ਹੋਇਆ ਹੈ ਤਾਂ ਇਹ ਅਹਿਮ ਹੋ ਜਾਂਦਾ ਹੈ ਕਿ ਖਿੱਤੇ ਵਿਚ ਅਮਰੀਕਾ ਆਪਣੇ ਰਣਨੀਤਿਕ ਭਾਈਵਾਲਾਂ ਖਾਸ ਕਰਕੇ ਭਾਰਤ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੋਵੇ। ਮਤੇ ਵਿਚ ਸਪਸ਼ਟ ਤੌਰ 'ਤੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਟੁੱਟ ਹਿੱਸਾ ਮੰਨਿਆ ਗਿਆ ਹੈ ਤੇ ਅਸਲ ਨਿਯੰਤਰਣ ਰੇਖਾ ਦੇ ਨਾਲ ਮੌਜੂਦਾ ਸਥਿੱਤੀ ਬਦਲਣ ਦੇ ਮਕਸਦ ਨਾਲ ਚੀਨ ਵੱਲੋਂ ਕੀਤੀਆਂ ਜਾਂਦੀਆਂ ਫੌਜੀ ਕਾਰਵਾਈਆਂ ਦੀ ਨਿੰਦਾ ਕੀਤੀ ਗਈ ਹੈ। ਮਤੇ ਵਿਚ ਭਾਰਤ ਨਾਲ ਰਣਨੀਤਿਕ ਭਾਈਵਾਲੀ ਹੋਰ ਮਜਬੂਤ ਬਣਾਉਣ ਉਪਰ ਵੀ ਜੋਰ ਦਿੱਤਾ ਗਿਆ ਹੈ।

## ਅਮਰੀਕਾ ਵਿਚ ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ ਹਸਪਤਾਲ ਦੇ 3 ਮੁਲਾਜ਼ਮ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਕੇਂਦਰੀ ਵਰਜੀਨੀਆ ਵਿਚ ਇਰਵੋ ਓਟੀਨੋ (28) ਨਾਮੀ ਇਕ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਹਸਪਤਾਲ ਦੇ 3 ਮੁਲਾਜ਼ਮਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਖ਼ਬਰ ਹੈ। ਸਟੇਟ ਮੈਂਟਲ ਹੈਲਥ ਫੈਸਿਲਟੀ ਜਿਥੇ ਪਿਛਲੇ ਹਫ਼ਤੇ ਓਟੀਨੋ ਦੀ ਮੌਤ ਹੋਈ ਸੀ, ਦੇ ਗ੍ਰਿਫ਼ਤਾਰ ਕੀਤੇ ਮੁਲਾਜ਼ਮਾਂ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਡਿਨਵਿਡੀ ਕਾਊਂਟੀ ਵਾਸਤੇ ਕਾਮਨਵੈਲਥ ਅਟਾਰਨੀ ਦੇ ਦਫ਼ਤਰ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਇਸ ਮਾਮਲੇ ਵਿਚ ਇਕ ਦਿਨ ਪਹਿਲਾਂ 7 ਸਹਾਇਕ ਪੁਲਿਸ ਅਫਸਰਾਂ ਵਿਰੁੱਧ ਦੂਸਰਾ ਦਰਜ ਕਤਲ ਦੇ ਦੋਸ਼ ਆਇਦ ਕਰਕੇ ਉਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰ ਕੀਤੇ 7 ਡਿਪਟੀਆਂ ਉਪਰ ਦੋਸ਼ ਲਾਏ ਗਏ ਹਨ ਕਿ ਉਨਾਂ ਨੇ ਓਟੀਨੋ ਨੂੰ 12 ਮਿੰਟ ਤੱਕ ਜ਼ਮੀਨ ਉਪਰ ਨੱਪੀ ਰਖਿਆ ਜਿਸ ਦੇ ਸਿੱਟੇ ਵਜੋਂ ਸਾਹ ਘੁਟਣ ਕਾਰਨ ਉਸ ਦੀ ਮੌਤ ਹੋਈ।

## ਅਮਰੀਕਾ ਵਿਚ ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ 7 ਸਹਾਇਕ ਪੁਲਿਸ ਅਧਿਕਾਰੀ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਕੇਂਦਰੀ ਵਰਜੀਨੀਆ ਵਿਚ ਇਕ ਕਾਲੇ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਦੇ ਮਾਮਲੇ ਵਿਚ 7 ਸਹਾਇਕ ਪੁਲਿਸ ਅਧਿਕਾਰੀਆਂ ਵਿਰੁੱਧ ਦੂਸਰਾ ਦਰਜਾ ਕਤਲ ਦੇ ਦੋਸ਼ ਆਇਦ ਕਰਨ ਉਪਰੰਤ ਉਨਾਂ



ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸਤਗਾਸਾ ਪੱਖ ਅਨੁਸਾਰ 28 ਸਾਲਾ ਇਰਵੋ ਓਟੀਨੋ ਦੀ ਮੌਤ ਸਾਹ ਘੁੱਟਣ ਕਾਰਨ ਹੋਈ ਸੀ। ਡਿਨਵਿਡੀ ਕਾਊਂਟੀ ਕਾਮਨਵੈਲਥ ਦੇ ਅਟਾਰਨੀ ਐਨ ਕੇਬਲ ਬਾਸਕਰਵਿਲ ਅਨੁਸਾਰ ਓਟੀਨੋ ਦੀ ਮੌਤ 6 ਮਾਰਚ ਨੂੰ ਉਸ ਵੇਲੇ ਹੋਈ ਸੀ ਜਦੋਂ ਉਸ ਨੂੰ ਹੇਨਰੀਕੋ ਕਾਊਂਟੀ ਜੇਲ ਤੋਂ ਸਟੇਟ ਮੈਂਟਲ ਹੈਲਥ ਕੇਂਦਰ ਵਿਚ ਤਬਦੀਲ ਕੀਤਾ ਗਿਆ ਸੀ। ਬਾਸਕਰਵਿਲ ਨੇ ਅਦਾਲਤ ਵਿਚ ਕਿਹਾ ਕਿ ਓਟੀਨੋ ਦੇ ਹੱਥਕੜੀ ਲੱਗੀ ਹੋਈ ਸੀ ਤੇ ਲੱਤਾਂ ਨੂੰ ਬੇੜੀਆਂ ਪਾਈਆਂ ਹੋਈਆਂ ਸਨ ਜਿਸ ਸਮੇ ਉਸ ਨੂੰ 7 ਡਿਪਟੀਆਂ ਨੇ 12 ਮਿੰਟ ਤੱਕ ਜ਼ਮੀਨ ਉਪਰ ਨੱਪੀ ਰਖਿਆ। ਉਸ ਦੀ ਮੌਤ ਸਾਹ ਘੁੱਟਣ ਕਾਰਨ ਹੋਈ। ਉਸ ਨੇ ਕਿਹਾ ਕਿ ਇਹ ਸਾਰੀ ਘਟਨਾ ਵੀਡੀਓ ਵਿਚ ਕੈਦ ਹੈ। ਬਾਸਕਰਵਿਲ ਵੱਲੋਂ ਜਾਰੀ ਬਿਆਨ ਅਨੁਸਾਰ ਜਿਨਾਂ 7 ਡਿਪਟੀਆਂ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ ਉਨਾਂ ਵਿਚ ਰੈਂਡੀ ਜੋਸਫ ਬਾਇਰ (57), ਡਵੇਨੇ ਐਲਨ ਬਰੰਬਲ (37), ਜਰਮੇਨੇ ਲਾਵਰ ਬਰਾਂਚ (45),ਬਰੈਡਲੀ ਥਾਮਸ ਡਿਸੀ (43), ਤਬੀਤਾ ਰੇਨੀ ਲੈਵਰ (50) ਬਰੈਨਡਨ ਐਡਵਰਡਜ਼ ਰੋਜਰਜ (48) ਤੇ ਕੇਯੈਲ ਡਜੋਰ ਸੈਂਡਰਜ (30) ਸ਼ਾਮਿਲ ਹਨ।

## ਫਲੋਰਿਡਾ ਵਿਚ ਹੱਤਿਆ ਦੇ ਮਾਮਲੇ ਵਿੱਚ ਮ੍ਰਿਤਕ ਦੀ ਸਾਬਕਾ ਪਤਨੀ ਦਾ ਪਤੀ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਜੈਕਸਨਵਿਲੇ ਬੀਚ, ਫਲੋਰਿਡਾ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਇਕ ਸਾਲ ਤੋਂ ਵਧ ਸਮਾਂ ਪਹਿਲਾਂ ਮਾਈਕਰੋ ਸਾਫਟ ਸੀਨੀਅਰ ਡਿਜ਼ਾਈਨ ਮੈਨੇਜਰ 33 ਸਾਲਾ ਏਰਡ ਬਰਾਈਡਗਨ ਦੀ ਹੋਈ ਹੱਤਿਆ ਦਾ ਮਾਮਲਾ ਹੱਲ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਬਰਾਈਡਗਨ ਦੀ ਸਾਬਕਾ ਪਤਨੀ ਦੇ ਪਤੀ ਮਾਰੀਓ ਫਰਨਾਂਡੇਜ਼ ਸਲਡਾਨਾ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਅਨੁਸਾਰ ਬਰਾਈਡਗਨ ਦੀ ਫਰਵਰੀ 2022 ਵਿਚ ਯੋਜਨਾਬੱਧ ਢੰਗ ਨਾਲ ਉਸ ਵੇਲੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਉਹ ਕਾਰ ਵਿਚ ਪਿਛਲੀ ਸੀਟ ਉਪਰ ਬੈਠੀ ਆਪਣੀ 2 ਸਾਲਾ ਧੀ ਨਾਲ ਘਰ ਜਾ ਰਿਹਾ ਸੀ। ਇਸ ਘਟਨਾ ਵਿਚ ਬੱਚੀ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਸੀ ਤੇ ਉਹ ਕਾਰ ਵਿਚ ਸਹੀ ਸਲਾਮਤ ਹਾਲਤ ਵਿਚ ਮਿਲੀ ਸੀ। ਸਲਡਾਨਾ ਨੂੰ ਓਰਲੈਂਡੋ ਵਿਚ ਗ੍ਰਿਫ਼ਤਾਰ ਕੀਤਾ ਗਿਆ ਤੇ ਉਸ ਨੂੰ ਜੈਕਸਨਵਿਲੇ ਭੇਜਿਆ ਜਾਵੇਗਾ। ਉਸ ਵਿਰੁੱਧ ਪਹਿਲਾ ਦਰਜਾ ਹੱਤਿਆ ਤੇ ਹੱਤਿਆ ਲਈ ਸਾਜਿਸ਼ ਰਚਣ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ।



## ਅਮਰੀਕਾ ਵਿਚ ਹਥਿਆਰਬੰਦ ਲੁੱਟਮਾਰ ਦੇ ਦੋਸ਼ ਵਿੱਚ 34 ਸਾਲ ਤੋਂ ਜੇਲ ਵਿਚ ਬੰਦ ਵਿਅਕਤੀ ਦੋਸ਼ ਮੁਕਤ ਕਰਾਰ, ਮਿਲੀ ਰਿਹਾਈ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਵਿਅਕਤੀ ਨੂੰ ਹਥਿਆਰਬੰਦ ਲੁੱਟਮਾਰ ਦੇ ਮਾਮਲੇ ਵਿਚ 34 ਸਾਲ ਤੋਂ ਵਧ ਸਮਾਂ ਜੇਲ ਕੱਟਣ ਉਪਰੰਤ ਦੋਸ਼ ਮੁਕਤ ਕਰਾਰ ਦੇਣ ਦੀ ਖ਼ਬਰ ਹੈ। ਸਿਡਨੀ ਹੋਲਮਸ ਨਾਮੀ ਵਿਅਕਤੀ ਜੋ ਹੁਣ 57 ਸਾਲ ਦਾ ਹੋ ਚੁੱਕਾ ਹੈ, ਨੂੰ ਫਲੋਰਿਡਾ ਦੀ ਜੇਲ ਵਿਚੋਂ ਰਿਹਾਅ ਕਰ ਦਿੱਤਾ ਗਿਆ ਹੈ। ਇਨੋਸੈਂਸ ਪ੍ਰਾਜੈਕਟ ਫਲੋਰਿਡਾ ਜਿਸ ਨੇ ਮਾਮਲੇ ਦੀ ਜਾਂਚ ਕੀਤੀ ਤੇ ਉਸ ਨੂੰ ਦੋਸ਼ ਮੁਕਤ ਕਰਾਰ ਦਿੱਤਾ, ਵੱਲੋਂ ਜਾਰੀ ਬਿਆਨ ਅਨੁਸਾਰ ਹੋਲਮਸ ਨੇ ਰਿਹਾਈ ਦੀ ਖਬਰ ਮਿਲਣ 'ਤੇ ਕਿਹਾ ਕਿ ਉਸ ਨੇ ਕਦੀ ਵੀ ਆਸ ਨਹੀਂ ਛੱਡੀ ਸੀ ਤੇ ਉਹ ਸਮਝਦਾ ਸੀ ਕਿ ਇਕ ਦਿਨ ਆਵੇਗਾ ਜਦੋਂ ਉਸ ਨਾਲ ਨਿਆਂ ਹੋਵੇਗਾ। ਹੋਲਮਸ ਨੂੰ ਅਕਤੂਬਰ 1988 ਵਿਚ ਇਕ ਸਟੋਰ ਦੇ ਬਾਹਰ ਹਥਿਆਰਾਂ ਦੀ ਨੋਕ 'ਤੇ ਲੁੱਟਮਾਰ ਕਰਨ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਅਪ੍ਰੈਲ 1989 ਵਿਚ ਉਸ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤੇ ਇਸ ਤੋਂ ਅਗਲੇ ਮਹੀਨੇ ਉਸ ਨੂੰ ਉਮਰ ਭਰ ਜੇਲ ਦੀ ਸਜਾ ਸੁਣਾਈ ਗਈ ਸੀ।




'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥



# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

## 646 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਯੋਗ ਨਾਲ

# ਦੂਜਾ ਮਹਾਨ ਨਗਰ ਕੀਰਤਨ

## ਮਿਤੀ 9 ਅਪ੍ਰੈਲ ਦਿਨ ਐਤਵਾਰ 2023 ਸਵੇਰੇ 11 ਵਜੇ ਤੋਂ 4 ਵਜੇ ਤੱਕ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 13 ਮਾਰਚ ਦਿਨ ਸੋਮਵਾਰ 2023 ਤੋਂ 9 ਅਪ੍ਰੈਲ ਦਿਨ ਐਤਵਾਰ 2023 ਤੱਕ
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 9 ਅਪ੍ਰੈਲ 2023, 9 ਵਜੇ, ਉਪਰੰਤ 11 ਵਜੇ ਨਗਰ ਕੀਤਰਨ ਦੀ ਆਰੰਭਤਾ ਹੋਵੇਗੀ

## ਨਿਸ਼ਾਨ ਸਾਹਿਬ ਜੀ ਦੀ ਸੇਵਾ 8 ਅਪ੍ਰੈਲ ਦਿਨ ਸ਼ਨੀਵਾਰ 2023 ਸ਼ਾਮ 4 ਵਜੇ

### ਪੁਜ ਰਹੇ ਕੀਰਤਨੀ ਜੱਥੇ

ਭਾਈ ਸਰਬਜੀਤ ਸਿੰਘ ਜੀ ਰੰਗੀਲਾ (ਡੂਰਗ ਵਾਲੇ) ਭਾਈ ਅਮਰਜੀਤ ਸਿੰਘ ਜੀ ਤਾਨ
ਢਾਡੀ ਜੱਥਾ ਭਾਈ ਗੁਰਨਾਮ ਸਿੰਘ ਜੀ ਭੰਡਾਲ ਭਾਈ ਗੁਰਦਿਆਲ ਸਿੰਘ ਜੀ (ਹਜ਼ੂਰੀ ਰਾਗੀ ਜੱਥਾ)

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ।**

ਸ਼ਿਗਾਰਾ ਸਿੰਘ ਰੱਲ (ਪ੍ਰਧਾਨ) 530 713 1823 / ਗੁਰਨਾਮ ਸਿੰਘ ਭੰਡਾਲ (ਚੈਅਰਮੈਨ) 530 218 4468

ਦਲਵਿੰਦਰ ਰੱਲ ਵਾਇਸ ਸੱਕਤਰ 530 933 3938

**ਹੈਡ ਗ੍ਰੰਥੀ**

ਭਾਈ ਗੁਰਦਿਆਲ ਸਿੰਘ-530 441 4165

**ਗੁਰੂਘਰ ਦਾ ਫੋਨ ਨੰਬਰ:**

530 674 2564

# SHRI GURU RAVIDASS TEMPLE

## 1480 HAYNE AVE YUBA CITY, CA 95993

# ਫਰਿਜ਼ਨੋ ਵਿਖੇ ਮਨਾਏ ਇੰਟਰਨੈਸ਼ਨਲ ਵੂਮਨਜ਼ ਡੇਅ 'ਤੇ ਵਿਸ਼ੇਸ਼







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ)**

ਔਰਤ ਸੰਸਰ ਦੀ ਜਣਨੀ ਹੈ, ਔਰਤ ਬਿਨਾਂ ਸੰਸਾਰ ਦੀ ਉਤਪੱਤੀ ਸੰਭਵ ਨਹੀਂ ਹੋ ਸਕਦੀ। ਅੱਜ ਬੇਸ਼ੱਕ ਦੁਨੀਆਂ ਨੇ ਮੰਗਲ ਗ੍ਰਹਿ ਤੇ ਪਹੁੰਚ ਬਣਾ ਲਈ ਹੈ, ਲੇਕਿਨ ਅੱਜ ਵੀ ਬਹੁਤ ਸਾਰੀਆਂ ਔਰਤਾਂ ਨੂੰ ਉਹ ਮਾਨ ਸਨਮਾਨ ਨਹੀਂ ਮਿਲ ਰਿਹਾ ਜੋ ਮਿਲਣਾ ਚਾਹੀਦਾ ਹੈ। ਔਰਤਾਂ ਨੂੰ ਆਪਣੇ ਹੱਕਾਂ ਲਈ ਜਾਗੁਰਕ ਕਰਨ ਲਈ ਹਰ ਸਾਲ ਦੁਨੀਆਂ ਪੱਧਰ ਤੇ ਇੰਟਰਨੈਸ਼ਨਲ ਵੂਮਨਜ਼ ਡੇਅ ਮਨਾਇਆ ਜਾਂਦਾ ਹੈ, ਇਸੇ ਕੜੀ ਤਹਿਤ ਸਿੱਖ ਵੋਮਿਨਜ਼ ਆਰਗੇਨਾਈਜੇਸ਼ਨ ਆਫ ਸੈਂਟਰਲ ਕੈਲੀਫੋਰਨੀਆਂ ਦੀਆਂ ਕਾਰਕੁੰਨ ਗੁੱਡੀ ਰਾਣੋ, ਤਜਿੰਦਰ ਪੁਰੇਵਾਲ, ਪੂਨਮ ਸਿੰਘ, ਅਮਨਦੀਪ ਮਠਾੜੂ, ਜਗਜੀਤ ਬਰਾੜ, ਪਰਮਿੰਦਰ ਗਰੇਵਾਲ ਆਦਿ ਨੇ ਉੱਦਮ ਕਰਕੇ ਫਰਿਜ਼ਨੋ ਦੇ ਇਲੀਟ ਈਵੈਂਟ ਸੈਂਟਰ ਵਿਖੇ ਇਸ ਦਿਨ ਇਕੱਤਰਤਾ ਕਰਕੇ "ਜ਼ਿੰਦਗੀ ਵਿੱਚ ਆਉਂਦੀਆਂ ਰੁਕਾਵਟਾਂ ਨੂੰ ਪਾਸੇ ਕਰਕੇ ਕਿਵੇਂ ਅੱਗੇ ਵਧਿਆ ਜਾਵੇ" ਵਿਸ਼ੇ ਤੇ ਵਿਸ਼ੇਸ਼ ਸੈਮੀਨਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਸਪੀਕਰ ਦੇ ਤੌਰ ਤੇ ਡਾ. ਜੈਪ੍ਰੀਤ ਵਿਰਦੀ ਜਿਹੜੇ ਕਿ ਡੈਲਾਵੇਅਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਨੇ, ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਉਹਨਾਂ ਜ਼ਿੰਦਗੀ ਵਿੱਚ ਆਉਂਦੀਆਂ ਰੁਕਾਵਟਾਂ ਨੂੰ ਪਾਰ ਕਰਕੇ ਕਿਵੇਂ ਅੱਗੇ ਵਧਣਾ ਹੈ, ਵਿਸ਼ੇ ਤੇ ਵਿਸਥਾਰ ਵਿੱਚ ਗੱਲਬਾਤ ਕੀਤੀ। ਉਹ ਖ਼ੁੱਦ ਚਾਰ ਸਾਲ ਦੀ ਉਮਰ ਵਿੱਚ ਬੋਲ਼ੇ (ਡਿੱਫ) ਹੋ ਗਏ ਸਨ, ਪਰ ਉਹਨਾਂ ਨੇ ਇਸ ਮੁਸ਼ਕਲ ਨੂੰ ਕਮਜ਼ੋਰੀ ਨਹੀਂ ਬਣਾਇਆ ਸਗੋਂ ਇਸ ਮੁਸੀਬਤ ਨੂੰ ਤਕੜੇ ਹੋਕੇ ਨਜਿੱਠਿਆ, ਅਤੇ ਅੱਜ ਆਪਣਾ ਸਫਲ ਜੀਵਨ ਬਤੀਤ ਕਰ ਰਹੇ ਹਨ। ਉਹਨਾਂ ਕਿਹਾ ਕਿ ਜ਼ਿੰਦਗੀ ਸੰਘਰਸ਼ ਦਾ ਨਾਮ ਹੈ, ਅਤੇ ਇਹ ਸੰਘਰਸ਼ ਅਸੀਂ ਹਰ ਹਾਲ ਜਿੱਤਣਾ ਹੁੰਦਾ ਹੈ, ਜ਼ਿੰਦਗੀ ਵਿੱਚ ਕਦੇ ਵੀ ਚਣੌਤੀਆਂ ਨੂੰ ਹਾਵੀ ਨਹੀਂ ਹੋਣ ਦੇਣਾ ਚਾਹੀਦਾ, ਸਗੋਂ ਇਹਨਾਂ ਨੂੰ ਇੱਕ ਚੈਲੰਜ ਸਮਝਕੇ ਟੱਕਰਨਾ ਚਾਹੀਦਾ ਹੈ, ਅਤੇ ਜੋ ਮੁਸੀਬਤਾ ਅੱਗੇ ਹਿੱਕ ਡਾਹਕੇ ਖੜ ਜਾਂਦੇ ਨੇ, ਉਹ ਵੱਡੀਆਂ ਤੋ ਵੱਡੀਆਂ ਰੁਕਾਵਟਾਂ ਨੂੰ ਸੌਖਿਆਂ ਪਾਰ ਕਰ ਜਾਂਦੇ ਨੇ। ਇਸ ਮੌਕੇ ਡਾ. ਜੈਪ੍ਰੀਤ ਵਿਰਦੀ ਨੂੰ ਸਨਮਾਨ ਵੀ ਦਿੱਤਾ ਗਿਆ।ਸਮੂੰਹ ਬੋਰਡ ਮੈਂਬਰਾਂ ਨੇ ਡਾ. ਜੈਪ੍ਰੀਤ ਵਿਰਦੀ ਦਾ ਸ਼ੁਕਰੀਆ ਅਦਾ ਕਰਨ ਦੇ ਨਾਲ ਨਾਲ, ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ, ਅਤੇ ਕਿਹਾ ਕਿ ਅਸੀਂ ਅੱਗੋਂ ਤੋਂ ਵੀ ਇਸ ਤਰਾਂ ਦੇ ਪ੍ਰੋਗਰਾਮ ਉਲੀਕਦੇ ਰਹਾਂਗੇ। ਇਸ ਮੌਕੇ ਮਹਿਮਾਨਾਂ ਨੇ ਡਾ. ਜੈਪ੍ਰੀਤ ਨੂੰ ਸਵਾਲ ਵੀ ਕੀਤੇ ਜਿੰਨ੍ਹਾਂ ਦੇ ਉਹਨਾਂ ਨੇ ਬਹੁਤ ਸੁਚੱਜੇ ਢੰਗ ਨਾਲ ਉੱਤਰ ਦਿੱਤੇ। ਇਸ ਮੌਕੇ ਸਿੱਖ ਵੋਮਿਨਜ਼ ਆਰਗੇਨਾਈਜੇਸ਼ਨ ਆਫ ਸੈਂਟਰਲ ਕੈਲੀਫੋਰਨੀਆਂ ਵੱਲੋ ਵਿਸ਼ੇਸ਼ ਲੰਚ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਮਾਗਮ ਦੀ ਹਰਕੋਈ ਤਰੀਫ਼ ਕਰਦਾ ਨਜ਼ਰ ਆਇਆ। ਇਸ ਮੌਕੇ ਰੈਫ਼ਲ ਵੀ ਕੱਢੇ ਗਏ। ਪੂਰੇ ਸਮਾਗਮ ਦੀ ਫੋਟਗ੍ਰਾਫੀ Kapture by Kamal ਵੱਲੋਂ ਬਾਖ਼ੂਬੀ ਕੀਤੀ ਗਈ। ਅੰਤ ਅਮਿੱਟ ਪੈੜ੍ਹਾ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਵੱਲੋਂ ਗੁਰਦੁਆਰਾ ਨਾਨਕਸਰ ਚੈਰੀ ਫਰਿਜ਼ਨੋ ਦਾ ਵਿਸ਼ੇਸ਼ ਸਨਮਾਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ)**



ਸੈਂਟਰਲ ਵੈਲੀ ਕੈਲੇਫੋਰਨੀਆਂ ਦੇ ਗੁਰਦੁਆਰਿਆ ਵਿੱਚ ਯੋਗ ਪ੍ਰਬੰਧਾ ਅਤੇ ਸੇਵਾਵਾ ਨੂੰ ਉਚਿਤ ਬਣਾਉਣ ਲਈ "ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਪਿਛਲੇ ਲੰਮੇ ਅਰਸੇ ਤੋਂ ਸੇਵਾਵਾ ਨਿਭਾ ਰਹੀ ਹੈ। ਇਹ ਸੰਸਥਾ ਸੈਂਟਰਲ ਵੈਲੀ ਕੈਲੇਫੋਰਨੀਆਂ ਦੇ ਸਮੂੰਹ ਗੁਰੂਘਰਾ ਦੇ ਪ੍ਰਬੰਧ ਅਤੇ ਆਪਸੀ ਤਾਲਮੇਲ ਬਣਾਉਣ ਤੋਂ ਇਲਾਵਾ ਇਕ-ਦੂਜੇ ਲਈ ਵੱਡੇ ਸਮਾਗਮਾਂ ਦੌਰਾਨ ਸਹਿਯੋਗ ਕਰਨ ਵਿੱਚ ਮਦਦ ਕਰਦੀ ਹੈ। ਹੁਣ ਸੰਸਥਾ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਸੈਂਟਰਲ ਵੈਲੀ ਦੇ ਸਮੂੰਹ ਗੁਰੂਘਰਾ ਦੀਆਂ ਕਮੇਟੀਆਂ ਨੂੰ ਸੰਸਥਾ ਦੇ ਮੈਂਬਰ ਬਣ ਸੇਵਾਵਾ ਨਿਭਾਉਣ ਕਰਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਸੰਤ ਬਾਬਾ ਨੰਦ ਸਿੰਘ ਜੀ ਨਾਨਕਸ਼ਰ ਕਲੇਰਾਂ ਵਾਲਿਆਂ ਦੀ ਮਰਿਯਾਦਾ ਅਨੁਸਾਰ ਚਲਾਏ ਜਾ ਰਹੇ "ਗੁਰਦੁਆਰਾ ਨਾਨਕਸਰ" ਚੈਰੀ ਐਵਨਿਊ ਫਰਿਜ਼ਨੋ ਵਿੱਚ ਇਕ ਵਿਸ਼ੇਸ਼ ਸਮਾਗਮ ਦੌਰਾਨ ਗੁਰੂਘਰ ਦੀ ਕਮੇਟੀ ਨੂੰ ਸਿੱਖ ਕੌਸ਼ਲ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਿੱਖ ਕੌਸ਼ਲ ਵੱਲੋਂ ਸ. ਸੁਖਦੇਵ ਸਿੰਘ ਚੀਮਾ, ਨਾਨਕਸਰ ਗੁਰੂਘਰ ਦੇ ਬੁਲਾਰੇ ਭਾਈ ਹਰਭਜਨ ਸਿੰਘ ਅਤੇ ਹੋਰ ਹਾਜ਼ਰ ਬੁਲਾਰਿਆਂ ਨੇ ਬੋਲਦੇ ਹੋਏ ਸੰਗਤਾਂ ਨਾਲ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਗੁਰੂਘਰ ਦੀ ਪ੍ਰਬੰਧਕ ਕਮੇਟੀ, ਸਿੱਖ ਕੌਸ਼ਲ ਦੇ ਮੈਂਬਰ ਅਤੇ ਸੰਗਤਾਂ ਮੌਜੂਦ ਸਨ।




ਦੇਸ਼ ਦੁਆਬਾ

## ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ

# ਤਿੰਨ ਬਲੀਆਂ

**ਡਾ. ਭੀਮ ਰਾਓ ਅੰਬੇਦਕਰ**



ਹੱਥਲਾ ਲੇਖ ਡਾ. ਭੀਮ ਰਾਓ ਅੰਬੇਦਕਰ ਦੀ ਸੰਪਾਦਨਾ ਹੇਠ ਨਿਕਲਣ ਵਾਲੇ ਅਖ਼ਬਾਰ 'ਜਨਤਾ' (ਦਾ ਪੀਪਲ) ਦੇ 13 ਅਪ੍ਰੈਲ 1931 ਸੋਮਵਾਰ ਵਾਲੇ ਅੰਕ 'ਚੋਂ ਲਿਆ ਗਿਆ ਹੈ। ਡਾ. ਭੀਮ ਰਾਓ ਅੰਬੇਦਕਰ ਨੇ ਪਹਿਲਾਂ 'ਮੂਕ ਨਾਇਕ' ਬਹਿਸ਼ਕਰਿਤ ਭਾਰਤ', 'ਸਮਤਾ' ਨਾਮੀ ਅਖ਼ਬਾਰਾਂ/ ਪਰਚਿਆਂ ਦੀ ਸੰਪਾਦਨਾ ਕੀਤੀ ਸੀ ਅਤੇ ਫਿਰ 24 ਨਵੰਬਰ 1930 ਨੂੰ 'ਜਨਤਾ' ਨਾਂ ਹੇਠ ਪਹਿਲਾ ਪੰਦਰਵਾੜਾ ਪਰਚਾ ਜਾਰੀ ਕੀਤਾ ਸੀ। ਉਪਰੋਕਤ ਪਰਚੇ ਸਾਰੇ ਮਰਾਠੀ ਭਾਸ਼ਾਈ ਹੀ ਸਨ। 'ਜਨਤਾ' ਦੇ 22 ਅੰਕ ਲਗਾਤਾਰ ਨਿਕਲੇ, ਫਿਰ ਅੰਕ 23-24 ਸੰਯੁਕਤ ਅੰਕ ਦੇ ਰੂਪ ਵਿਚ ਨਿਕਲਿਆ ਅਤੇ ਪਿੱਛੋਂ ਸਪਤਾਹਿਕ ਹੋ ਗਿਆ। 'ਤਿੰਨ ਬਲੀ' ਨਾਮੀ ਸੰਪਾਦਕੀ ਲਿਖਤ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹਾਦਤਾਂ ਉੱਤੇ ਇਕ ਰਾਜਸੀ ਟਿੱਪਣੀ ਵਜੋਂ ਲਿਖਿਆ ਗਿਆ ਸੀ। ਮਰਾਠੀ 'ਚ ਲਿਖੇ ਇਸ ਲੇਖ ਨੂੰ ਲੰਮਾ ਸਮਾਂ ਗੌਲਿਆ ਨਾ ਜਾਣਾ ਇਕ ਚਿੰਤਾ ਦਾ ਵਿਸ਼ਾ ਹੈ ਪਰ ਇਹ ਲੇਖ ਡਾ. ਅੰਬੇਡਕਰ ਦੀ ਭਾਰਤੀ ਇਨਕਲਾਬੀਆਂ ਪ੍ਰਤੀ ਦ੍ਰਿਸ਼ਟੀ ਵਿਚਲੀ ਸਾਂਝ ਨੂੰ ਵੀ ਪ੍ਰਗਟ ਕਰਦਾ ਹੈ। ਡਾ. ਅੰਬੇਦਕਰ ਜਿਹੜੇ ਖੁਦ ਇਕ ਕਾਨੂੰਨਦਾਨ ਸਨ, ਨੇ ਨਾ ਸਿਰਫ ਇਸ ਸਜ਼ਾ ਨੂੰ ਰਾਜਨੀਤਿਕ ਫੈਸਲੇ ਦੇ ਤੌਰ 'ਤੇ ਚਿੰਨਿਤ ਕੀਤਾ ਸਗੋਂ ਇਸ ਨੂੰ ਇਕ ਨਿਆਂਇਕ ਢੌਂਗ ਵੀ ਕਿਹਾ ਹੈ। ਮਰਾਠੀ 'ਚ ਲਿਖੇ ਇਸ ਲੇਖ ਦਾ ਅਨੁਵਾਦ ਸਾਡੇ ਇਨਕਲਾਬੀ ਮਿੱਤਰ ਸੁਭਾਸ ਗਾਤਾੜੇ ਨੇ ਹਿੰਦੀ ਵਿਚ ਕੀਤਾ, ਜਿਸ ਦਾ ਪੰਜਾਬੀ ਅਨੁਵਾਦ ਅਸੀਂ ਪਾਠਕਾਂ ਸਾਹਮਣੇ ਰੱਖ ਰਹੇ ਹਾਂ।

ਮਰਾਠੀ 'ਚ 'ਤਿੰਨ ਬਲੀ' ਸ਼ਬਦ ਵਰਤਿਆ ਹੈ, ਹਿੰਦੀ ਦੇ ਇਕ ਹੋਰ ਪਰਚੇ ਨੇ ਇਸਨੂੰ 'ਤਿੰਨ ਸ਼ਿਕਾਰ' ਕਰ ਦਿੱਤਾ ਅਤੇ ਇਕ ਨੇ 'ਤਿੰਨ ਸ਼ਹਾਦਤਾਂ' ਕਰ ਦਿੱਤਾ। ਅਸੀਂ ਮਰਾਠੀ ਦੇ 'ਤਿੰਨ ਬਲੀ' ਨੂੰ ਹੀ 'ਤਿੰਨ ਬਲੀਆਂ' ਕੀਤਾ ਹੈ। ਹਿੰਦੂ ਸੰਸਕ੍ਰਿਤੀ ਦਾ 'ਬਲੀ' ਸ਼ਬਦ ਕੋਈ ਵਿਆਖਿਆ ਨਹੀਂ ਮੰਗਦਾ। ਭਾਵ ਬਲੀ ਲਈ ਜਾਂਦੀ ਹੈ ਜਾਂ ਚਾੜ੍ਹੀ ਜਾਂਦੀ ਹੈ।

**ਅਨੁਵਾਦ ਤੇ ਪੇਸ਼ਕਸ਼- ਨਰਭਿੰਦਰ**

# ਬੇਰੁਜ਼ਗਾਰੀ ਤੇ ਮਹਿੰਗੀ ਪੜ੍ਹਾਈ ਪੰਜਾਬੀ ਨੌਜਵਾਨ ਦੇ ਪ੍ਰਵਾਸ ਦਾ ਕਾਰਨ

**ਬਹਾਦਰ ਸਿੰਘ**

ਵਿਦੇਸ਼ਾਂ ਵਿੱਚ ਜਾਣ ਦਾ ਚਾਅ ਪੰਜਾਬੀ ਮੁੰਡੇ-ਕੁੜੀਆਂ ਵਿੱਚ ਇੰਨਾ ਹੈ ਕਿ ਉਹ ਜ਼ਿੰਦਗੀ ਲਈ ਬਹੁਤ ਹੀ ਅਹਿਮ ਸਿੱਖਿਆ ਨੂੰ ਤਿਰਾਜਲੀ ਦੇਣ ਦੇ ਚੱਕਰ ਵਿੱਚ ਹਨ। ਪੰਜਾਬ ਦੇ ਪਿੰਡਾਂ ਵਿੱਚ ਇਕ ਗੱਲ ਸਾਫ਼ ਦਿਖਾਈ ਦਿੰਦੀ ਹੈ ਕਿ ਹਰ ਘਰ ਵਿਚੋਂ ਪੰਜਾਬੀ ਬੱਚੇ ਬਾਹਰ ਜਾਣ ਦੀ ਤਾਂਘ ਵਿੱਚ ਹਨ। ਉਨ੍ਹਾਂ ਦੇ ਮਾਪੇ ਵੀ ਬੱਚਿਆਂ ਨੂੰ ਬਾਹਰ ਭੇਜਣ ਲਈ ਉਤਾਵਲੇ ਹਨ। ਜਦੋਂ ਮਾਪਿਆਂ ਨਾਲ ਬੱਚਿਆਂ ਦੀ ਪੜ੍ਹਾਈ ਬਾਰੇ ਗੱਲ ਕਰੀਦੀ ਹੈ ਤਾਂ ਉਹ ਇਹੀ ਕਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਨੇ ਤਾਂ ਬਾਹਰ ਹੀ ਜਾਣਾ ਹੈ। ਉਹ ਆਪਣੇ ਬੱਚਿਆਂ ਦੀ ਉੱਚ ਪੜ੍ਹਾਈ ਦੀ ਗੱਲ ਨਹੀਂ ਕਰਦੇ, ਸਗੋਂ ਕਹਿੰਦੇ ਹਨ ਕਿ ਜਦੋਂ ਬਾਹਰ ਹੀ ਜਾਣਾ ਹੈ ਤਾਂ ਬਹੁਤੇ ਪੜ੍ਹਨ ਜਾਂ ਪੜ੍ਹਾਈ ਵਿੱਚ ਵੱਧ ਸਮਾਂ ਲਗਾਉਣ ਦਾ ਕੀ ਲਾਭ ਹੈ। ਉਹ ਇਹ ਦਲੀਲ ਵੀ ਦਿੰਦੇ ਹਨ ਕਿ ਪੜ੍ਹਾਈ ਕਰਨ ਲਈ ਬੱਚਾ ਸਟੱਡੀ ਵੀਜ਼ਾ ਲੈ ਕੇ ਬਾਹਰ ਚਲਾ ਜਾਵੇਗਾ।

ਬਹੁਤ ਸਾਰੇ ਬੁੱਧੀਜੀਵੀ ਕਹਿੰਦੇ ਹਨ ਕਿ ਜਦੋਂ ਸਰਕਾਰਾਂ ਰੁਜ਼ਗਾਰ ਦੇਣ ਵਿੱਚ ਅਸਫ਼ਲ ਹੋਣ ਤਾਂ ਬੱਚਿਆਂ ਨੂੰ ਰੋਜ਼ੀ-ਰੋਟੀ ਲਈ ਬਾਹਰ ਹੀ ਜਾਣਾ ਪੈਣਾ ਹੈ। ਗਰੀਬ ਕਿਸਾਨ ਜਾਂ ਮਜ਼ਦੂਰ ਪਰਿਵਾਰ ਇਹ ਸੋਚ ਕੇ ਵੀ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ ਕਿ ਇੱਥੇ ਵਿਹਲੇ ਫਿਰਨ ਨਾਲੋਂ ਉਨ੍ਹਾਂ ਦੇ ਬੱਚੇ ਬਾਹਰ ਚੰਗੀ ਕਮਾਈ ਕਰ ਸਕਣਗੇ। ਕਈਆਂ ਨੂੰ ਡਾਲਰਾਂ ਦੀ ਚਮਕ-ਦਮਕ ਵੀ ਬੱਚੇ ਬਾਹਰ ਭੇਜਣ ਲਈ ਉਕਸਾਉਂਦੀ ਹੈ। ਉਹ ਇਸ ਗੱਲ ਤੋਂ ਸੱਚੇ ਹਨ ਕਿ ਇੱਥੇ ਡਿਗਰੀਆਂ ਪ੍ਰਾਪਤ ਕਰ ਕੇ ਜੇ ਵਿਹਲੇ ਹੀ ਫਿਰਨਾ ਹੈ ਤਾਂ ਬਾਹਰ ਜਾਣਾ ਹੀ ਚੰਗਾ ਹੈ।



ਇਸ ਲਹਿਰ ਦੇ ਵਿਆਪਕ ਅਸਰ ਸਾਹਮਣੇ ਆ ਰਹੇ ਹਨ। ਪਿੰਡਾਂ ਵਿੱਚ ਬੱਚੇ ਬਾਰ੍ਹਵੀਂ ਤੋਂ ਅੱਗੇ ਪੜ੍ਹਨਾ ਪਸੰਦ ਨਹੀਂ ਕਰ ਰਹੇ, ਜਿਸ ਕਰ ਕੇ ਉਹ ਜਲਦੀ ਤੋਂ ਜਲਦੀ ਆਇਲੈਟ ਪਾਸ ਕਰ ਕੇ ਵਿਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦੇ ਰਹੇ ਹਨ। ਪੰਜਾਬੀ ਮਾਪੇ ਵੀ ਜਾਣ ਗਏ ਹਨ ਕਿ ਬੱਚੇ ਦੇ ਬੀਏ, ਐੱਮਏ ਪਾਸ ਕਰਨ ਦਾ ਕੋਈ ਲਾਭ ਨਹੀਂ ਹੈ, ਸਗੋਂ ਉਸ ਨੂੰ ਆਇਲੈਟ ਕਰਵਾ ਕੇ ਛੇਤੀ ਜਹਾਜ਼ ਚੜ੍ਹਾਇਆ ਜਾਵੇ। ਇਸ ਤਰ੍ਹਾਂ ਬੱਚਿਆਂ ਵਿੱਚ ਕਾਲਜ ਵਿਦਿਆ ਦਾ ਰੁਝਾਨ ਦਿਨ ਪ੍ਰਤੀ ਦਿਨ ਘੱਟਦਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਥਾਂ-ਥਾਂ ਆਇਲੈਟ ਕਰਵਾਉਣ ਵਾਲਿਆਂ ਦੇ ਬੋਰਡ ਲੱਗੇ ਹੋਏ ਹਨ, ਜਿਹੜੇ ਕਿ ਚੰਗੀਆਂ ਫੀਸਾਂ ਲੈ ਰਹੇ ਹਨ। ਬੱਚਿਆਂ ਅਤੇ ਮਾਪਿਆਂ ਨੂੰ ਪਤਾ ਹੈ ਕਿ ਕੇਵਲ ਆਇਲੈਟ ਹੀ ਬਾਹਰ ਜਾਣ ਦਾ ਰਾਹ ਹੈ। ਇਸ ਲਈ ਇੰਗਲਿਸ਼ ਜ਼ਰੂਰੀ ਹੈ। ਇਸ ਤਰ੍ਹਾਂ ਸਕੂਲਾਂ, ਕਾਲਜਾਂ ਵਿੱਚ ਵਿਗਿਆਨ ਪੜ੍ਹਨ ਵਾਲਿਆਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਹੈ ਤੇ ਇਸ ਦੇ ਉਲਟ ਆਇਲੈਟ ਕਰਵਾਉਣ ਵਾਲੇ ਕੋਚਿੰਗ ਸੈਂਟਰ ਵਿੱਚ ਮੁੰਡੇ-ਕੁੜੀਆਂ ਵੀ ਭੀੜ ਵਧਦੀ ਜਾ ਰਹੀ ਹੈ।

ਵਿਦੇਸ਼ਾਂ ਵਿੱਚ ਜਾਣ ਦੇ ਇਸ ਰੁਝਾਨ ਨਾਲ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਖੇਤਰ ਉਤੇ ਵੀ ਬੜਾ ਪ੍ਰਭਾਵਸ਼ਾਲੀ ਅਸਰ ਦੇਖਣ ਨੂੰ ਮਿਲ ਰਿਹਾ ਹੈ। ਪਿੰਡਾਂ ਵਿੱਚ ਲੋਕ ਪੰਦਰਾਂ-ਪੰਦਰਾਂ, ਵੀਹ-ਵੀਹ ਲੱਖ ਰੁਪਏ ਲਗਾ ਕੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ। ਇਸ ਸਾਰੇ ਪੈਸੇ ਦੀ ਕਮੀ ਪੰਜਾਬ ਨੂੰ ਸਹਿਣ ਕਰਨੀ ਪੈਂਦੀ ਹੈ। ਦੂਜੇ ਪਾਸੇ ਬਹੁਤ ਸਾਰੇ ਗਰੀਬ ਕਿਸਾਨ ਜ਼ਮੀਨ ਵੇਚ ਕੇ ਜਾਂ ਬੈਂਕਾਂ ਤੋਂ ਕਰਜ਼ਾ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ। ਇਸੇ ਤਰ੍ਹਾਂ ਸਮਾਜਿਕ ਜੀਵਨ ਵੀ ਪ੍ਰਭਾਵਿਤ ਹੋ ਰਿਹਾ ਹੈ, ਜਿਨ੍ਹਾਂ ਮੁੰਡਿਆਂ ਪਾਸੋਂ ਆਇਲੈਟ ਪਾਸ ਨਹੀਂ ਹੁੰਦੀ ਜਾਂ ਚੰਗੇ ਬੈਂਡ ਨਹੀਂ ਆਉਂਦੇ ਤਾਂ ਉਹ ਆਇਲੈਟ ਪਾਸ ਕੁੜੀਆਂ ਨਾਲ ਵਿਆਹ ਕਰਵਾ ਕੇ ਬਾਹਰ ਜਾਣ ਲਈ ਕਾਹਲੇ ਪੈ ਜਾਂਦੇ ਹਨ ਅਤੇ ਲੜਕੀ ਵਾਲਿਆਂ ਦੀ ਰਜਾਮੰਦੀ ਨਾਲ ਵਿਆਹ 'ਤੇ ਆਪ ਹੀ ਖਰਚਾ ਕਰਦੇ ਹਨ। ਕਈ ਵਾਰ ਤਾਂ ਦੇਖਣ ਵਿੱਚ ਆਇਆ ਹੈ ਕਿ ਗੈਰ ਸੰਵਿਧਾਨਕ ਵਿਆਹ ਰਚਾ ਕੇ ਬਾਹਰ ਜਾਣ ਦੀ ਕਾਹਲ ਵਿੱਚ ਸਮਾਜ ਦੀ ਵੀ ਪ੍ਰਵਾਹ ਨਹੀਂ ਕਰਦੇ। ਨੌਜਵਾਨ ਪੀੜੀ ਤੋਂ ਹੁਣ ਪੰਜਾਬ ਦੇ ਪਿੰਡ ਸੱਖਣੇ ਨਜ਼ਰ ਆ ਰਹੇ ਹਨ। ਉਂਝ ਵੀ ਪਿੰਡਾਂ ਵਿੱਚ ਜੇ ਅਸੀਂ ਨਜ਼ਰ ਮਾਰੀਏ ਤਾਂ ਵੱਡੀਆਂ-ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਉਨ੍ਹਾਂ ਦੇ ਮਾਲਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਕਈ ਹਾਲਾਤਾਂ ਵਿੱਚ ਤਾਂ ਕੇਵਲ ਬਜ਼ੁਰਗ ਲੋਕ ਹੀ ਪਿੰਡਾਂ ਵਿੱਚ ਰਹਿੰਦੇ ਹਨ, ਜਿਨ੍ਹਾਂ ਦਾ ਬੁਢਾਪਾ ਕੁੱਝ ਦਰਦ ਮਈ ਬਣ ਜਾਂਦਾ ਹੈ। ਬੱਚਿਆਂ ਤੋਂ ਬਿਨਾਂ ਮਾਪਿਆਂ ਦਾ ਇਕੱਲੇ ਰਹਿਣਾ ਕੋਈ ਸੌਖਾ ਕੰਮ ਨਹੀਂ ਹੈ। ਮੋਹ ਅਤੇ ਸਨੇਹ ਦੀਆਂ ਤੰਦਾਂ ਵੀ ਟੁੱਟਦੀਆਂ ਨਜ਼ਰ ਆਉਂਦੀਆਂ ਹਨ।

ਮੁੜ ਸਿੱਖਿਆ ਦੇ ਖੇਤਰ ਦੀ ਗੱਲ ਕਰਦੇ ਹਾਂ। ਕਿੰਨਾ ਚੰਗਾ ਹੋਵੇ ਜੇ ਨੌਜਵਾਨ ਪੀੜ੍ਹੀ ਆਪਣੇ ਪੰਜਾਬ ਵਿੱਚ ਖ਼ੂਬ ਚੰਗੀ ਪੜ੍ਹਾਈ ਕਰ ਕੇ, ਕੋਈ ਚੰਗੀ ਡਿਗਰੀ ਪ੍ਰਾਪਤ ਕਰ ਕੇ ਵਿਦੇਸ਼ਾਂ ਨੂੰ ਜਾਣ ਤਾਂ ਕਿ ਵਿਦੇਸ਼ਾਂ ਵਿੱਚ ਵੀ ਉਨ੍ਹਾਂ ਨੂੰ ਵਧੀਆ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦੀ ਜ਼ਿੰਦਗੀ ਚੰਗੀ ਬਣ ਕੇ, ਉਹ ਕਮਾਈ ਵੀ ਚੰਗੀ ਕਰ ਲੈਣ ਪਰ ਜੇ ਬੱਚਿਆਂ ਨੇ ਬਾਹਰ ਜਾ ਕੇ ਮਜ਼ਦੂਰੀ ਹੀ ਕਰਨੀ ਹੈ ਤਾਂ ਮਜ਼ਦੂਰੀ ਤਾਂ ਇੱਥੇ ਵੀ ਬਥੇਰੀ ਹੈ। ਬੱਚਿਆਂ ਨੂੰ ਇਹ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਉਹ ਜਿੱਥੇ ਮਰਜ਼ੀ ਰੁਜ਼ਗਾਰ ਲੱਭਣ, ਚੰਗੀ ਸਿੱਖਿਆ ਹੀ ਉਨ੍ਹਾਂ ਦੇ ਕੰਮ ਆਵੇਗੀ।

ਪਰ ਗੱਲ ਇੰਨੀ ਵੱਧ ਚੁੱਕੀ ਹੈ ਕਿ ਪੰਜਾਬ ਹੀ ਨਹੀਂ, ਦੂਜੇ ਸੂਬਿਆਂ ਦੇ ਬੱਚੇ ਵੀ ਵਿਦੇਸ਼ਾਂ ਵਿੱਚ ਜਾਣ ਲਈ ਕਾਹਲੇ ਹਨ। ਯੂਪੀ ਦੇ ਤਿਰਾਈ ਇਲਾਕੇ ਵਿੱਚ ਸਿੱਖ ਕਿਸਾਨਾਂ ਦੀ ਗਿਣਤੀ ਬਹੁਤ ਵੱਧ ਹੈ, ਉਥੋਂ ਦੇ ਬੱਚੇ ਵੀ ਆਪਣੀ ਪੜ੍ਹਾਈ ਦੀ ਥਾਂ ਛੇਤੀ ਤੋਂ ਛੇਤੀ ਬਾਹਰ ਜਾਣ ਲਈ ਕਾਹਲੇ ਹਨ।ਕਈ ਸਿਆਣੇ ਲੋਕ ਇਸ ਗੱਲ ਦੀ ਵੀ ਪੁਸ਼ਟੀ ਕਰਦੇ ਹਨ ਕਿ ਦੇਸ਼ ਵਿੱਚ ਉੱਚ ਵਿਦਿਆ ਬਹੁਤ ਮਹਿੰਗੀ ਹੋ ਚੁੱਕੀ ਹੈ। ਕਾਲਜਾਂ ਦੀਆਂ ਫੀਸਾਂ ਇੰਨੀਆਂ ਹੋ ਚੁੱਕੀਆਂ ਹਨ ਕਿ ਗਰੀਬ ਮਾਪੇ ਆਪਣੇ ਬੱਚਿਆਂ ਨੂੰ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਨਹੀਂ ਪੜ੍ਹਾ ਸਕਦੇ। ਜੇ ਕੋਈ ਬੱਚਾ, ਪੜ੍ਹਾਈ ਵਿੱਚ ਚੰਗਾ ਹੁਸ਼ਿਆਰ ਹੈ ਅਤੇ ਉਸ ਦੇ ਮਾਪੇ ਵੀ ਉਸ ਨੂੰ ਇੰਜਨੀਅਰ ਜਾਂ ਡਾਕਟਰ ਬਣਾਉਣਾ ਚਾਹੁੰਦੇ ਹਨ ਤਾਂ ਇੱਕ ਡਾਕਟਰ ਅਤੇ ਇੰਜਨੀਅਰ ਬਣਨ ਲਈ ਲੱਖਾਂ ਰੁਪਏ ਲਗਾਉਣ ਦੀ ਉਨ੍ਹਾਂ ਦੀ ਆਰਥਿਕ ਸਥਿਤੀ ਨਹੀਂ ਹੈ ਤਾਂ ਉਹ ਵੀ ਇਹ ਹੀ ਕਹਿ ਦਿੰਦੇ ਹਨ ਕਿ ਜੇ 20-25 ਲੱਖ ਰੁਪਿਆ ਲਗਾ ਕੇ ਬੱਚੇ ਨੂੰ ਡਾਕਟਰੀ ਕਰਵਾਉਣੀ ਹੈ ਤਾਂ ਕਿਉਂ ਨਾ ਉਸ ਨੂੰ ਏਨੇ ਪੈਸੇ ਲਗਾ ਕੇ ਬਾਹਰ ਹੀ ਸੈੱਟ ਕਰਵਾ ਦਿੱਤਾ ਜਾਵੇ। ਇਸ ਨਾਲ ਸਾਡੇ ਬੁੱਧੀਜੀਵੀ ਬੱਚੇ ਵੀ ਪੜ੍ਹਾਈ ਛੱਡ ਬਾਹਰ ਜਾ ਰਹੇ ਹਨ, ਜਿਸ ਨਾਲ ਦੇਸ਼ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।


ਗੱਲ ਬਿਲਕੁਲ ਸਾਫ਼ ਹੈ ਕਿ ਪੰਜਾਬ ਦੇ ਸਿੱਖਿਆ ਸ਼ਾਸਤਰੀ ਇਸ ਗੱਲ ਤੋਂ ਬਹੁਤ ਚਿੰਤਤ ਹਨ ਕਿ ਪੰਜਾਬ ਦੀ ਸਿੱਖਿਆ ਦਾ ਕੀ ਬਣੇਗਾ। ਜੇ ਬੱਚੇ ਦਸਵੀਂ, ਬਾਰ੍ਹਵੀਂ ਤੋਂ ਅੱਗੇ ਪੜ੍ਹਨਗੇ ਹੀ ਨਹੀਂ ਤਾਂ ਪੰਜਾਬ ਕਿਸ ਤਰ੍ਹਾਂ ਤਰੱਕੀ ਕਰੇਗਾ। ਵਿਗਿਆਨ ਦਾ ਖੇਤਰ ਕਿਸ ਤਰ੍ਹਾਂ ਦੂਜਿਆਂ ਮੁਲਕਾਂ ਦੀ ਬਰਾਬਰੀ ਕਰੇਗਾ। ਇਸ ਲਈ ਸਿੱਖਿਆ ਦੀ ਸੰਭਾਲ ਬਹੁਤ ਜ਼ਰੂਰੀ ਹੈ।

# ਉਸਾਰੂ ਭਾਵਨਾ ਹਵਾਵਾਂ ਦੀ ਦਿਸ਼ਾ ਬਦਲਣ ਦੀ ਸ਼ਕਤੀ ਹੈ!

ਉਦੇਸ਼ ਭਰੀ ਸੋਚ ਅਤੇ ਅਗਾਂਹ-ਵਧੂ ਸਮਾਜ ਸਿਰਜਣ ਦੀ ਇੱਛਾ ਸਮਾਜ ਦੇ ਦੁੱਖ-ਸੁੱਖ ਵਿੱਚ ਹਿੱਸਾ ਬਰਦਾਰ ਹੋਣ ਦੀ ਚਾਹਿਤ ਪੈਦਾ ਕਰਦੀ ਹੈ। ਹਰੇਕ ਮਨੁੱਖ ਦਾ ਵਿਸ਼ਵਾਸ ਬੱਝਣਾ ਚਾਹੀਦਾ ਹੈ ਕਿ ਉਹ ਸਮਾਜ ਦੀ ਖ਼ੁਸ਼ਹਾਲੀ ਲਈ ਆਪਣਾ ਯੋਗਦਾਨ ਪਾ ਸਕਦਾ ਹੈ।

ਆਜ਼ਾਦੀ-ਏ-ਹਿੰਦੋਸਤਾਨ ਜਾਂ ਧਰਤੀ ਉੱਤੇ ਵੱਸਦੇ ਜਿਸ ਵੀ ਦੇਸ਼ ਨੇ ਆਜ਼ਾਦੀ ਲਈ ਸੰਘਰਸ਼ ਕੀਤਾ , ਉੱਥੋਂ ਦੇ ਆਜ਼ਾਦੀ ਸੂਰਮਿਆਂ ਨੇ ਇਤਿਹਾਸ ਦੇ ਪੰਨਿਆਂ ਉੱਤੇ ਰਹਿੰਦੀ ਦੁਨੀਆਂ ਤੱਕ ਰਹਿਣਾ ਹੈ।

ਬਰਤਾਨਵੀ ਬੱਸਤੀਵਾਦੀਆਂ ਨੇ ਸਾਰੀ ਦੁਨੀਆਂ ਉੱਤੇ ਰਾਜ ਕੀਤਾ, ਇਤਿਹਾਸ ਦੇ ਪੰਨਿਆਂ ਉੱਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਰਾਜ ਕਾਲ ਵਿੱਚ ਸੂਰਜ ਛੁੱਪਦਾ ਨਹੀਂ ਸੀ ਭਾਵ ਇੱਕ ਥਾਂ ਸੂਰਜ ਛੁੱਪਦਾ ਸੀ ਅਤੇ ਦੂਜੀ ਥਾਂ ਸੂਰਜ ਉਦੇ ਹੁੰਦਾ ਸੀ । ਹਿੰਦੋਸਤਾਨੀ ਇਨਕਲਾਬੀਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾ ਆਪਣਾ ਤਨ-ਮੰਨ -ਧੰਨ ਨਿਸ਼ਾਵਰ ਕਰਕੇ ਮਾਂ-ਭੂਮੀ ਦਾ ਰਿਣ ਚੁਕਾਉਣ ਲਈ ਆਜ਼ਾਦੀ ਦੇ ਹਵਨ-ਕੁੰਡ ਪ੍ਰਚੰਡ ਨੂੰ ਕੀਤਾ ਸੀ । ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣੇ ਅਤੇ ਹੱਕ ਸੱਚ ਲਈ ਕੁਰਬਾਨੀ ਦੀ ਪਾਲ ਵੱਡੀ ਕੀਤੀ।




ਮਨੁੱਖ ਨੂੰ ਹਰ ਸਮੇਂ ਸਮਾਜ ਦੀ ਬੇਹਤਰੀ ਲਈ ਸੋਚਣਾ ਚਾਹੀਦਾ ਹੈ। ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਸਦਾ ਯਾਦ ਰੱਖਕੇ ਮਾਣਮੱਤੇ ਵਿਰਸੇ ਵਾਰੇ ਅਗਲੀ ਪੀੜੀ ਨੂੰ ਜਾਣਕਾਰੀ ਪ੍ਰਦਾਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਸਿਲਸਿਲਾ ਕਿਰਤੀ ਦੀ ਅਗਵਾਈ ਵਾਲੇ ਰਾਜ ਦੀ ਉਸਾਰੀ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖਤਮ ਹੋਣ ਤੱਕ ਚੱਲਦਾ ਰਹਿਣਾ ਚਾਹੀਦਾ ਹੈ।

"ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯੇਹ ਹੀ ਬਾਕੀ ਨਿਸ਼ਾਂ ਹੋਗਾ "

92 ਸਾਲ ਪਹਿਲਾਂ 23 ਮਾਰਚ 1931 ਨੂੰ ਸ. ਭਗਤ ਸਿੰਘ , ਸ. ਰਾਜਗੁਰੂ ਅਤੇ ਸ. ਸੁਖਦੇਵ ਨੂੰ ਬਰਤਾਨਵੀ ਸਾਮਰਾਜ ਨੇ ਲਹੌਰ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ । ਉਨ੍ਹਾਂ ਦਾ ਕਸੂਰ ਕੀ ਸੀ ਕਿ ਉਹ ਆਪਣੀ ਮਾਤ-ਭੂਮੀ ਨੂੰ ਆਜ਼ਾਦ ਦੇਖਣਾ ਚਾਹੁੰਦੇ ਸਨ ਅਤੇ ਬੱਸਤੀਵਾਦੀਆਂ ਨੂੰ ਹਿੰਦੋਸਤਾਨ ਤੋਂ ਚਲੇ ਜਾਣ ਨੂੰ ਕਹਿੰਦੇ ਸਨ । ਸ਼ਹੀਦ ਕਦੀ ਵੀ ਮਰਦੇ ਨਹੀਂ , ਸਗੋਂ ਸਦਾ ਜੀਊਂਦੇ ਰਹਿੰਦੇ ਹਨ । ਬਹਾਦਰ ਆਦਮੀ ਸਦਾ ਜੀਊਂਦੇ ਰਹਿੰਦੇ ਹਨ। ਅਮਰ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਰਹਿ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਯੋਗਦਾਨ ਪਾਉਣਾ ਸੱਚੀ ਸ਼ਰਧਾਂਜਲੀ ਹੋਵੇਗੀ । ਅਸੀਂ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ।

**ਵੱਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ**
**ਮਨਮੋਹਨ ਪੂਨੀ (ਨਿਊਯਾਰਕ )**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਵਿਚ ਬਾਸਕਟ ਬਾਲ ਮੈਚ ਵੇਖਣ ਗਏ ਇਕ ਅਮ੍ਰਿਤਧਾਰੀ ਸਿੱਖ ਨੇ ਲਾਇਆ ਭੇਦਭਾਵ ਦਾ ਦੋਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਇਕ ਅਮ੍ਰਿਤਧਾਰੀ ਸਿੱਖ ਨੇ ਦੋਸ਼ ਲਾਇਆ ਹੈ ਕਿ ਉਸ ਨਾਲ ਭੇਦਭਾਵ ਕੀਤਾ ਗਿਆ ਹੈ ਤੇ ਕ੍ਰਿਪਾਨ ਪਹਿਣੀ ਹੋਣ ਕਾਰਨ ਬਾਸਕਟਬਾਲ ਮੈਚ ਵੇਖਣ ਲਈ ਉਸ ਨੂੰ ਸਟੇਡੀਅਮ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਮਨਦੀਪ ਸਿੰਘ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਇਥੇ ਇਕ ਬਾਸਕਟਬਾਲ ਮੈਚ ਜਿਸ ਵਿਚ ਐਮ ਬੀ ਏ ਟੀਮ ਸੈਕਰਾਮੈਂਟੋ ਕਿੰਗਜ਼ ਵੀ ਹਿੱਸਾ ਲੈ ਰਹੀ ਸੀ,ਵੇਖਣ ਗਿਆ ਸੀ ਪਰੰਤੂ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ। ਉਸ ਨੇ ਟਵੀਟ ਵਿਚ ਕਿਹਾ ਕਿ ਹਾਲਾਂ ਕਿ ਉਸ ਨੂੰ ਇਕ ਈ ਮੇਲ ਰਾਹੀਂ ਸੈਕਰਾਮੈਂਟੋ ਕਿੰਗਜ਼ ਨੇ ਮੈਚ ਵੇਖਣ ਦਾ ਸੱਦਾ ਦਿੱਤਾ ਸੀ ਪਰੰਤੂ ਫਿਰ ਵੀ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ। ਮਨਦੀਪ ਨੇ ਕਿਹਾ ਕਿ ਉਸ ਨੇ ਉਥੇ ਮੌਜੂਦ ਅਧਿਕਾਰੀਆਂ ਨੂੰ ਆਪਣੇ ਅਮ੍ਰਿਤਧਾਰੀ ਹੋਣ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਇਸ ਦਾ ਕੋਈ ਅਸਰ ਨਹੀਂ ਹੋਇਆ ਤੇ ਉਸ ਨੂੰ ਬਿਨਾਂ ਮੈਚ ਵੇਖੇ ਵਾਪਿਸ ਆਉਣ ਲਈ ਮਜਬੂਰ ਹੋਣਾ ਪਿਆ।

# ਮਿਆਮੀ ਬੀਚ ਵਿਚ ਹਿੰਸਾ ਤੋਂ ਬਾਅਦ ਕਰਫ਼ਿਊ ਤੇ ਹੰਗਾਮੀ ਸਥਿਤੀ ਦਾ ਐਲਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਫਲੋਰਿਡਾ ਰਾਜ ਦੇ ਸ਼ਹਿਰ ਮਿਆਮੀ ਬੀਚ ਵਿਚ ਉਤੋੜਿਤੀ ਹੋਈਆਂ ਗੋਲੀਬਾਰੀ ਦੀਆਂ ਦੋ ਘਟਨਾਵਾਂ ਤੋਂ ਬਾਅਦ ਵੱਡੀ ਪੱਧਰ ਉਪਰ ਬੇਕਾਬੂ ਹੋਈ ਭੀੜ 'ਤੇ ਕਾਬੂ ਪਾਉਣ ਲਈ ਹੰਗਾਮੀ ਸਥਿੱਤੀ ਤੇ ਬੀਤੀ ਅੱਧੀ ਰਾਤ ਤੋਂ ਕਰਫ਼ਿਊ ਲਾ ਦੇਣ ਦੀ ਰਿਪੋਰਟ ਹੈ। ਸ਼ਹਿਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਗੋਲੀਬਾਰੀ ਦੀਆਂ ਦੋ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਅਤੇ ਵੱਡੀ ਪੱਧਰ ਉਪਰ ਲੋਕਾਂ ਦੀ ਭੀੜ ਦੇ ਖਤਰਨਾਕ ਤੇ ਗੈਰਕਾਨੂੰਨੀ ਵਿਵਹਾਰ ਦੇ ਮੱਦੇਨਜਰ ਸਿਟੀ



ਆਫ ਮਿਆਮੀ ਬੀਚ ਨੇ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ ਤੇ ਰਾਤ 11.59 ਵਜੇ ਤੋਂ ਕਰਫ਼ਿਊ ਲਾ ਦਿੱਤਾ ਹੈ । ਬਿਆਨ ਵਿਚ ਕਿਹਾ ਗਿਆ ਹੈ ਕਿ ਸਿਟੀ ਮੈਨੇਜਰ ਵੱਲੋਂ 23 ਮਾਰਚ ਤੋਂ ਹੋਰ ਪਾਬੰਦੀਆਂ ਲਾਉਣ ਦੀ ਵੀ ਯੋਜਨਾ ਹੈ। ਸੇਂਟ ਪੈਟਰਿਕ ਦਿਵਸ ਉਤਸਵ ਤੇ ਸਪਿਰੰਗ ਬਰੇਕ ਜਸ਼ਨਾਂ ਦੌਰਾਨ ਹੋਈਆਂ ਗੋਲੀਬਾਰੀ ਦੀਆਂ ਦੋ ਘਟਨਾਵਾਂ ਜਿਹਨਾਂ ਵਿਚ ਦੋ ਵਿਅਕਤੀ ਮਾਰੇ ਗਏ ਤੇ 2 ਹੋਰ ਜ਼ਖਮੀ ਹੋ ਗਏ ਸਨ, ਤੋਂ ਬਾਅਦ ਸ਼ਹਿਰ ਦੇ ਪ੍ਰਸਿੱਧ ਦੱਖਣੀ ਬੀਚ ਖੇਤਰ ਵਿਚ ਹਿੰਸਾ ਭੜਕ ਪਈ ਸੀ ਜਿਸ ਕਾਰਨ ਇਹਤਿਆਤ ਵਜੋਂ ਕਰਫ਼ਿਊ ਲਾਇਆ ਗਿਆ ਹੈ।

# ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਆਉਣ ਦਾ ਸੱਦਾ

**(ਸਫਾ 1 ਦੀ ਬਾਕੀ)**

ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਪੰਜਾਬ ਮੁਲਕ ਭਰ ਵਿੱਚੋਂ ਮੋਹਰੀ ਸੂਬਾ ਬਣ ਕੇ ਉੱਭਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਵੱਲੋਂ ਸੰਜੋਏ ਸੁਪਨਿਆਂ ਨੂੰ ਪੂਰਾ ਕਰਨ ਅਤੇ ਫਿਰਕੂ ਸਦਭਾਵਨਾ ਵਾਲਾ ਸਮਾਜ ਸਿਰਜਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਅੰਦੋਲਨ ਦੇ ਇਨ੍ਹਾਂ ਨੌਜਵਾਨ ਨਾਇਕਾਂ ਨੇ ਛੋਟੀ ਉਮਰ ਵਿੱਚ ਹੀ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਦੇਸ਼ ਨੂੰ ਵਿਦੇਸ਼ੀ ਸਾਮ-ਰਾਜਵਾਦ ਦੇ ਜੂਲੇ ਤੋਂ ਮੁਕਤ ਕਰਵਾਇਆ। ਭਗਵੰਤ ਮਾਨ ਨੇ ਕਿਹਾ ਕਿ ਧਰਤੀ ਮਾਂ ਦੇ ਇਸ ਮਹਾਨ ਸਪੂਤ ਵੱਲੋਂ ਦਰਸਾਏ ਮਾਰਗ ਉਤੇ ਚੱਲਦਿਆਂ ਖ਼ੁਸ਼ਹਾਲ ਸਮਾਜ ਸਿਰਜਣ ਲਈ ਪੰਜਾਬ ਸਰਕਾਰ ਆਪਣੀ ਪੂਰੀ ਵਾਹ ਲਾਏਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਨੇ ਬੁੱਧਵਾਰ ਨੂੰ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਦਾ ਮਤਾ ਪਾਸ ਕੀਤਾ ਹੈ। ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਆਜ਼ਾਦੀ ਨੂੰ 75 ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਮੁਲਕ ਅਜੇ ਵੀ ਗਰੀਬੀ, ਅਨਪੜ੍ਹਤਾ, ਬੇਰੋਜ਼ਗਾਰੀ ਤੇ ਹੋਰ ਸਮਾਜਿਕ ਕੁਰੀਤੀਆਂ ਨਾਲ ਜੂਝ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਪਹਿਲਾਂ ਹੀ ਇਨ੍ਹਾਂ ਕੁਰੀਤੀਆਂ ਤੋਂ ਲੋਕਾਂ ਨੂੰ ਰਾਹਤ ਦੇਣ ਲਈ ਕਈ ਕਦਮ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਲੋਕਾਂ ਦੀ ਖ਼ੁਸ਼ਹਾਲੀ ਲਈ ਕਈ ਲੋਕ-ਪੱਖੀ ਤੇ ਵਿਕਾਸ ਆਧਾਰਤ ਸਕੀਮਾਂ ਸ਼ੁਰੂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਕਦਮਾਂ ਦਾ ਇਕੋ-ਇਕ ਉਦੇਸ਼ ਸਾਡੇ ਮਹਾਨ ਸ਼ਹੀਦਾਂ ਵੱਲੋਂ ਸੰਜੋਏ ਸੁਪਨਿਆਂ ਵਾਲਾ ਸਮਾਜ ਬਣਾਉਣਾ ਹੈ। ਭਗਵੰਤ ਮਾਨ ਨੇ ਕਿਹਾ ਕਿ ਜਦੋਂ ਤੱਕ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਨਹੀਂ ਕਰ ਲਿਆ ਜਾਂਦਾ, ਉਦੋਂ ਤੱਕ ਸਾਡੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿੰਡ ਵਿੱਚ ਵਿਰਾਸਤੀ ਗਲੀ ਦੇ ਨਿਰਮਾਣ ਦਾ ਫੈਸਲਾ ਕੀਤਾ ਹੈ ਤਾਂ ਕਿ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਤੇ ਪੰਜਾਬ ਦੇ ਸ਼ਾਨਾਮੱਤੇ ਯੋਗਦਾਨ ਨੂੰ ਦਰਸਾਇਆ ਜਾ ਸਕੇ। ਉਨ੍ਹਾਂ ਕਿਹਾ ਕਿ 850 ਮੀਟਰ ਲੰਮੀ ਇਹ ਵਿਰਾਸਤੀ ਗਲੀ ਖਟਕੜ ਕਲਾਂ ਵਿੱਚ ਅਜਾਇਬ ਘਰ ਤੋਂ ਸ਼ਹੀਦ ਭਗਤ ਸਿੰਘ ਦੇ ਘਰ ਤੱਕ ਬਣਾਈ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਗਲੀ ਸੁਤੰਤਰਤਾ ਸੰਗਰਾਮ ਵਿੱਚ ਸੂਬੇ ਦੇ ਮਹਾਨ ਯੋਗਦਾਨ ਨੂੰ ਦਰਸਾਏਗੀ, ਉੱਥੇ ਨੌਜਵਾਨਾਂ ਨੂੰ ਦੇਸ਼ ਲਈ ਤਨਦੇਹੀ ਨਾਲ ਕੰਮ ਕਰਨ ਲਈ ਵੀ ਪ੍ਰੇਰੇਗੀ।



ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਅਜਾਇਬ ਘਰ ਵਿੱਚ ਅਦਾਲਤ ਦਾ ਫਾਈਵ ਡੀ ਸੈੱਟਅੱਪ ਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਫਾਈਵ ਡੀ ਕ੍ਰਿਏਟਿਵ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਦੇ ਦ੍ਰਿਸ਼ ਦਾ ਰੂਪਾਂਤਰਣ ਕਰੇਗਾ ਤਾਂ ਜੋ ਦਰਸ਼ਕਾਂ ਨੂੰ ਉਸ ਸਮੇਂ ਦਾ ਅਨੁਭਵ ਹੋ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਹ ਦਰਸ਼ਕਾਂ ਨੂੰ ਅਸਲ ਵਿੱਚ ਉਸ ਯੁੱਗ ਵਿੱਚ ਵਾਪਸ ਲੈ ਜਾਵੇਗਾ ਅਤੇ ਦੇਸ਼ ਲਈ ਇਸ ਨੌ-ਜਵਾਨ ਨਾਇਕ ਦੁਆਰਾ ਦਿੱਤੀ ਗਈ ਮਹਾਨ ਕੁਰਬਾਨੀ ਨੂੰ ਸਦਾ ਤਾਜ਼ਾ ਰੱਖੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਹੀ ਸੈਰ-ਸਪਾਟਾ ਤੇ ਸੱਭਿਆਚਾਰ ਵਿਭਾਗ ਨੂੰ ਇਹ ਪ੍ਰਾਜੈਕਟ ਸ਼ੁਰੂ ਕਰਨ ਲਈ ਕਹਿ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਧਰਤੀ ਸਾਰੇ ਪੰਜਾਬੀਆਂ ਲਈ ਪਵਿੱਤਰ ਹੈ ਅਤੇ ਇਸ ਦਾ ਚਹੁ-ਪੱਖੀ ਵਿਕਾਸ ਯਕੀਨੀ ਬਣਾਇਆ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਆਪਣੇ ਅਹੁਦੇ ਦੀ ਸਹੁੰ ਵੀ ਇਸ ਪਵਿੱਤਰ ਧਰਤੀ ਉਤੇ ਚੁੱਕੀ ਸੀ। ਇਸ ਦੌਰਾਨ ਮੁੱਖ ਮੰਤਰੀ ਨੇ ਸੁਰਿੰਦਰ ਕੌਰ, ਯਾਦਵਿੰਦਰ ਸਿੰਘ, ਪਵਨਦੀਪ ਕੌਰ, ਮਨਜੀਤ ਸਿੰਘ ਧਾਲੀਵਾਲ, ਸਤਵੰਤ ਸਿੰਘ, ਕੁਲਦੀਪ ਕੌਰ, ਹਰਚੈਨ ਸਿੰਘ ਅਤੇ ਹੋਰਨਾਂ ਸਮੇਤ ਮਹਾਨ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਨੂੰ ਅਜਾਇਬ ਘਰ ਅਤੇ ਜੱਦੀ ਘਰ ਦਾ ਪੋਰਟਰੇਟ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਭਗਵੰਤ ਮਾਨ ਨੇ ਸ਼ਹੀਦ ਦੇ ਪਿਤਾ ਕਿਸ਼ਨ ਸਿੰਘ ਦੀ ਸਮਾਧ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

ਇਸ ਮੌਕੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਸੰਤੋਸ਼ ਕਟਾਰੀਆ, ਵਿਧਾਇਕ ਡਾਕਟਰ ਐਸ ਕੇ ਸੁੱਖੀ, ਵਿਧਾਇਕ ਨਛੱਤਰ ਪਾਲ, ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ, ਆਪ ਆਗੂ ਲਲਿਤ ਮੋਹਨ ਪਾਠਕ, ਕੁਲਜੀਤ ਸਿੰਘ ਸਰਹਾਲ, ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ, ਜ਼ਿਲ੍ਹਾ ਮਹਿਲਾ ਪ੍ਰਧਾਨ ਰਾਜਦੀਪ ਸ਼ਰਮਾ ਤੇ ਹੋਰ ਆਗੂ ਮੌਜੂਦ ਸਨ।







# ਜਾਤੀ ਵਿਤਕਰੇ ਨੇ ਲਈ ਹੋਣਹਾਰ ਧੀ ਡਾ. ਪੰਪੋਸ਼ ਦੀ ਜਾਨ

**ਜਲੰਧਰ (ਜੇ. ਸਿੰਘ 'ਭਡਿਆਰ')**–ਬੀਤੇ ਦਿਨੀਂ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਾਤੀਵਾਦ ਦੇ ਕੋਹੜ ਨੇ ਇੱਕ ਬੇਹੱਦ ਹੋਣਹਾਰ ਬੱਚੀ ਡਾ. ਪੰਪੋਸ਼ ਦੀ ਮੌਤ ਨੇ ਬਹੁਤ ਸਾਰੇ ਅਜਿਹੇ ਸਵਾਲ ਪੈਦਾ ਕਰ ਦਿੱਤੇ ਹਨ, ਜਿਹਨਾਂ ਬਾਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ। ਇਸ ਤੋਂ ਪਹਿਲਾਂ ਅਜਿਹੀਆਂ ਘਟਨਾਵਾਂ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿੱਚ ਵਾਪਰਦੀਆਂ ਰਹੀਆਂ ਹਨ ਜਾਂ ਵਾਪਰ ਰਹੀਆਂ ਹਨ। ਪੰਜਾਬ ਅੰਦਰ ਉਹ ਵੀ ਗੁਰੂ ਰਾਮ ਦਾਸ ਸਾਹਿਬ ਦੀ ਨਗਰੀ ਅੰਦਰ ਅਤੇ ਗੁਰੂ ਰਾਮ ਦਾਸ ਸਾਹਿਬ ਦੇ ਨਾਮ ਤੇ ਚੱਲ ਰਹੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਕਾਲਜ ਵਿੱਚ ਅਜਿਹਾ ਘਿਨਾਉਣਾ ਕਾਰਾ ਬੇਹੱਦ ਮੰਦਭਾਗਾ, ਸ਼ਰਮਨਾਕ ਅਤੇ ਸਿੱਖ ਸਮਾਜ ਦੇ ਮੱਥੇ ਤੇ ਨਾ ਮਿਟਣਯੋਗ ਕਾਲਾ ਧੱਬਾ ਹੈ।

### ਕੀ ਹੈ ਮਾਮਲਾ

ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵਿੱਚ ਐਮਬੀਬੀਐਸ ਦੀ ਵਿਦਿਆਰਥਣ ਪੰਪੋਸ਼ (26) ਵਾਸੀ ਰਾਮਾਮੰਡੀ ਜਲੰਧਰ ਨੇ ਬੁੱਧਵਾਰ ਰਾਤ ਨੂੰ ਹੋਸਟਲ ਦੇ ਕਮਰੇ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕ ਦੀ ਮਾਂ ਦੀ ਸ਼ਿਕਾਇਤ 'ਤੇ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ 'ਚ ਦੋ ਪ੍ਰੋਫੈਸਰਾਂ ਅਤੇ 4 ਵਿਦਿਆਰਥਣਾਂ ਸਮੇਤ 10 ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਹਾਲਾਂਕਿ ਮਾਂ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਵੀ ਅਜੇ ਤੱਕ ਇਕ ਵੀ ਦੋਸ਼ੀ ਗ੍ਰਿਫਤਾਰ ਨਹੀਂ ਹੋਇਆ ਹੈ। ਮ੍ਰਿਤਕ ਵਿਦਿਆਰਥਣ ਦੀ ਮਾਂ ਕਮਲੇਸ਼ ਰਾਣੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਕਿਸੇ ਤਰ੍ਹਾਂ ਆਪਣੀ ਇਕਲੌਤੀ ਧੀ ਦੀ ਡਾਕਟਰੀ ਕਰਵਾ ਰਹੀ ਸੀ। ਧੀ ਨੇ ਸਖਤ ਮਿਹਨਤ ਕਰਕੇ ਐਮਬੀਬੀਐਸ ਦੀ ਪੜ੍ਹਾਈ ਪੂਰੀ ਕੀਤੀ ਤੇ ਇਸੇ ਕਾਲਜ ਵਿਚ ਉਹ ਆਪਣੀ ਇੰਟਰਨਸ਼ਿਪ ਕਰ ਰਹੀ ਸੀ। ਪਰਿਵਾਰ ਨੇ ਦੋਸ਼ ਲਗਾਇਆ ਸੀ ਕਿ ਮੁਲਜਮ ਉਨ੍ਹਾਂ ਦੀ ਧੀ ਨੂੰ ਧਮਕਾਉਂਦੇ ਸਨ ਕਿ ਉਹ ਭਵਿੱਖ ਵਿਚ ਉਸ ਨੂੰ ਕਦੇ ਵੀ ਡਾਕਟਰ ਨਹੀਂ ਬਣਨ ਦੇਣਗੇ।

### ਇਕਤਰਫਾ ਕਾਰਵਾਈ ਤੋਂ ਭੜਕੇ ਵਿਦਿਆਰਥੀ

ਪੁਲਿਸ ਦੀ ਇੱਕ ਤਰਫਾ ਕਾਰਵਾਈ ਨਾਲ ਕਾਲਜ ਦੇ ਵਿਦਿਆਰਥੀਆਂ ਵਿੱਚ ਪੁਲਿਸ ਪ੍ਰਤੀ ਕਾਫੀ ਰੋਸ ਹੈ। ਉਨ੍ਹਾਂ ਦੀ ਮੰਗ ਹੈ ਕਿ ਪੁਲਿਸ ਨਿਰਪੱਖ ਜਾਂਚ ਕਰੇ ਜਿਸ ਵਿੱਚ ਸਮੂਹ ਵਿਦਿਆਰਥੀਆਂ ਅਤੇ ਕਾਲਜ ਦੇ ਸਟਾਫ ਆਦਿ ਤੋਂ ਪੁੱਛ-ਗਿੱਛ ਕਰਕੇ ਅਗਰ ਕੋਈ ਸੱਚਾਈ ਸਾਹਮਣੇ ਆਉਂਦੀ ਹੈ ਤਾਂ ਕਾਨੂੰਨ ਨੂੰ ਮੱਦੇਨਜ਼ਰ ਰੱਖ ਕੇ ਕੋਈ ਕਾਰਵਾਈ ਕਰੇ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਵੀ ਵਿਦਿਆਰਥੀ ਨਾਲ ਬੇ-ਇੰਨਸਾਫੀ ਜਾਂ ਧੱਕਾ ਨਾ ਕੀਤਾ ਜਾਵੇ। ਅਸੀਂ ਪੁਲਿਸ ਨੂੰ ਉਪਰੋਕਤ ਘਟਨਾ ਦੀ ਛਾਨ-ਬੀਨ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਕਰਾਂਗੇ।

### ਵੱਖ ਵੱਖ ਜੱਥੇਬੰਦੀਆਂ ਨੇ ਇਨਸਾਫ ਦਿਵਾਉਣ ਲਈ ਨਿਤਰੀਆਂ

ਸ਼੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਡਾ ਪੰਪੋਸ਼ ਨੂੰ ਇਨਸਾਫ ਦਿਵਾਉਣ ਲਈ ਬਹੁਜਨ ਸਮਾਜ ਪਾਰਟੀ ਦੀ ਅਗੁਵਾਈ ਹੇਠ ਕ੍ਰਾਂਤੀਕਾਰੀ ਜਮਹੂਰੀ ਜਨਤਕ ਜਥੇਬੰਦੀਆਂ ਵੱਲੋਂ ਕੋਟਕਪੂਰਾ ਦੇ ਮੁੱਖ ਬਾਜ਼ਾਰਾਂ ਵਿਚੋਂ ਘੁੰਮਦੇ ਹੋਏ ਬੱਤੀਆਂ ਵਾਲਾ ਚੌਕ ਤੱਕ ਕੈਂਡਲ ਮਾਰਚ ਕੱਢਿਆ ਗਿਆ।

ਇਸ ਦੌਰਾਨ ਅਵਤਾਰ ਕ੍ਰਿਸ਼ਨ ਐਡਵੋਕੇਟ ਸੂੱਬਾ ਕਾਰਜਕਾਰਨੀ ਮੈਂਬਰ ਬਸਪਾ, ਪ੍ਰਿੰਸੀਪਲ ਅਵਤਾਰ ਸਿੰਘ ਸਹੋਤਾ ਲੋਕ ਸਭਾ ਹਲਕਾ ਇੰਚਾਰਜ ਭਾਰਤੀ ਰਾਸ਼ਟਰੀ ਕਿਸਾਨ ਸੰਮਤੀ ਅਤੇ ਸੀਨੀਅਰ ਅਕਾਲੀ ਆਗੂ ਕੇਵਲ ਸਿੰਘ ਸਹੋਤਾ ਨੇ ਕਿਹਾ ਕਿ ਸਾਡੇ ਸਮਾਜ ਵਿੱਚ ਲੜਕੀਆਂ ਨੂੰ ਕਿਸੇ ਵੀ ਖੇਤਰ ਵਿੱਚ ਪਹੁੰਚਣ ਲਈ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਜਦੋਂ ਉਹ ਲੜਕੀ ਦਲਿਤ ਪਰਿਵਾਰ ਦੀ ਹੁੰਦੀ ਹੈ ਤਾਂ ਜਾਤੀ ਵਿਤਕਰਾ ਵੀ ਜੁੜ ਜਾਂਦਾ ਹੈ। ਬੇਸ਼ੱਕ, ਉਹ ਆਰਥਿਕ ਤੌਰ 'ਤੇ ਗਰੀਬ ਨਹੀਂ ਹੋਣਾ ਚਾਹੀਦਾ।

ਇਸ ਮੌਕੇ ਦਲਿਤ ਸਮਾਜ ਨਾਲ ਜੁੜੇ ਹੋਰ ਹਾਜਿਰ ਆਗੂਆਂ ਅਤੇ ਵਰਕਰਾਂ ਨੇ ਕਿਹਾ ਕਿ ਅਸੀਂ ਡਾਕਟਰ ਪੰਪੋਸ਼ ਦੇ ਪਰਿਵਾਰ ਨਾਲ ਡੱਟ ਕੇ ਖੜੇ ਹਾਂ ਅਤੇ ਉਸ ਨੂੰ ਖੁਦਕੁਸ਼ੀ ਲਈ ਮਜ਼ਬੂਰ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਉਣਾ ਜਾਰੀ ਰੱਖਾਂਗੇ। ਇਸ ਮੌਕੇ ਐਡਵੋਕੇਟ ਸੈਮੂਅਲ, ਬਸੰਤ ਕੁਮਾਰ ਪ੍ਰਜਾਪਤ, ਰਾਮ ਕ੍ਰਿਸ਼ਨ ਕਟਾਰੀਆ, ਗੁਰਵਿੰਦਰ ਕੌਰ, ਲਛਮਣ ਚੋਪੜਾ ਆਦਿ ਨੇ ਵੀ ਕਿਹਾ ਕਿ ਇਹ ਘਟਨਾ ਬਹੁਤ ਹੀ ਦੁਖਦਾਈ ਹੈ।

ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਤੇ ਡਾ. ਅੰਬੇਡਕਰ ਸਭਾਵਾਂ ਵਲੋਂ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਵਿਦਿਆਰਥਣ ਡਾ. ਪੰਪੋਸ਼ ਨੂੰ ਇਨਸਾਫ਼ ਦਿਵਾਉਣ ਲਈ ਕੈਂਡਲ ਮਾਰਚ ਕੀਤਾ ਗਿਆ। ਇਸ ਮਾਰਚ ਵਿੱਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਔਰਤ ਮੁਕਤੀ ਮੋਰਚਾ ਪੰਜਾਬ, ਦਿਹਾਤੀ ਮਜ਼ਦੂਰ ਸਭਾ ਤੇ ਡਾ. ਅੰਬੇਡਕਰ ਸਭਾਵਾਂ ਦੇ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵੱਖ-ਵੱਖ ਸਭਾਵਾਂ ਦੇ ਆਗੂਆਂ ਨੇ ਆਪਣੇ ਸੰਬੋਧਨ ਵਿਚ ਡਾ. ਪੰਪੋਸ਼ ਦੇ ਕਾਤਲਾਂ ਨੂੰ ਫਾਹੇ ਲਗਾਉਣ ਦੀ ਮੰਗ ਕੀਤੀ। ਕੈਂਡਲ ਮਾਰਚ ਮੌਕੇ ਕਰਨੈਲ ਫਿਲੌਰ, ਡਾ. ਸਰਬਜੀਤ ਮੁਠੱਡਾ, ਗੁਰਦੀਪ ਗੋਗੀ, ਮੇਜਰ ਫਿਲੌਰ, ਮੱਖਣ ਸੰਗਰਾਮੀ ਤੇ ਪਰਸ਼ੋਤਮ ਫਿਲੌਰ ਆਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂਆਂ ਨੇ ਗੁਰੂ ਰਾਮ ਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐਮਬੀਬੀਐਸ ਕਰ ਰਹੀ ਪੰਪੋਸ਼ਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ, ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਤੇ ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਕਸੂਰਵਾਰਾਂ ਖ਼ਿਲਾਫ਼ ਕੇਸ ਦਰਜ ਕਰਕੇ ਪੀੜਤਾ ਨੂੰ ਇਨਸਾਫ਼ ਦਿੱਤਾ ਜਾਵੇ।

ਜਗਰਾਓਂ ਦੀਆਂ ਇਨਸਾਫ਼ ਪਸੰਦ ਜੱਥੇਬੰਦੀਆਂ ਵੱਲੋਂ ਡਾਕਟਰ ਪੰਪੋਸ਼ ਦੀ ਖੁਦਕੁਸ਼ੀ ਦੇ ਰੋਸ ਵਜੋਂ, ਜਗਰਾਓਂ ਸ਼ਹਿਰ ਵਿਚ ਇੱਕ ਵਿਸ਼ਾਲ ਮੋਮਬੱਤੀ ਮਾਰਚ ਕੱਢਿਆ ਗਿਆ। ਇਹ ਰੋਸ ਮਾਰਚ ਮਿਉਂਸਪਲ ਕਮੇਟੀ ਤੋਂ ਸ਼ੁਰੂ ਹੋ ਕੇ ਕਮਲ ਚੌਂਕ ਵਿੱਚੋ ਲੰਘਦਾ ਹੋਇਆ, ਡਾਕਟਰ ਕਲਿਆਣੀ ਹਸਪਤਾਲ ਮੂਹਰੋਂ ਲੰਘਕੇ ਝਾਂਸੀ ਰਾਣੀ ਚੌਂਕ ਵਿੱਚ ਪੁਜਿਆ। ਸਮੂਹ ਇਨਸਾਫ਼ ਪਸੰਦ ਜੱਥੇਬੰਦੀਆਂ ਨੇ ਉਨ੍ਹਾਂ ਦੋਸ਼ੀਆ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਜਿਨ੍ਹਾਂ ਨੇ ਡਾਕਟਰ ਪੰਪੋਸ਼ ਨੂੰ ਮਾਨਸਿਕ ਪ੍ਰੇਸ਼ਾਨ ਕਰਕੇ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ, ਜੋ ਕਿ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਵਿਦਿਆਰਥਣ ਸੀ। ਇਸ ਰੋਸ ਮਾਰਚ ਵਿੱਚ, ਸੁਖਦੇਵ ਸਿੰਘ ਹਠੂਰ, ਕਮਲਜੀਤ ਖੰਨਾ, ਮਾਸਟਰ ਰਣਜੀਤ ਸਿੰਘ ਹਠੂਰ, ਇੰਦਰਜੀਤ ਸਿੰਘ ਧਾਲੀਵਾਲ, ਅਮਰਜੀਤ ਸਿੰਘ ਚੀਮਾ, ਮਸਤਾਨ ਸਿੰਘ, ਸਤਿਨਾਮ ਸਿੰਘ, ਡਾਕਟਰ ਜਸਵੀਰ ਸਿੰਘ, ਮੈਨੇਜਰ ਜਸਵੰਤ ਸਿੰਘ, ਜਗਤਾਰ ਸਿੰਘ ਚੀਮਾ, ਹਰਨੇਕ ਸਿੰਘ ਗੁਰੂ, ਘਮੰਡਾ ਸਿੰਘ, ਅਮਰਨਾਥ ਸਿੰਘ,ਮੈਡਮ ਰਾਮਪ੍ਰਕਾਸ਼ ਕੌਰ, ਦਲਜੀਤ ਕੌਰ, ਗੁਰਦੇਵ ਕੌਰ ਆਦਿ ਦੀ ਵਿਸ਼ਾਲ ਇਕੱਤਰਤਾ ਸੀ।









# ਅਯੁੱਧਿਆ: 2024 'ਚ ਰਾਮ ਲੱਲਾ ਦੀ ਮੂਰਤੀ ਹੋਵੇਗੀ ਸਥਾਪਿਤ



**ਠਾਣੇ–** ਰਾਮ ਮੰਦਰ ਦੇ ਨਿਰਮਾਣ ਅਤੇ ਪ੍ਰਬੰਧਨ ਲਈ ਸਥਾਪਿਤ ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਦੇ ਖਜਾਨਚੀ ਸਵਾਮੀ ਗੋਵਿੰਦ ਗਿਰੀ ਮਹਾਰਾਜ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਨਵਰੀ 2024 ਦੇ ਤੀਜੇ ਹਫ਼ਤੇ ਅਯੁੱਧਿਆ ਵਿਚ ਬਣ ਰਹੇ ਮੰਦਰ ਵਿਚ ਭਗਵਾਨ ਰਾਮ ਲੱਲਾ ਦੀ ਮੂਰਤੀ ਉਸ ਦੇ ਮੂਲ ਅਸਥਾਨ 'ਤੇ ਸਥਾਪਿਤ ਕਰਨਗੇ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿਚ ਡੋਂਬਿਵਲੀ ਵਿਚ ਇਕ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੰਦਰ ਦਾ ਨਿਰਮਾਣ ਕਾਰਜ ਪੂਰੇ-ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ। ਜਨਵਰੀ 2024 ਦੇ ਤੀਜੇ ਹਫ਼ਤੇ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਰ ਕਮਲਾਂ ਨਾਲ ਰਾਮ ਲੱਲਾ ਦੀ ਮੂਰਤੀ ਉਸ ਦੇ ਮੂਲ ਅਸਥਾਨ 'ਤੇ ਸਥਾਪਿਤ ਕਰ ਦਿੱਤੀ ਜਾ ਜਾਵੇਗੀ। ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਕਰੀਬੀ ਸਹਾਇਕ ਨੇ ਬੁੱਧਵਾਰ ਨੂੰ ਦੱਸਿਆ ਕਿ ਮੁੱਖ ਮੰਤਰੀ ਇਸ ਮਹੀਨੇ ਦੇ ਅਖੀਰ ਵਿਚ ਵਿਧਾਨਸਭਾ ਦਾ ਬਜਟ ਸੈਸ਼ਨ ਖ਼ਤਮ ਹੋਣ ਤੋਂ ਬਾਅਦ ਅਯੁੱਧਿਆ ਜਾਣਗੇ। ਉਨ੍ਹਾਂ ਦੱਸਿਆ ਕਿ ਸ਼ਿੰਦੇ 25 ਮਾਰਚ ਨੂੰ ਖ਼ਤਮ ਹੋ ਰਹੇ ਬਜਟ ਸੈਸ਼ਨ ਤੋਂ ਬਾਅਦ ਅਯੁੱਧਿਆ ਜਾ ਕੇ ਭਗਵਾਨ ਰਾਮ ਦੀ ਪੂਜਾ ਕਰਨਗੇ। ਇਸ ਖਬਰ ਨਾਲ ਸਾਰੇ ਹਿੰਦੂ ਧਰਮ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

# ਸਰਵੇਖਣ: ਲਾਹੌਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ

**ਨਵੀਂ ਦਿੱਲੀ–** ਦੁਨੀਆ ਦੇ 131 ਦੇਸ਼ਾਂ ਦੇ ਅੰਕੜਿਆਂ ਦੇ ਆਧਾਰ 'ਤੇ ਸਵਿਸ ਫਰਮ 'ਆਈਕਿਊ ਏਅਰ' ਨੇ 'ਵਰਲਡ ਏਅਰ ਕੁਆਲਿਟੀ ਰਿਪੋਰਟ' ਨਾਂ ਨਾਲ ਆਪਣੀ ਰਿਪੋਰਟ ਜਾਰੀ ਕੀਤੀ। ਵਰਲਡ ਏਅਰ ਕੁਆਲਿਟੀ ਰਿਪੋਰਟ ਮੁਤਾਬਕ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਚਾਡ ਹੈ। ਜਿੱਥੇ ਔਸਤਨ ਹਵਾ ਪ੍ਰਦੂਸ਼ਣ ਪੀਐਮ 2.5 ਦੇ ਪੱਧਰ 'ਤੇ 89.7 ਪਾਇਆ ਗਿਆ ਹੈ। ਇਰਾਕ ਦੂਜਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦਾ ਨਾਂ ਤੀਜੇ ਨੰਬਰ 'ਤੇ ਅਤੇ




ਬਹਿਰੀਨ ਦਾ ਨਾਂ ਚੌਥੇ ਨੰਬਰ 'ਤੇ ਹੈ। ਪਾਕਿਸਤਾਨ ਦਾ ਲਾਹੌਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣ ਗਿਆ ਹੈ। ਸ਼ਹਿਰ ਨੇ ਆਈਕਿਊ ਏਅਰ ਦੇ ਸਾਲਾਨਾ ਸਰਵੇਖਣ ਵਿੱਚ ਪਹਿਲੇ ਸਥਾਨ ਦਾ ਦਾਅਵਾ ਕਰਨ ਲਈ 10 ਸਥਾਨਾਂ ਦੀ ਛਾਲ ਮਾਰੀ ਹੈ।

ਆਈਕਿਊ ਏਅਰ ਦੀ ਮੰਗਲਵਾਰ ਨੂੰ ਪ੍ਰਕਾਸ਼ਿਤ ਰਿਪੋਰਟ 'ਚ ਮੱਧ ਅਫਰੀਕੀ ਦੇਸ਼ ਚਾਡ ਨੂੰ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਦੱਸਿਆ ਗਿਆ ਹੈ। ਇਸ ਤੋਂ ਪਹਿਲਾਂ ਇਹ ਖਿਤਾਬ ਬੰਗਲਾਦੇਸ਼ ਕੋਲ ਸੀ। ਫੇਫੜਿਆਂ ਨੂੰ ਨੁਕਸਾਨ ਪਹੁੰਚ-ਾਉਣ ਵਾਲੇ ਹਵਾ ਦੇ ਕਣਾਂ ਨੂੰ ਪੀਐਮ 2.5 ਕਿਹਾ ਜਾਂਦਾ ਹੈ। ਪੱਧਰਾਂ ਨੂੰ ਹਵਾ ਵਿੱਚ ਉਹਨਾਂ ਦੀ ਮੌਜੂਦਗੀ ਦੇ ਅਧਾਰ ਤੇ ਹਵਾ ਦੀ ਗੁਣਵੱਤਾ ਦੁਆਰਾ ਮਾਪਿਆ ਜਾਂਦਾ ਹੈ। ਆਈਕਿਊ ਏਅਰਨੇ ਆਪਣੇ ਸਰਵੇਖਣ ਵਿੱਚ ਖੋਜਕਰਤਾਵਾਂ ਅਤੇ ਸਰਕਾਰੀ ਸੰਸਥਾਵਾਂ ਦੇ ਅੰਕੜਿਆਂ ਦੀ ਵਰਤੋਂ ਕੀਤੀ। ਲਾਹੌਰ ਦੀ ਹਵਾ ਦੀ ਗੁਣਵੱਤਾ ਨੂੰ ਸਭ ਤੋਂ ਖਰਾਬ ਮੰਨਿਆ ਗਿਆ। ਇੱਥੇ ਪੀਐਮ 2.5 ਕਣ 97.4 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹਵਾ ਤੱਕ ਪਾਏ ਗਏ।

ਇਕ ਸਾਲ ਪਹਿਲਾਂ ਇਨ੍ਹਾਂ ਕਣਾਂ ਦੀ ਗਿਣਤੀ 86.5 ਪ੍ਰਤੀ ਘਣ ਮੀਟਰ ਸੀ। ਦੁਨੀਆ ਦਾ ਦੂਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਚੀਨ ਦਾ ਹੋਟਨ ਸਿਟੀ ਹੈ। ਚੋਟੀ ਦੇ 20 ਪ੍ਰਦੂਸ਼ਿਤ ਸ਼ਹਿਰਾਂ ਵਿੱਚ ਇਹ ਚੀਨ ਦਾ ਇੱਕੋ ਇੱਕ ਸ਼ਹਿਰ ਹੈ। ਹੋਟਨ 'ਚ ਹਵਾ 'ਚ ਪੀਐਮ 2.5 ਦੇ 94.3 ਪੱਧਰ 'ਤੇ ਪਾਇਆ ਗਿਆ। ਪਿਛਲੇ ਸਾਲ ਹੋਟਨ ਦੀ ਹਵਾ ਵਿੱਚ ਪੀਐਮ 2.3 ਦਾ ਪੱਧਰ 101.5 ਸੀ। ਇਸ ਸੂਚੀ 'ਚ ਭਾਰਤ ਅੱਠਵੇਂ ਨੰਬਰ 'ਤੇ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਵਾ ਪ੍ਰਦੂਸ਼ਣ ਕਾਰਨ ਭਾਰਤ ਨੂੰ 150 ਬਿਲੀਅਨ ਡਾਲਰ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਭਾਰਤ ਵਿੱਚ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਕ ਟਰਾਂਸਪੋਰਟ ਸੈਕਟਰ ਹੈ, ਜੋ ਕੁੱਲ ਪ੍ਰਦੂਸ਼ਣ ਦਾ 20-35 ਫੀਸਦੀ ਪ੍ਰਦੂਸ਼ਣ ਕਰਦਾ ਹੈ।

# ਅੱਤਵਾਦੀਆਂ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਸਮਾਗਮ ਨੂੰ ਉਡਾਉਣ ਦੀ ਦਿੱਤੀ ਧਮਕੀ

**ਅੰਮ੍ਰਿਤਸਰ–** 23 ਮਾਰਚ 2023 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਹਰ ਸਾਲ ਦੀ ਤਰ੍ਹਾਂ ਲਾਹੌਰ ਪਾਕਿਸਤਾਨ ਵਿਖੇ ਮਨਾਇਆ ਜਾਂਦਾ ਹੈ।ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸ਼ਹੀਦੀ ਦਿਹਾੜਾ ਮਨਾਉਣ ਤੋਂ ਰੋਕਦੇ ਹੋਏ ਪਾਕਿ ਵਿਚਲੇ ਅੱਤਵਾਦੀ ਸੰਗਠਨ ਨੇ ਸਮਾਗਮ ਨੂੰ ਉਡਾਉਣ ਦੀ ਧਮਕੀ ਦਿੱਤੀ ਹੈ। ਭਗਤ ਸਿੰਘ ਫਾਊਂਡੇਸ਼ਨ ਨੇ ਅੱਤਵਾਦੀ ਸੰਗਠਨਾਂ ਦੀ ਪ੍ਰਵਾਹ ਨਾ ਕਰਦਿਆਂ ਇਹ ਦਿਨ ਪਹਿਲਾਂ ਵਾਂਗ ਹੀ ਵੱਡੀ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਲਿਆ ਹੈ। ਇਸ ਸਬੰਧੀ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਆਗੂ ਜਨਾਬ ਕੁਰੈਸ਼ੀ ਨੇ ਕਿਹਾ ਕਿ ਉਨ੍ਹਾਂ ਨੂੰ ਪਿਛਲੇ ਦਿਨਾਂ ਤੋਂ ਕਈ ਅੱਤਵਾਦੀ ਸੰਗਠਨਾਂ ਵੱਲੋਂ ਇਹ ਸਮਾਗਮ ਨਾ ਕਰਨ ਲਈ ਧਮਕਾਇਆ ਜਾ ਰਿਹਾ ਹੈ।



# ਭਾਰਤ ਦਾ ਰਹੱਸਮਈ ਪਿੰਡ ਜਿੱਥੇ ਪੈਦਾ ਹੁੰਦੇ ਜੁੜਵੇਂ ਬੱਚੇ !

**ਕੇਰਲਾ–** ਜੁੜਵਾਂ ਲੋਕਾਂ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ। ਸਮਾਨ ਦਿੱਖ ਵਾਲੇ ਦੋ ਲੋਕਾਂ ਨੂੰ ਦੇਖਣਾ ਬਹੁਤ ਦਿਲਚਸਪ ਹੁੰਦਾ ਹੈ। ਜਦੋਂ ਵੀ ਜੁੜਵਾਂ ਭਰਾ-ਭੈਣ ਆਲੇ-ਦੁਆਲੇ ਤੋਂ ਬਾਹਰ ਨਿਕਲਦੇ ਹਨ ਤਾਂ ਲੋਕ ਉਨ੍ਹਾਂ ਨੂੰ ਦੇਖਣ ਲੱਗ ਪੈਂਦੇ ਹਨ ਪਰ ਕੇਰਲਾ ਦਾ ਇੱਕ ਪਿੰਡ ਹੈ ਜਿੱਥੇ ਤੁਸੀਂ ਜਦੋਂ ਬਾਹਰ ਨਿਕਲੋਗੇ ਤਾਂ ਤੁਹਾਨੂੰ ਇੰਨੇ ਜੁੜਵੇਂ ਬੱਚੇ ਨਜ਼ਰ ਆਉਣਗੇ ਕਿ ਉਨ੍ਹਾਂ ਵੱਲ ਮੁੜ ਕੇ ਵੇਖਦੇ ਹੋਏ ਤੁਹਾਡੀ ਗਰਦਨ ਵਿੱਚ ਦਰਦ ਹੋ ਜਾਵੇਗਾ। ਕੇਰਲਾ ਦੇ ਮੱਲਪੁਰਮ ਜ਼ਿਲ੍ਹੇ ਵਿੱਚ ਇੱਕ ਪਿੰਡ ਹੈ ਜਿਸਦਾ ਨਾਮ ਕੋਡਿਨੀ ਹੈ। ਇਹ ਪਿੰਡ ਇੱਕ ਰਹੱਸਮਈ ਜਗ੍ਹਾ ਹੈ ਜਿਸ ਵਿੱਚ 400 ਤੋਂ ਵੱਧ ਜੁੜਵਾਂ ਰਹਿੰਦੇ ਹਨ। ਪਿੰਡ ਜਾ ਕੇ ਤੁਹਾਨੂੰ ਇੰਝ ਲੱਗੇਗਾ ਜਿਵੇਂ ਤੁਸੀਂ ਕਿਸੇ ਅਜੀਬ ਦੁਨੀਆ ਵਿੱਚ ਆਏ ਹੋ। ਇੰਡੀਆਟਾਈਮ ਦੀ ਰਿਪੋਰਟ ਅਨੁਸਾਰ ਇਸਦੀ ਕੁੱਲ ਆਬਾਦੀ 2000 ਹੈ ਅਤੇ ਇੱਥੇ 400 ਤੋਂ ਵੱਧ ਜੁੜਵਾਂ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਡਾਕਟਰ ਵੀ ਨਹੀਂ ਜਾਣਦੇ ਕਿ ਅਜਿਹਾ ਕਿਉਂ ਹੈ ਕਿ ਇਸ ਜਗ੍ਹਾ 'ਤੇ ਇੰਨੇ ਲੋਕ ਰਹਿ ਰਹੇ ਹਨ। ਪੂਰੇ ਭਾਰਤ ਵਿੱਚ ਇਸ ਵਿੱਚ ਜੁੜਵਾਂ ਬੱਚਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਕੋਡੀਨੀ ਕੋਚੀ ਤੋਂ 150 ਕਿਲੋਮੀਟਰ ਦੂਰ ਮੁਸਲਿਮ ਬਹੁਗਿਣਤੀ ਵਾਲਾ ਪਿੰਡ ਹੈ। ਇੰਡੀਆਟਾਈਮ ਦੀ ਰਿਪੋਰਟ ਅਨੁਸਾਰ ਇਸਦੀ ਕੁੱਲ ਆਬਾਦੀ 2000 ਹੈ ਅਤੇ ਇੱਥੇ 400 ਤੋਂ ਵੱਧ ਜੁੜਵਾਂ ਹਨ। ਪਿੰਡ ਦੇ ਸਭ ਤੋਂ ਪੁਰਾਣੇ ਜੁੜਵੇਂ ਬੱਚੇ ਅਬਦੁਲ ਹਮੀਦ ਅਤੇ ਉਸਦੀ ਜੁੜਵਾ ਭੈਣ ਕੁੰਹੀ ਕਾਦੀਆ ਹਨ। ਸਾਲ 2008 ਵਿੱਚ 300 ਬੱਚਿਆਂ ਵਿੱਚ ਕਰੀਬ 30 ਜੁੜਵਾ ਬੱਚੇ ਸਨ। ਪਰ ਹੌਲੀ-ਹੌਲੀ ਇਹ ਗਿਣਤੀ ਵਧ ਕੇ 60 ਤੱਕ ਪਹੁੰਚ ਗਈ। ਪਿੰਡ ਦੇ ਸਭ ਤੋਂ ਪੁਰਾਣੇ ਜੁੜਵੇਂ ਬੱਚੇ ਅਬਦੁਲ ਹਮੀਦ ਅਤੇ ਉਸਦੀ ਜੁੜਵਾ ਭੈਣ ਕੁੰਹੀ ਕਾਦੀਆ ਹਨ। ਸਾਲ 2008 ਵਿੱਚ 300 ਬੱਚਿਆਂ ਵਿੱਚ ਕਰੀਬ 30 ਜੁੜਵਾ ਬੱਚੇ ਸਨ। ਪਰ ਹੌਲੀ-ਹੌਲੀ ਇਹ ਗਿਣਤੀ ਵਧ ਕੇ 60 ਤੱਕ ਪਹੁੰਚ ਗਈ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਮਾਵਾਂ ਵਿੱਚ ਕੋਈ ਸਰੀਰਕ ਵਿਗਾੜ ਹੋ ਸਕਦਾ ਹੈ ਜਿਸ ਕਾਰਨ ਅਜਿਹਾ ਹੋਇਆ ਹੋਵੇਗਾ ਪਰ ਇਹ ਸੱਚ ਨਹੀਂ ਹੈ। ਔਰਤਾਂ ਬਿਲਕੁਲ ਸਿਹਤਮੰਦ ਹਨ। ਨਾ ਹੀ ਜਨਮ ਲੈਣ ਵਾਲੇ ਬੱਚਿਆਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਹੁੰਦੀ।




ਪੂਰੀ ਦੁਨੀਆ 'ਚ 1000 ਬੱਚਿਆਂ 'ਚ 4 ਜੁੜਵਾ ਬੱਚੇ ਪੈਦਾ ਹੁੰਦੇ ਹਨ, ਜਦਕਿ ਭਾਰਤ 'ਚ 1000 ਬੱਚਿਆਂ 'ਚ 9 ਜੁੜਵਾ ਬੱਚੇ ਪੈਦਾ ਹੁੰਦੇ ਹਨ ਪਰ ਇਸ ਪਿੰਡ 'ਚ 1000 ਬੱਚਿਆਂ 'ਚ 45 ਜੁੜਵਾ ਬੱਚੇ ਪੈਦਾ ਹੁੰਦੇ ਹਨ। ਔਸਤ ਦੇ ਲਿਹਾਜ਼ ਨਾਲ ਇਹ ਦੁਨੀਆ ਦਾ ਦੂਜਾ ਸਥਾਨ ਹੈ ਜਿੱਥੇ ਇੰਨੇ ਜੁੜਵੇਂ ਬੱਚੇ ਹਨ।

ਦੱਸ ਦੇਈਏ ਕਿ ਨਾਈਜੀਰੀਆ ਦੇ ਇਗਬੋ ਓਰਾ ਵਿੱਚ ਸਭ ਤੋਂ ਵੱਧ ਜੁੜਵਾਂ ਬੱਚਿਆਂ ਦਾ ਜਨਮ ਹੋਇਆ ਹੈ। ਇੱਥੇ 1000 ਬੱਚਿਆਂ 'ਤੇ 145 ਜੁੜਵਾਂ ਹਨ। ਇਸ ਨੂੰ ਦੁਨੀਆ ਦੀ ਜੁੜਵੀਂ ਰਾਜਧਾਨੀ ਕਿਹਾ ਜਾਂਦਾ ਹੈ। ਕੇਰਲ ਦੇ ਇਸ ਪਿੰਡ 'ਚ ਰਹਿਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਇਹ ਭਗਵਾਨ ਦਾ ਆਸ਼ੀਰਵਾਦ ਹੈ ਕਿ ਇੱਥੇ ਇੰਨੇ ਜੁੜਵਾ ਬੱਚੇ ਪੈਦਾ ਹੋ ਰਹੇ ਹਨ।

# ਗੁਆਂਢਣ ਦਾ ਦਿਲ ਕੱਢ ਕੇ ਆਲੂਆਂ ਨਾਲ ਪਕਾਉਣ ਵਾਲੇ ਨੂੰ ਹੋਈ ਉਮਰ ਕੈਦ

**ਵਾਸ਼ਿੰਗਟਨ–** ਇੱਥੇ ਇਕ ਵਿਅਕਤੀ ਵਲੋਂ ਸਨਸਨੀਖੇਜ਼ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਮਰੀਕਾ ਦੇ ਓਕਲਾਹੋਮਾ ਵਿਚ ਲਾਰੈਂਸ ਪਾਲ ਐਂਡਰਸਨ ਨਾਮੀ ਵਿਅਕਤੀ ਨੇ ਆਪਣੇ ਗੁਆਂਢ ਵਿਚ ਰਹਿਣ ਵਾਲੀ ਐਂਡ੍ਰਿਆ ਲਿਨ ਬਲੈਂਕਸ਼ਿਪ ਨਾਮੀ ਔਰਤ ਦੀ ਹੱਤਿਆ ਕਰ ਦਿੱਤੀ। ਉਸ ਤੋਂ ਬਾਅਦ ਉਸਦਾ ਦਿਲ ਕੱਢ ਕੇ ਉਸਨੂੰ ਆਲੂਆਂ ਨਾਲ ਪਕਾਇਆ ਅਤੇ ਫਿਰ ਆਪਣੇ ਪਰਿਵਾਰਕ ਮੈਂਬਰਾਂ ਨੂੰ ਖੁਆ ਦਿੱਤਾ,




ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ। ਉਸ ਤੋਂ ਬਾਅਦ ਹੱਤਿਆਰੇ ਨੇ ਆਪਣੇ ਅੰਕਲ ਲਿਓਨ ਪੇ ਅਤੇ ਉਨ੍ਹਾਂ ਦੀ 4 ਸਾਲਾਂ ਦੀ ਪੋਤੀ ਕੈਓਸ ਯੇਟਸ ਦੀ ਵੀ ਹੱਤਿਆ ਕਰ ਦਿੱਤੀ। ਉਸਦੀ ਆਂਟੀ ਡੇਲਸੀ ਪੇ ਹਮਲੇ 'ਚ ਬਚ ਗਈ। ਅਦਾਲਤ ਨੇ ਉਸਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਪਹੁੰਚੀ ਪੁਲਸ ਨੇ ਹੱਤਿਆਰੇ ਨੂੰ ਓਦੋਂ ਫੜਿਆ ਜਦੋਂ ਉਹ ਸਿਰ੍ਹਾਣੇ 'ਤੇ ਉਲਟੀ ਕਰ ਰਿਹਾ ਸੀ। ਉਸਨੇ ਅਧਿਕਾਰੀਆਂ ਨੂੰ ਬਲੈਂਕਸ਼ਿਪ ਬਾਰੇ ਦੱਸਿਆ।

# ਆਪਣੇ ਭਾਰਤੀ ਪਤੀ ਨੂੰ ਨਿਊਜ਼ੀਲੈਂਡ ਤੋਂ ਲੈਣ ਗਈ ਮਹਿਲਾ ਦੇ ਪੱਲੇ ਨਹੀਂ ਪਇਆ ਪਤੀ-ਵੀਜ਼ਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਇਕ 37 ਸਾਲਾ ਮਹਿਲਾ (ਲੀਜ਼ਾ ਐਨ ਮਿਊਰ) ਨੇ 28 ਸਾਲਾ ਭਾਰਤੀ ਮੁੰਡੇ (ਰਾਹੁਲ ਸ਼ਰਮਾ) ਨਾਲ 2018 ਦੇ ਵਿਚ ਵਿਆਹ ਕਰਵਾਇਆ ਸੀ, ਪਰ ਇਮੀਗ੍ਰੇਸ਼ਨ ਨਿਊਜ਼ੀਲੈਂਡ ਵਾਲੇ ਇਸ ਵਿਆਹ ਨੂੰ ਸ਼ੱਕੀ ਮੰਨਦੇ ਹਨ। ਉਸ ਦਾ ਨਿਊਜ਼ੀਲੈਂਡ ਵੀਜ਼ਾ ਫਰਵਰੀ ਮਹੀਨੇ ਰੱਦ ਕਰ ਦਿੱਤਾ ਗਿਆ। ਉਂਝ ਇਸਨੇ ਪੱਕੀ ਰੈਜੀਡੈਂਸੀ ਵਾ ਪਾਈ ਹੋਈ ਹੈ। ਵੀਜ਼ਾ ਨਾ ਦੇਣ ਸਬੰਧੀ, ਅਧਾਰ ਰੂਪ ਵਿਚ ਇਮੀਗ੍ਰੇਸ਼ਨ ਕੋਲ ਇਸ ਭਾਰਤੀ ਮੁੰਡੇ ਦਾ ਲੰਬਾ-ਚੌੜਾ ਮਾੜਾ-ਚੰਗਾ ਰਿਕਾਰਡ ਤੇ ਕੀਤੇ ਕਾਰੇ ਅਤੇ ਕਿੱਸ ਭੰਡਾਰ ਪਿਆ ਹੈ। ਇਹ 37 ਸਾਲਾ ਮਹਿਲਾ ਉਸਨੂੰ ਭਾਰਤ ਤੋਂ ਵਾਪਿਸ ਲਿਆਉਣ ਵਾਸਤੇ ਇੰਡੀਆ ਗਈ ਹੋਈ ਹੈ ਅਤੇ 7 ਮਹੀਨਿਆਂ ਦੀ ਗਰਭਵਤੀ ਵੀ ਹੈ। ਇਸ ਨੇ ਕਈ ਤਰ੍ਹਾਂ ਦੇ ਤਰਲੇ ਪਾਏ ਹਨ ਕਿ ਇੰਡੀਆ ਦੇ ਵਿਚ ਉਸਦੇ ਹੋਣ ਵਾਲੇ ਬੱਚੇ ਦਾ ਜਨਮ ਹੋਣਾ ਸੁਰੱਖਿਅਤ ਨਹੀਂ ਹੈ। ਇਹ ਮਹਿਲਾ ਜੁਲਾਈ 2021 ਤੋਂ ਇੰਡੀਆ ਗਈ ਹੋਈ ਹੈ ਤੇ ਮਾਨਸਿਕ ਪੀੜਾ ਸਹਿਣ ਕਰ ਰਹੀ ਹੈ। ਉਸਨੇ ਤਰਲਾ ਮਾਰਿਆ ਕਿ ਉਸਦੀ ਦੇਖਭਾਲ ਵਾਸਤੇ ਉਸਦਾ ਪਤੀ ਹੀ ਹੈ ਅਤੇ ਉਸਨੂੰ ਵੀਜ਼ਾ ਨਹੀਂ ਦਿੱਤਾ ਜਾ ਰਿਹਾ। ਉਸਨੇ ਕਿਹਾ ਕਿ ਉਸਨੇ ਭਾਰਤੀ ਪਤੀ ਨੇ ਆਪਣੀ ਜਾਇਦਾਦ ਵੀ ਵੇਚਣੀ ਸ਼ੁਰੂ ਕਰ ਦਿੱਤੀ ਹੈ। ਇਹ ਭਾਰਤੀ ਮੁੰਡਾ




ਇਸ ਮਹਿਲਾ ਨੂੰ 2017 ਦੇ ਵਿਚ ਮਿਲਿਆ ਸੀ ਜਦੋਂ ਉਹ ਵਿਦਿਆਰਥੀ ਵੀਜ਼ੇ 'ਤੇ ਸੀ। ਜੂਨ 2018 ਵਿਚ ਉਨ੍ਹਾਂ ਨੇ ਵਿਆਹ ਕਰਵਾਇਆ ਸੀ।

ਇਸ ਭਾਰਤੀ ਮੁੰਡੇ ਨੇ ਇਕ ਸਾਲ ਬਾਅਦ ਆਪਣੀ ਬੇਵਫਾਈ ਦਾ ਪਛਤਾਵਾ ਵੀ ਉਸ ਕੋਲ ਪ੍ਰਗਟ ਕੀਤਾ ਸੀ ਅਤੇ ਕਿਹਾ ਉਸਦੇ ਦੇ ਦੋ ਹੋਰ ਮਹਿਲਾ ਦੋਸਤਾਂ ਨਾਲ ਸਰੀਰਕ ਸਬੰਧ ਰਹੇ ਹਨ। ਇਮੀਗ੍ਰੇਸ਼ਨ ਦੇ ਕਾਗਜ਼ਾਂ ਅਨੁਸਾਰ ਇਸਦੀ ਕਈ ਵਾਰ ਪੁਲਿਸ ਕੋਲ ਸ਼ਿਕਾਇਤ ਵੀ ਹੋ ਚੁੱਕੀ ਹੈ ਅਤੇ ਇਸਦਾ ਊਬਰ ਲਾਇਸੰਸ ਵੀ ਰੋਕਿਆ ਗਿਆ। 2018 ਦੀ ਇਕ ਸ਼ਿਕਾਇਤ ਵਿਚ ਇਸ ਮੁੰਡੇ ਦੇ ਇਕ ਔਰਤ ਨੂੰ ਪੈਸੇ ਦਾ ਲਾਲਚ ਦੇ ਕੇ ਸਰੀਰਕ ਸਬੰਧ ਬਨਾਉਣ ਵਾਸਤੇ ਵੀ ਕਿਹਾ। ਸਾਲ ਬਾਅਦ ਇਸਨੇ ਉਸ ਨਾਲ ਗੈਰ ਸਹਿਮਤੀ ਨਾਲ ਸਰੀਰਕ ਸਬੰਧ ਵੀ ਬਣਾਇਆ। ਇਸਨੂੰ ਟ੍ਰੈਸ ਪਾਸ ਵੀ ਦਿੱਤਾ ਗਿਆ। ਇਸ ਮੁੰਡੇ ਨੇ ਦੋਸ਼ਾਂ ਨੂੰ ਨਕਾਰਿਆ ਹੈ। 2020 ਦੇ ਵਿਚ ਨਿਊਜ਼ੀਲੈਂਡ ਟ੍ਰਾਂਸਪੋਰਟ ਏਜੰਸੀ ਦੇ ਕੋਲ ਇਕ ਸ਼ਿਕਾਇਤ ਆਈ ਤੇ ਇੰਡੋਰਸਮੈਂਟ ਕੈਂਸਿਲ ਕਰਨੀ ਪਈ ਕਿਉਂਕਿ ਉਸਨੇ ਇਕ ਸਵਾਰੀ ਨੂੰ ਗਲਤ ਕੁਮੈਂਟ ਕੀਤਾ ਸੀ। ਇਸ ਤਰ੍ਹਾਂ ਤਿੰਨ ਸਾਲਾਂ ਵਿਚ ਚਾਰ ਅਜਿਹੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਕਰਕੇ ਇਸਦਾ ਰਿਕਾਰਡ ਖਰਾਬ ਹੋ ਗਿਆ। ਸੋ ਵੀਜ਼ਾ ਕਿਸਦੇ ਹਿੱਸੇ? ਆਉਣਾ ਹੈ ਕਿੱਸੇ ਪਰਖਣ ਬਾਅਦ ਹੀ ਪਤਾ ਲਗਦਾ ਹੈ।

# ਯੁੱਗਪੁਰਸ਼ ਸਾਹਿਬ ਕਾਸ਼ੀ ਰਾਮ ਜੀ ਦੇ ਸੰਘਰਸ਼ ਭਰੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅੱਜ ਵੀ ਜ਼ਰੂਰ ਹੈ- ਸਤਵਿੰਦਰ ਮਦਾਰਾ









ਯੁੱਗਪੁਰਸ਼ ਸਾਹਿਬ ਕਾਸ਼ੀ ਰਾਮ ਜੀ ਜਿਸ ਨੇ ਆਪਣੇ ਜੀਵਨ ਵਿੱਚ ਬਹੁਜਨ ਸਮਾਜ ਵਿੱਚ ਜਨਮੇ ਅਨੇਕਾਂ ਮਹਾਂਪੁਰਸ਼ , ਜਿਨ੍ਹਾਂ ਨੇ ਸਮੇਂ ਸਮੇਂ ਸਿਰ ਆਪਣੇ ਸਮਾਜ ਦੇ ਲੋਕਾਂ ਦੇ ਜੀਵਨ ਦੇ ਆਪਣੇ ਅਸਤਿੱਤਵ ਦੀ ਹੋਂਦ ਨੂੰ ਜਿਊਂਦਾ ਰੱਖਣ ਵਿੱਚ ਹਮੇਸ਼ਾ ਆਦਿ ਵਾਸੀ ਲੋਕਾਂ ਦੇ ਬਣਦੇ ਹੱਕ ਹੂਕਕ ਲੈਕੇ ਦੇਣ ਲਈ ਅਤੇ ਮਾਨਵੀ ਅਧਿਕਾਰਾਂ ਨੂੰ ਜਿਉਂਦੇ ਰੱਖਣ ਲਈ ਆਪਣੇ ਐਸ਼ੋਂ ਅਰਾਮ ਨੂੰ ਤਿਆਗ ਕੇ ਹਮੇਸ਼ਾ ਆਦਿ ਵਾਸੀ ਬਹੁਜਨ ਸਮਾਜ ਦੇ ਲੋਕਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੇ, ਯੁੱਗ ਪੁਰਸ਼ ਸਾਹਿਬ ਕਾਸ਼ੀ ਰਾਮ ਜੀ ਦੇ ਉਸ ਸੰਘਰਸ਼ ਨੂੰ ਯਾਦ ਕਰਦਿਆਂ ਅੱਜ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮਦਿਨ ਤੇ ਵਿਸ਼ੇਸ਼ ਅਵਸਰ, "ਬਹੁਜਨ ਸਮਾਜ ਦਿਵਸ " ਦੇ ਮੌਕੇ ਤੇ ਉਨ੍ਹਾਂ ਦੇ ਇਤਿਹਾਸਕ ਜਨਮ ਸਥਾਨ ਪਿਰਥੀਪੁਰ ਬੁੰਗਾ ਸਾਹਿਬ ਵਿਖੇ



ਵਿਵੇਕ ਆਰਟਿਸਟ ਵਲੋਂ ਤਿਆਰ ਕੀਤਾ ਗਿਆ ਯੁੱਗਪੁਰਸ਼ ਸਾਹਿਬ ਕਾਸ਼ੀ ਰਾਮ ਜੀ ਦਾ ਚਿੱਤਰ ਦਾ ਚਿੱਤਰ, ਜਿਸ ਦਾ ਸਿ-



ਰਲੇਖ, "ਜਜ਼ਬਾ" ਹੈ, ਸਾਹਿਬ ਦੀ ਭੈਣ ਮਾਤਾ ਸਵਰਨ ਕੌਰ ਵਲੋਂ ਰਿਲੀਜ਼ ਕੀਤਾ ਗਿਆ।

ਇਸ ਮੌਕੇ ਤੇ ਮਾਤਾ ਸਵਰਨ ਕੌਰ ਅਤੇ ਉਨ੍ਹਾਂ ਦੇ ਬੇਟੇ ਰਵਿੰਦਰ ਸਿੰਘ ਅਤੇ ਪੂਰਾ ਪਰਿਵਾਰ, ਪ੍ਰਭਜੀਤ ਸਿੰਘ (ਸਾਹਿਬ ਦਾ ਭਾਣਜਾ), ਦਰਸ਼ਨ ਸਿੰਘ ਬਖ਼ਸ਼ੀਵਾਲਾ, ਪ੍ਰੋਫ਼ੈਸਰ ਅਰੁਣ ਚੌਧਰੀ ਦਿੱਲੀ, ਕੁਲਦੀਪ ਚੰਦ ਨੰਗਲ, ਲਖਵੀਰ ਸਿੰਘ (ਸਾਹਿਬ ਦਾ ਭਤੀਜਾ), ਦਿਨੇਸ਼ ਖਾਪੜ ਹਰਿਆਣਾ, ਅਮਿਤ ਕੁਰੁਕਸ਼ੇਤਰ, ਅਮਰਜੀਤ ਜੱਸਲ ਲੱਲੀਆਂ ਜਲੰਧਰ ਅਤੇ ਦੇਸ਼ ਦੇ ਕਈ ਹਿੱਸਿਆਂ ਤੋਂ ਪਹੁੰਚੇ ਸਾਹਿਬ ਕਾਂਸ਼ੀ ਰਾਮ ਦੇ ਪੈਰੋਕਾਰ ਮੌਜੂਦ ਸਨ।

**ਰਿਪੋਰਟ–**
**ਚਰਨਜੀਤ ਸਿੰਘ ਬਿਨਪਾਲਕੇ**



ਪਹਿਲੀ ਵਾਰ ਅਨੁਸੂਚਿਤ ਜਾਤੀਆਂ ਅਤੇ ਸਮੁੱਚੇ ਬਹੁਜਨ ਸਮਾਜ ਨਾਲ ਸਬੰਧਿਤ ਮੰਗਾ ਪੂਰੀਆ ਕਰਵਾਉਣ ਲਈ ਬਹੁਜਨ ਸਮਾਜ ਪਾਰਟੀ, ਸ੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੇ ਐਮ ਐਲ ਏਜ ਵੱਲੋ ਸਾਝੇਂ ਤੌਰ ਤੇ ਪੰਜਾਬ ਵਿਧਾਨ ਸਭਾ ਵਿੱਚ ਪ੍ਰਦਰਸਨ ਕੀਤਾ ਗਿਆ। ਮੈ ਅਪਣੇ ਵੱਲੋ ਅਤੇ ਸਮੁੱਚੇ ਬਹੁਜਨ ਸਮਾਜ ਵੱਲੋ ਇਹਨਾ ਮਾਨਯੋਗ ਵਿਧਾਇਕ ਸਹਿਬਾਨਾਂ ਦਾ ਦਿਲੋ ਧੰਨਵਾਦ ਕਰਦਾ ਹਾ।

**–ਗੋਗੀ ਯੂਕੇ**

# ਹਰਜਿੰਦਰ ਸੂੰਨੀ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੇ ਪਰਧਾਨ ਚੁਣੇ ਗਏ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਇਕਾਈ ਬੰਗਾ ਦਾ ਚੋਣ ਇਜਲਾਸ ਡਾ। ਜੋਗਿੰਦਰ ਕੁੱਲੇਵਾਲ ਜੀ ਦੀ ਪ੍ਰਧਾਨਗੀ ਹੇਠ ਹੋਇਆ। ਸਭ ਤੋਂ ਪਹਿਲਾਂ ਮਾ ਜਗਦੀਸ਼ ਦੀ ਜੀਵਨ ਸਾਥਣ ਸ਼੍ਰੀਮਤੀ ਜਸਵੀਰ ਕੌਰ ਮੈਂਬਰ ਇਕਾਈ ਬੰਗਾ ਦੀ ਪਿਛਲੇ ਦਿਨੀਂ ਹੋਈ ਅਚਾਨਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਤੋਂ ਬਾਅਦ ਬਲਜੀਤ ਖਟਕੜ ਨੇ ਆਪਣੀ ਦੋ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਵਿਸਥਾਰ ਪੂਰਵਕ ਪੇਸ਼ ਕੀਤੀ। ਇਸ ਰਿਪੋਰਟ ਤੇ ਵਿਚਾਰ ਚਰਚਾ ਕਰਦਿਆਂ ਸਾਰੇ ਸੁਸਾਇਟੀ ਮੈਂਬਰਾਂ ਨੇ ਸ਼ਲਾਘਾ ਕੀਤੀ। ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਨੇ ਆਪਣੀ ਵਿੱਤ ਵਿਭਾਗ ਸੰਬੰਧੀ ਰਿਪੋਰਟ ਪੇਸ਼ ਕੀਤੀ। ਇਸ ਵਿੱਚ ਦੋ ਸਾਲਾਂ ਦੀ ਆਮਦਨ ਅਤੇ ਖ਼ਰਚ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕਾਈ ਵੱਲ੍ਹ ਜੋਨ ਅਤੇ ਸੂਬਾ ਕਮੇਟੀ ਦਾ ਕੋਈ ਵੀ ਬਕਾਇਆ ਨਹੀਂ ਹੈ ਇਸ ਸਬੰਧੀ ਸਾਰਿਆਂ ਨੇ ਚਰਚਾ ਕਰਦਿਆਂ ਸ਼ਲਾਘਾ ਕੀਤੀ। ਮਾਸਟਰ ਕੁਲਵਿੰਦਰ ਖਟਕੜ ਨੇ ਮਾਨਸਿਕ ਸਿਹਤ ਸੰਬੰਧੀ ਰਿਪੋਰਟ ਪੇਸ਼ ਕੀਤੀ। ਸੁਰੇਸ਼ ਕਰਨਾਣਾ ਜੀ ਨੇ ਸਾਹਿਤ ਤੇ ਸੱਭਿਆਚਾਰ ਸੰਬੰਧੀ ਰਿਪੋਰਟ ਪੇਸ਼ ਕੀਤੀ। ਜਸਵੀਰ ਮੋਰੋਂ ਨੇ ਮੀਡੀਆ ਵਿਭਾਗ ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟਾਂ ਤੇ ਚਰਚਾ ਤੋਂ ਬਾਅਦ ਇਕਾਈ ਬੰਗਾ ਨੂੰ ਭੰਗ ਕਰਕੇ ਕਾਰਵਾਈ ਰਜਿਸਟਰ ਡਾ ਜੋਗਿੰਦਰ ਕੁੱਲੇਵਾਲ ਜੀ ਨੂੰ ਸੋਂਪਿਆ ਗਿਆ ਅਤੇ ਨਵੀਂ ਇਕਾਈ ਦੀ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਗਈ। ਇਕਾਈ ਬੰਗਾ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੋਈ ਜਿਸ ਵਿੱਚ ਹਰਜਿੰਦਰ ਸੂੰਨੀ ਨੂੰ ਜਥੇਬੰਦਕ ਮੁਖੀ, ਮਾ। ਜਗਦੀਸ਼ ਰਾਏ ਪੁਰ ਡੱਬਾ ਨੂੰ ਮੁਖੀ ਵਿੱਤ ਵਿਭਾਗ, ਕੁਲਵਿੰਦਰ ਖਟਕੜ ਨੂੰ ਮੁਖੀ ਮਾਨਸਿਕ ਸਿਹਤ ਚੇਤਨਾ ਵਿਭਾਗ, ਮੋਹਨ ਬੀਕਾ ਨੂੰ ਮੁਖੀ ਮੀਡੀਆ ਵਿਭਾਗ ਅਤੇ ਸਤਨਾਮ ਖਟਕੜ ਨੂੰ ਸਾਹਿਤ ਅਤੇ ਸੱਭਿਆਚਾਰ ਵਿਭਾਗ ਦਾ ਮੁਖੀ ਚੁਣਿਆਂ ਗਿਆ। ਸਾਰੇ ਨਵੇਂ ਚੁਣੇ ਅਹੁਦੇਦਾਰਾਂ ਨੇ ਆਪਣੇ ਆਪਣੇ ਵਿਭਾਗ ਦੇ ਕੰਮ ਨੂੰ ਇਮਾਨਦਾਰੀ ਨਾਲ ਅੱਗੇ ਵਧਾਉਣ ਦਾ ਅਹਿਦ ਲਿਆ। ਉਪਰੰਤ ਤਰਕਸ਼ੀਲ ਮੈਗਜੀਨ ਦੀ ਵੰਡ ਕੀਤੀ। ਇਸ ਮੌਕੇ ਸੁਸਾਇਟੀ ਆਗੂਆਂ ਨੇ ਲੋਕਾਂ ਨੂੰ ਗੁੰਮਰਾਹਕੁੰਨ ਅਫਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਸੁਸਾਇਟੀ ਆਗੂਆਂ ਨੇ ਅਖੌਤੀ ਚਮਤਕਾਰੀਆਂ ਗੈਬੀ ਸ਼ਕਤੀਆਂ ਦੇ ਦਾਅਵੇਦਾਰਾਂ ਨੂੰ ਸਖ਼ਤ ਸ਼ਬਦਾਂ ਵਿੱਚ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਕੋਲ ਕੋਈ ਗੈਬੀ ਸ਼ਕਤੀ ਹੈ ਤਾਂ ਉਹ ਤਰਕਸ਼ੀਲ ਸੁਸਾਇਟੀ ਵੱਲੋਂ ਦਿੱਤੀ ਚੁਣੌਤੀ ਨੂੰ ਸਵੀਕਾਰ ਕਰਨ ਤੇ ਸੁਸਾਇਟੀ ਵੱਲੋਂ ਰੱਖਿਆ ਪੰਜ ,ਲੱਖ ਰੁਪਏ ਦਾ ਇਨਾਮ ਪ੍ਰਾਪਤ ਕਰਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰੇਸ਼ ਕਰਨਾਣਾ, ਹਰਚਰਨ ਨੌਰਾ, ਮੈਡਮ ਰੂਬੀ ਬੰਗਾ, ਮੈਡਮ ਸੰਤੋਸ਼ ਖਟਕੜ, ਕਮਲਜੀਤ ਕੌਰ ਖਟਕੜ, ਮਾਸਟਰ ਗੁਰਮੁਖ ਸਿੰਘ, ਹਰਮਨਜੀਤ, ਮਾਸਟਰ ਪਰਮਜੀਤ ਖਮਾਚੋਂ, ਬਲਜੀਤ ਖਟਕੜ ਅਤੇ ਲੈਕ।ਸ਼ੰਕਰ ਦਾਸ ਜੀ ਹਾਜ਼ਰ ਸਨ।

# ਲੜਕੀਆਂ ਨੂੰ ਕਮਿਸ਼ਨਡ ਅਫ਼ਸਰ ਵਜੋਂ ਕੈਰੀਅਰ ਸ਼ੁਰੂ ਕਰਨ ਦਾ ਸੁਨਹਿਰੀ ਮੌਕਾ : ਡਿਪਟੀ ਕਮਿਸ਼ਨਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਫੌਜ ਵਿਚ ਕਮਿਸ਼ਨਡ ਅਫਸਰ ਵਜੋਂ ਕੈਰੀਅਰ ਸ਼ੁਰੂ ਕਰਨ ਦੀਆਂ ਚਾਹਵਾਨ ਲੜਕੀਆਂ ਨੂੰ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਮੁਹਾਲੀ ਵਿਖੇ



ਸਿਖਲਾਈ ਹਾਸਿਲ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਜਾ ਰਿਹਾ ਹੈ। ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ (ਐਮਬੀਏਐਫਪੀਆਈ), ਮੁਹਾਲੀ ਵੱਲੋਂ ਮਈ 2023 'ਚ ਨੌਂਵੇਂ ਬੈਚ ਲਈ ਦਾਖਲਾ ਪ੍ਰੀਖਿਆ ਲਈ ਜਾਣੀ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਐਮਬੀਏਐਫਪੀਆਈ ਸੰਸਥਾ ਵਿੱਚ ਆਮ ਜਾਣਕਾਰੀ, ਕਮਿਊਨੀਕੇਸ਼ਨ ਸਕਿੱਲਜ਼, ਵਿਅਕਤੀਤਵ ਵਿਕਾਸ ਤੇ ਆਤਮ-ਵਿਸ਼ਵਾਸ ਸਿਰਜਣਾ, ਐਨਸੀਸੀ ਸਿਖਲਾਈ, ਸਰੀਰਕ ਸਿੱਖਿਆ ਅਤੇ ਅੰਦਰੂਨੀ ਤੇ ਬਾਹਰੀ ਖੇਡ ਗਤੀਵਿਧੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥਣਾਂ ਨੂੰ ਪੇਸ਼ੇਵਰਾਂ ਵਲੋਂ ਐਸਐਸਬੀ ਅਤੇ ਹਥਿਆਰਬੰਦ ਬਲਾਂ ਵਿੱਚ ਜਾਣ ਲਈ ਦਾਖਲਾ ਪ੍ਰੀਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਥੋਂ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਐਮ।ਸੀ।ਐਮ। ਡੀ।ਏ।ਵੀ। ਕਾਲਜ ਚੰਡੀਗੜ੍ਹ ਤੋਂ 3 ਸਾਲ ਦੀ ਗ੍ਰੈਜੂਏਸ਼ਨ ਡਿਗਰੀ ਦਿੱਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਬਿਨੈਕਾਰਾਂ ਲਈ ਮੁੱਢਲੀ ਯੋਗਤਾ ਵਿਚ ਪੰਜਾਬ ਦਾ ਵਸਨੀਕ ਹੋਣਾ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਕੀਤੇ ਹੋਣਾ ਸ਼ਾਮਲ ਹੈ। ਚਾਹਵਾਨ ਉਮੀਦਵਾਰ ਦਾਖਲਾ ਪ੍ਰੀਖਿਆ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਦੇ ਆਨਲਾਈਨ ਪੋਰਟਲ www.mbafpigirls.in 'ਤੇ ਕਲਿੱਕ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਦੌਰਾਨ ਆਉਣ ਵਾਲਾ ਖਰਚਾ, ਜਿਸ ਵਿੱਚ ਟ੍ਰੇਨਿੰਗ, ਖਾਣਾ, ਵਰਦੀ ਆਦਿ ਸ਼ਾਮਿਲ ਹੈ, ਪੰਜਾਬ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ।


**"ਦੇਸ਼ ਦੁਆਬਾ"**
**ਹਫਤਾਵਾਰੀ ਅਖਬਾਰ**
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
**E-mail : deshdoaba@yahoo.com**
**(ਸੰਪਰਕ) 1-916-947-8920, (ਫੈਕਸ) 1-916-238-1393**
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅਮਰੀਕਾ ਦੇ ਸਿੱਖ ਆਗੂ ਜੌਨ ਸਿੰਘ ਗਿੱਲ ਦੇ ਪਿਤਾ ਗੁਲਜ਼ਾਰਾ ਸਿੰਘ ਗਿੱਲ ਦੇ ਸੰਸਕਾਰ ਤੇ ਵੱਖ ਵੱਖ ਸਖਸ਼ੀਅਤਾਂ ਵਲੋਂ ਸਰਧਾਂਜਲੀ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉੱਘੇ ਸਿੱਖ ਆਗੂ, ਕਬੱਡੀ ਖੇਡ ਨੂੰ ਪ੍ਰਫੁਲਤ ਕਰਨ ਅਤੇ ਹੋਰ ਸਮਾਜ ਸੇਵੀ ਕੰਮਾਂ ਲਈ ਜਾਣੇ ਜਾਂਦੇ ਜੌਨ ਸਿੰਘ ਗਿੱਲ ਦੇ ਪਿਤਾ ਸ ਗੁਲਜ਼ਾਰਾ ਸਿੰਘ ਗਿੱਲ ਜੋ ਪਿਛਲੇ ਦਿਨੀਂ ਇਸ ਸੰਸਾਰ ਤੋਂ ਰੁਖਸਤ ਹੋਗਏ ਸਨ ਦਾ ਅੰਤਿਮ ਸੰਸਕਾਰ ਨੌਰਥ ਸੈਕਰਾਮੈਂਟੋ ਫਿਊਨਰਲ ਹੋਮ, ਐਲ ਕਮੀਨੋ ਐਵਨੀਓ ਸੈਕਰਾਮੈਂਟੋ ਵਿਖੇ ਕਰ ਦਿੱਤਾ ਗਿਆ ਤੇ ਅੰਤਿਮ ਅਰਦਾਸ ਤੇ ਸ਼ਬਦ ਕੀਰਤਨ ਗੁਰਦਵਾਰਾ ਸਾਹਿਬ ਸਿੱਖ ਟੈਂਪਲ ਵੈਸਟ ਸੈਕਰਾਮੈਂਟੋਵਿਖੇ ਹੋਇਆ। ਇਸ ਦੁੱਖ ਦੀ ਘੜੀ ਵਿੱਚ ਸਾਰਾ ਪੰਥਿਕ ਭਾਈਚਾਰਾ ਸ ਜੌਹਨ ਸਿੰਘ ਗਿੱਲ ਹੋਰਾਂ ਦੇ ਦੁੱਖ ਵਿੱਚ ਸ਼ਰੀਕ ਹੋਇਆ। ਇਸ ਮੌਕੇ ਵੱਖ ਸਖਸ਼ੀਅਤਾਂ ਨੇ ਬਾਪੂ ਗੁਲਜ਼ਾਰ ਸਿੰਘ ਗਿੱਲ ਪ੍ਰਤੀ ਸਰਧਾਂਜਲੀ ਭੇਂਟ ਕਰਨ ਵਾਲਿਆਂ ਵਿੱਚ ਪਰਿਵਾਰ ਦੇ ਜੀਆਂ ਤੇ ਬੱਚਿਆਂ ਤੋਂ ਇਲਾਵਾ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ। ਪ੍ਰਿਤਪਾਲ ਸਿੰਘ, ਪ੍ਰਧਾਨ ਸੰਤ ਸਿੰਘ ਹੋਠੀ, ਹਰਮਿੰਦਰ ਸਿੰਘ ਸਮਾਣਾ, ਕਨੇਡਾ ਤੋਂ ਹਰਪਾਲ ਸਿੰਘ ਸੰਧੂ, ਮਨਜੀਤ ਸਿੰਘ ਉਪਲ, ਗੁਰਜਤਿੰਦਰ ਸਿੰਘ ਰੰਧਾਵਾ, ਸਿੱਖਸ ਫਾਰ ਜਸਟਿਸ ਤੋਂ ਸੁਖਵਿੰਦਰ ਸਿੰਘ ਥਾਣਾ, ਸੁਰਿੰਦਰ ਸਿੰਘ ਨਿੱਝਰ, ਤੇਜਿੰਦਰ ਸਿੰਘ ਦੁਸਾਂਝ, ਮੇਅਰ ਸੁਖਮਿੰਦਰ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਅਟਵਾਲ ਆਦਿ ਨੇ ਸਰਧਾਜਲੀ ਭੇਂਟ ਕੀਤੀ। ਸਾਰੇ ਬੁਲਾਰਿਆਂ ਨੇ ਪੰਥ ਪ੍ਰਤੀ ਕੀਤੇ ਕੰਮਾਂ ਅਤੇ ਉਨਾਂ ਵਲੋਂ ਗੁਰੂ ਘਰਾਂ ਅਤੇ ਸਮਾਜਿਕ ਕਾਰਜਾਂ ਤੇ ਕਬੱਡੀ ਖੇਡ ਨੂੰ ਮੁਕਾਮ ਤੇ ਪਹੁੰਚਾਉਣ ਲਈ ਜੌਨ ਸਿੰਘ ਗਿੱਲ ਤੇ ਬਾਪੂ ਗੁਲਜ਼ਾਰ ਸਿੰਘ ਗਿੱਲ ਦੇ ਬਣਦੇ ਰੁਤਬੇ ਦਾ ਜਿਕਰ ਕੀਤਾ ਗਿਆ। ਬਾਪੂ ਗੁਲਜਾਰਾ ਸਿੰਘ ਗਿੱਲ ਆਪਣਾ ਸਾਰਾ ਜੀਵਨ ਆਪਣੇ ਬੇਟੇ ਜੌਨ ਸਿੰਘ ਗਿੱਲ ਨਾਲ ਸੈਕਰਾਮੈਂਟੋ ਲਾਗੇ ਸ਼ਹਿਰ ਵੁੱਡਲੈਂਡ ਚ ਹੀ ਰਹੇ। ਸ਼ਹੀਦ ਭਗਤ ਸਿੰਘ ਜਿਲ੍ਹੇ ਤੇ ਬੰਗਾ ਲਾਗੇ ਪਿੰਡ ਚੱਕ ਬਿਲਗਾ ਵਿੱਚ ਜਨਮੇ ਗੁਲਜ਼ਾਰਾ ਸਿੰਘ ਗਿੱਲ 1980 ਵਿੱਚ ਅਮਰੀਕਾ ਆਏ ਅਤੇ ਇਥੇ ਆਪਣੇ ਦੋ ਪੁੱਤਰਾਂ, ਨੂੰਹਾਂ ਅਤੇ 6 ਪੋਤੇ-ਪੋਤਰੀਆਂ ਨਾਲ਼ ਭਰੇ ਪਰਿਵਾਰ ਚ ਰਹਿੰਦੇ ਸਨ। ਇਸ ਅੰਤਿਮ ਸੰਸਕਾਰ ਵਿੱਚ ਗਿੱਲ ਪਰਿਵਾਰ ਵਲੋਂ ਕੀਤੇ ਸਮਾਜਿਕ ਤੇ ਧਾਰਮਿਕ ਕਾਰਜਾਂ ਕਰਕੇ ਦੂਰੋਂ ਨੇੜਿਓ ਲੋਕ ਭਾਰੀ ਗਿਣਤੀ 'ਚ ਸ਼ਾਮਿਲ ਹੋਏ।

# ਅਮਰੀਕਾ ਦੇ ਟੈਕਸਾਸ ਰਾਜ ਦੇ ਹਾਈ ਸਕੂਲ ਵਿੱਚ ਚੱਲੀਆਂ ਗੋਲੀਆਂ, ਇਕ ਵਿਦਿਆਰਥੀ ਦੀ ਮੌਤ ਤੇ ਇਕ ਜ਼ਖਮੀ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਰਲਿੰਗਟਨ, ਟੈਕਸਾਸ ਵਿਚ ਇਕ ਹਾਈ ਸਕੂਲ ਵਿੱਚ ਹੋਈ ਗੋਲੀਬਾਰੀ ਕਾਰਨ ਇਕ ਵਿਦਿਆਰਥੀ ਦੀ ਮੌਤ ਹੋਣ ਤੇ ਇਕ ਹੋਰ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਅਰਲਿੰਗਟਨ ਪੁਲਿਸ ਨੇ ਕਿਹਾ ਹੈ ਕਿ ਲਾਮਰ ਹਾਈ ਸਕੂਲ ਦੀ ਇਮਾਰਤ ਦੇ ਬਾਹਰਵਾਰ ਗੋਲੀਬਾਰੀ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਸਵੇਰੇ 7 ਵਜੇ ਤੋਂ ਪਹਿਲਾਂ ਮੌਕੇ ਉਪਰ ਪੁੱਜੇ। ਮੌਕੇ ਉਪਰ ਇਕ ਵਿਦਿਆਰਥੀ ਜ਼ਖਮੀ ਹਾਲਤ ਵਿਚ ਮਿਲਿਆ ਜਿਸ ਦੇ ਗੋਲੀ ਵੱਜੀ ਹੋਈ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਇਸ ਘਟਨਾ ਵਿਚ ਇਕ ਹੋਰ ਵਿਦਿਆਰਥਣ ਵੀ ਜ਼ਖਮੀ ਹੋਈ ਹੈ। ਪੁਲਿਸ ਦੇ ਬੁਲਾਰੇ ਟਿਮ ਸੀਸਕੋ ਨੇ ਕਿਹਾ ਹੈ ਕਿ ਸਕੂਲ ਲੱਗਣ ਦਾ ਸਮਾਂ 7-35 ਵਜੇ ਦਾ ਹੈ ਇਸ ਲਈ ਗੋਲੀ ਚੱਲਣ ਸਮੇ ਸਾਰੇ ਵਿਦਿਆਰਥੀ ਸਕੂਲ ਨਹੀਂ ਪੁੱਜੇ ਸਨ। ਉਨਾਂ ਕਿਹਾ ਕਿ ਇਕ ਸ਼ੱਕੀ ਸ਼ੂਟਰ ਨੂੰ ਹਿਰਾਸਤ ਵਿਚ ਲਿਆ ਹੈ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸ਼ੱਕੀ ਸ਼ੂਟਰ ਨਬਾਲਗ ਹੈ ਇਸ ਲਈ ਉਸ ਦਾ ਨਾਂ ਜਾਰੀ ਨਹੀਂ ਕੀਤਾ ਗਿਆ ਹੈ। ਉਸ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ ਤੇ ਉਸ ਨੂੰ ਇਸ ਸਮੇ ਟਰੈਂਟ ਕਾਊਂਟੀ ਜੁਵੇਨਾਇਲ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ। ਘਟਨਾ ਦੀ ਜਾਂਚ ਉਪਰੰਤ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਹੋਣ ਦੀ ਸੰਭਾਵਨਾ ਹੈ।

# ਫਲੋਰਿਡਾ ਵਿਚ ਵਿਪਰੋ ਨੇ 100 ਤੋਂ ਵਧ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਵੱਡੀ ਆਈ ਟੀ ਕੰਪਨੀ ਵਿਪਰੋ ਵੱਲੋਂ ਆਪਣੇ ਘੱਟੋ ਘੱਟ 120 ਮੁਲਾਜ਼ਮਾਂ ਦੀ ਛਾਂਟੀ ਕਰ ਦੇਣ ਦੀ ਖ਼ਬਰ ਹੈ। ਕੰਪਨੀ ਵੱਲੋਂ ਫਲੋਰਿਡਾ ਡਿਪਾਰਟਮੈਂਟ ਆਫ ਆਪਰਚਿਊਨਿਟੀ ਨੂੰ ਦਿੱਤੇ ਵਰਕ ਐਡਜਸਟਮੈਂਟ ਐਂਡ ਰੀਟ੍ਰੇਨਿੰਗ ਨੋਟੀਫੀਕੇਸ਼ਨ ਨੋਟਿਸ ਵਿਚ ਮੁਲਾਜ਼ਮਾਂ ਦੀ ਛਾਂਟੀ ਦਾ ਵੇਰਵਾ ਦਿੱਤਾ ਗਿਆ ਹੈ। ਪ੍ਰਭਾਵਿਤ ਹੋਏ ਮੁਲਾਜ਼ਮਾਂ ਵਿਚ 100 ਤੋਂ ਵਧ ਪ੍ਰਾਸੈਸਿੰਗ ਏਜੰਟ ਹਨ ਤੇ ਬਾਕੀ ਮੁਲਾਜ਼ਮਾਂ ਵਿਚ ਟੀਮ ਲੀਡਰ ਤੇ ਟੀਮ ਮੈਨੇਜਰ ਸ਼ਾਮਿਲ ਹਨ। ਵਿਪਰੋ ਨੇ ਕਿਹਾ ਹੈ ਕਿ ਇਹ ਇਕੱਲੀ ਇਕਹਿਰੀ ਘਟਨਾ । ਉਹ ਖੇਤਰ ਪ੍ਰਤੀ ਸਮਰਪਿਤ ਹੈ ਤੇ ਟਾਂਪਾ ਖੇਤਰ ਵਿਚ ਕੰਮ ਕਰਦੇ ਕੰਪਨੀ ਦੇ ਬਾਕੀ ਮੁਲਾਜ਼ਮਾਂ ਉਪਰ ਇਸ ਦਾ ਕੋਈ ਅਸਰ ਨਹੀਂ ਹੈ। ਕੰਪਨੀ ਵੱਲੋਂ ਜਾਰੀ ਛਾਂਟੀ ਨੋਟਿਸ ਇਸ ਸਾਲ ਮਈ ਤੋਂ ਲਾਗੂ ਹੋਵੇਗਾ। ਭਾਰਤ ਦੀ ਪ੍ਰਮੁੱਖ ਆਈ ਟੀ ਕੰਪਨੀ ਵਿਪਰੋ ਦੇ ਅਮਰੀਕਾ, ਕੈਨੇਡਾ, ਮੈਕਸੀਕੋ ਤੇ ਬਰਾਜੀਲ ਵਿਚ 20000 ਤੋਂ ਵਧ ਮੁਲਾਜ਼ਮ ਹਨ।

# ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵਲੋਂ ਵਿਦਿਅਕ ਟੂਰ ਦੌਰਾਨ ਧਾਰਮਿਕ ਅਸਥਾਨਾਂ ਦੇ ਦਰਸ਼ਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਲਿਜਾਇਆ ਗਿਆ ਜਿਸ ਦੌਰਾਨ ਵਿਦਿਆਰਥੀਆਂ ਵਲੋਂ ਵੱਖ-ਵੱਖ ਧਾਰਮਿਕ ਅਤੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕੀਤੇ ਗਏ। ਪ੍ਰੋ ਅਰਵਿੰਦਰ ਸਿੰਘ, ਪ੍ਰੋ ਰਾਏਦੀਪ ਸਿੰਘ ਅਤੇ ਪ੍ਰੋ ਆਈਨਾ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਨੇ ਵਿਦਿਅਕ ਟੂਰ ਦੌਰਾਨ ਗੁਰਦੁਆਰਾ ਟਿੱਬੀ ਸਾਹਿਬ ਰੋਪੜ, ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡ, ਗੁਰਦੁਆਰਾ ਜੋਤੀ ਸਰੂਪ ਸਾਹਿਬ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਚੱਪੜ ਚਿੜੀ ਦੇ ਇਤਿਹਾਸਤ ਅਸਥਾਨ ਦੇ ਦਰਸ਼ਨ ਕੀਤੇ । ਇਸ ਮੌਕੇ ਕਾਲਜ ਸਟਾਫ਼ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਅਸਥਾਨਾਂ ਦੇ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਵਿਦਿਆਰਥੀਆਂ ਨੂੰ ਇਸਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ ਗਿਆ।



# ਖ਼ੂਨਦਾਨ ਨਾਲ ਬਚਾਈਆਂ ਜਾ ਸਕਦੀਆਂ ਹਨ ਅਨੇਕਾਂ ਕੀਮਤੀ ਜਾਨਾਂ : ਬ੍ਰਹਮ ਸ਼ੰਕਰ ਜਿੰਪਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ ਕਿਉਂਕਿ ਖ਼ੂਨਦਾਨ ਇਕ ਮਹਾਨ ਦਾਨ ਹੈ, ਜਿਸ ਨਾਲ ਅਨੇਕਾਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਊਨਾ ਰੋਡ ’ਤੇ ਸਥਿਤ ਸੈਣੀ ਭਵਨ ਵਿਖੇ ਸੈਣੀ ਜਾਗ੍ਰਿਤੀ ਮੰਚ ਪੰਜਾਬ ਵਲੋਂ ਲਗਾਏ ਖ਼ੂਨਦਾਨ ਕੈਂਪ ਵਿਚ ਸ਼ਿਰਕਤ ਕਰਨ ਮੌਕੇ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਖ਼ੂਨ ਦੀ ਇਕ-ਇਕ ਬੂੰਦ ਕੀਮਤੀ ਹੈ ਜੋ ਕਿਸੇ ਵੀ ਮਰਦੇ ਹੋਏ ਵਿਅਕਤੀ ਨੂੰ ਜੀਵਨ ਦਾਨ ਦੇ ਸਕਦੀ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ ਨਹੀਂ ਆਉਂਦੀ ਬਲਕਿ ਮਨ ਨੂੰ ਇਕ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਇਹ ਦਾਨ ਕਰਕੇ ਇਕ ਲੋੜਵੰਦ ਵਿਅਕਤੀ ਨੂੰ ਜੀਵਨ ਪ੍ਰਦਾਨ ਕੀਤਾ ਹੈ। ਇਸ ਲਈ ਹਰੇਕ ਸਿਹਤਮੰਦ ਵਿਅਕਤੀ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਜੀਵਨ ਮਾਨਵਤਾ ਦੀ ਸੇਵਾ ਨੂੰ ਸਮਰਪਿਤ ਹੋਣਾ ਚਾਹੀਦਾ ਹੈ ਅਤੇ ਖ਼ੂਨਦਾਨ ਕਰਕੇ ਮਾਨਵਤਾ ਦੀ ਸੇਵਾ ਵਿਚ ਆਪਣਾ ਯੋਗਦਾਨ ਪਾਇਆ ਜਾ ਸਕਦਾ ਹੈ। ਇਸ ਦੌਰਾਨ ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ ਵਲੋਂ 40 ਯੂਨਿਟ ਦੇ ਕਰੀਬ ਖ਼ੂਨ ਇਕੱਤਰ ਕੀਤਾ ਗਿਆ।

ਇਸ ਮੌਕੇ ਸੈਣੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੈਣੀ ਅਤੇ ਸੰਸਥਾਪਕ ਸੰਦੀਪ ਸੈਣੀ ਨੇ ਕੈਬਨਿਟ ਮੰਤਰੀ ਅਤੇ ਖ਼ੂਨਦਾਨ ਕਰਨ ਵਾਲੀਆਂ ਸਾਰੀਆ ਸ਼ਖਸੀਅਤਾਂ ਦਾ ਸਨਮਾਨ ਕੀਤਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਮੰਚ ਦੇ ਸੂਬਾ ਯੂਥ ਪ੍ਰਧਾਨ ਪ੍ਰਭਜੋਤ ਸਿੰਘ, ਜਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਸੈਣੀ, ਜਨਰਲ ਸਕੱਤਰ ਹਰਵਿੰਦਰ ਸਿੰਘ, ਚਰਨਜੀਤ ਸਿੰਘ ਲੁਧਿਆਣਾ, ਜ਼ਿਲ੍ਹਾ ਯੂਥ ਪ੍ਰਧਾਨ ਕ੍ਰਿਪਾਲ ਸਿੰਘ ਪਾਲੀ, ਪ੍ਰੇਮ ਸੈਣੀ, ਚੰਦਰ ਸ਼ੇਖਰ, ਅਜੇ ਮੋਹਨ ਬੱਬੀ, ਮਨਜੀਤ ਸਿੰਘ, ਸਰਬਜੀਤ ਸਿੰਘ ਸੈਣੀ ਟਾਂਡਾ, ਅਵਤਾਰ ਸਿੰਘ ਬੱਸੀ, ਜੀਵਨ, ਗੋਲਡੀ ਸਰਪੰਚ, ਸਨੀ ਖੋਸਲਾ, ਜਿੰਦੂ ਸੈਣੀ, ਰਾਜਾ ਸੈਣੀ, ਬਿੱਟੂ ਗਿੱਧਾ, ਕਰੁਨ ਸੈਣੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਵੱਲੋਂ ਪੀਸ ਕਮੇਟੀ ਦੀ ਮੀਟਿੰਗ ਦੌਰਾਨ ਵੱਖ-ਵੱਖ ਨੁਮਾਇੰਦਿਆਂ ਨੂੰ ਅਫ਼ਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਦਾ ਸੱਦਾ



**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਅੱਜ ਸ਼ਾਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੀਸ ਕਮੇਟੀ ਦੀ ਮੀਟਿੰਗ ਕਰਦਿਆਂ ਮੀਟਿੰਗ ਵਿੱਚ ਸ਼ਾਮਲ ਵੱਖ-ਵੱਖ ਵਰਗਾਂ, ਸਿਆਸੀ ਪਾਰਟੀਆਂ, ਵਪਾਰ ਮੰਡਲਾਂ, ਯੂਥ ਕਲੱਬਾਂ, ਇੰਡਸਟਰੀ ਚੈਂਬਰ, ਧਾਰਮਿਕ ਅਸਥਾਨਾਂ ਆਦਿ ਦੇ ਵੱਡੀ ਗਿਣਤੀ ਨੁਮਾਇੰਦਿਆਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਫਵਾਹ ’ਤੇ ਯਕੀਨ ਨਾ ਕੀਤਾ ਜਾਵੇ ਅਤੇ ਕਿਸੇ ਵੀ ਸੂਚਨਾ ਨੂੰ ਸੋਸ਼ਲ ਮੀਡੀਆ ਜਾਂ ਅਜਿਹੇ ਹੀ ਕਿਸੇ ਹੋਰ ਸਾਧਨ ਰਾਹੀਂ ਬਿਨਾਂ ਤੱਥ ਤਸਦੀਕ ਕੀਤੇ ਅੱਗੇ ਭੇਜਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕੀਤਾ ਜਾਵੇ। ਡਿਪਟੀ ਕਮਿਸ਼ਨਰ ਸ਼੍ਰੀ ਜੋਰਵਾਲ ਅਤੇ ਐਸ.ਐਸ.ਪੀ ਸ਼੍ਰੀ ਲਾਂਬਾ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿਖੇ ਪੂਰੀ ਤਰ੍ਹਾਂ ਅਮਨ ਅਮਾਨ ਅਤੇ ਸ਼ਾਂਤਮਈ ਮਾਹੌਲ ਹੈ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਵੱਲੋਂ ਜ਼ਿਲ੍ਹੇ ਵਿੱਚ ਅਮਨ ਸ਼ਾਂਤੀ, ਭਾਈਚਾਰਕ ਸਾਂਝ ਤੇ ਏਕਤਾ ਨੂੰ ਬਰਕਰਾਰ ਰੱਖਣ ਵਿੱਚ ਸਭ ਦਾ ਸਹਿਯੋਗ ਮੰਗਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਡਿਪਟੀ ਕਮਿਸ਼ਨਰ ਸ਼੍ਰੀ ਜੋਰਵਾਲ ਨੇ ਕਿਹਾ ਕਿ ਪ੍ਰਸ਼ਾਸਨਿਕ ਤੇ ਪੁਲਿਸ ਦੇ ਪੱਧਰ ’ਤੇ ਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਅਧਿਕਾਰੀਆਂ ਵੱਲੋਂ ਲੋਕਾਂ ਨਾਲ ਲਗਾਤਾਰ ਮੀਟਿੰਗਾਂ ਕਰਕੇ ਜਾਣੂ ਕਰਵਾਇਆ ਜਾ ਰਿਹਾ ਹੈ ਜ਼ਿਲ੍ਹੇ ਵਿੱਚ ਡਰ ਜਾਂ ਭੈਅ ਵਾਲੀ ਕੋਈ ਵੀ ਸਥਿਤੀ ਨਹੀਂ ਹੈ ਅਤੇ ਜਨ ਜੀਵਨ ਆਮ ਵਾਂਗ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਕੋਈ ਵੀ ਗੈਰ ਸਮਾਜਿਕ ਅਨਸਰ ਗੁੰਮਰਾਹਕੁੰਨ ਪ੍ਰਚਾਰ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਬਾਰੇ ਤੁਰੰਤ ਜਾਣਕਾਰੀ ਅਧਿਕਾਰੀਆਂ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਜਾਂਚ ਕਰਕੇ ਦੋਸ਼ੀਆਂ ਖਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਇਸ ਮੌਕੇ ਐਸ.ਐਸ.ਪੀ ਸ਼੍ਰੀ ਸੁਰੇਂਦਰ ਲਾਂਬਾ ਨੇ ਸਮੂਹ ਧਾਰਮਿਕ ਜਥੇਬੰਦੀਆਂ ਤੇ ਅਸਥਾਨਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਧਾਰਮਿਕ ਅਸਥਾਨਾਂ ਤੋਂ ਹੋਣ ਵਾਲੀ ਅਨਾਊਸਮੈਂਟ ਸਮੇਂ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਕਿਸੇ ਵੀ ਅਣਜਾਣ ਵਿਅਕਤੀ ਦੇ ਕਹਿਣ ’ਤੇ ਕੋਈ ਵੀ ਅਨਾਊਸਮੈਂਟ ਨਾ ਕੀਤੀ ਜਾਵੇ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ, ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ ਨਿਤੇਸ਼ ਜੈਨ, ਐਸ.ਡੀ.ਐਮ ਸੰਗਰੂਰ ਨਵਰੀਤ ਕੌਰ ਸੇਖੋਂ, ਐਸ.ਡੀ.ਐਮ ਸੁਨਾਮ ਜਸਪ੍ਰੀਤ ਸਿੰਘ, ਐਸ.ਡੀ.ਐਮ ਦਿੜ੍ਹਬਾ ਰਾਜੇਸ਼ ਸ਼ਰਮਾ, ਐਸ.ਡੀ.ਐਮ ਲਹਿਰਾ ਸੂਬਾ ਸਿੰਘ, ਐਸ.ਡੀ.ਐਮ ਧੂਰੀ ਅਮਿਤ ਗੁਪਤਾ, ਐਸ.ਡੀ.ਐਮ ਭਵਾਨੀਗੜ੍ਹ ਵਿਨੀਤ ਕੁਮਾਰ, ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਐਸ.ਪੀ ਜਸਬੀਰ ਸਿੰਘ ਤੋਂ ਇਲਾਵਾ ਡੀ.ਐਸ.ਪੀਜ਼ ਅਤੇ ਪੀਸ ਕਮੇਟੀ ਦੇ ਵੱਡੀ ਗਿਣਤੀ ਮੈਂਬਰ ਵੀ ਹਾਜ਼ਰ ਸਨ।

# ਵਿਧਾਨ ਸਭਾ ਹਲਕਾ ਭੋਆ ਦੇ ਬਮਿਆਲ ਖੇਤਰ ਵਿੱਚ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੂੰ ਲੱਗਾ ਭਾਰੀ ਝਟਕਾ, ਆਮ ਆਦਮੀ ਪਾਰਟੀ ਹੋਈ ਮਜਬੂਤ

## ਕੈਬਨਿਟ ਮੰਤਰੀ ਬੋਲੇ ਹਰੇਕ ਕਾਰਜ ਕਰਤਾ ਦਾ ਪਾਰਟੀ ਵਿੱਚ ਸਵਾਗਤ ਪਾਰਟੀ ਵੱਲੋਂ ਦਿੱਤਾ ਜਾਵੈਗਾ ਪੂਰਾ ਮਾਣ ਸਨਮਾਨ

**ਪਠਾਨਕੋਟ, 20 ਮਾਰਚ (ਰਾਜਿੰਦਰ ਸਿੰਘ ਰਾਜਨ)** ਅੱਜ ਵਿਧਾਨ ਸਭਾ ਹਲਕਾ ਭੋਆ ਦੇ ਖੇਤਰ ਨਰੋਟ ਜੈਮਲ ਸਿੰਘ ਦੇ ਦੋ ਪਿੰਡਾਂ ਲਸਿਆਨ ਅਤੇ ਕਜਲਾ ਦੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦਾ ਦਾਮਨ ਛੱਡ ਤੇ ਭਾਰੀ ਸੰਖਿਆ ਵਿੱਚ ਆਹੁਦੇਦਾਰ ਅਤੇ ਪਾਰਟੀਆਂ ਦੇ ਕਾਰਜਕਰਤਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਅਸੀਂ ਇਨ੍ਹਾਂ ਕਾਰਜਕਰਤਾਵਾਂ ਦਾ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਣ ਤੇ ਸਵਾਗਤ ਕਰਦੇ ਹਾਂ ਅਤੇ ਭਰੋਸਾ ਦਿੰਦੇ ਹਾਂ ਕਿ ਆਮ ਆਦਮੀ ਪਾਰਟੀ ਵਿੱਚ ਇਨ੍ਹਾਂ ਦਾ ਪੂਰਾ ਮਾਨ ਸਮਮਾਨ ਕੀਤਾ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਨਰੋਟ ਜੈਮਲ ਸਿੰਘ ਖੇਤਰ ਦੇ ਦਰਿਆਰ ਪਾਰ ਦੇ ਪਿੰਡ ਲਸਿਆਨ ਵਿਖੇ ਆਯੋਜਿਤ ਇੱਕ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ ਗਿਆ।

ਜਿਕਰਯੋਗ ਹੈ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਨਰੋਟ ਜੈਮਲ ਸਿੰਘ ਖੇਤਰ ਦੇ ਪਿੰਡ ਲਸਿਆਨ ਵਿਖੇ ਆਮ ਆਦਮੀ ਪਾਰਟੀ ਦੇ ਇੱਕ ਸਮਾਰੌਹ ਦੋਰਾਨ ਪਿੰਡ ਕਜਲਾ ਦੇ ਸਰਪੰਚ ਮੂਹਿੰਦਰ ਸਿੰਘ ਜੋ ਕਿ ਮੋਕੇ ਤੇ ਸਰਪੰਚ ਹਨ ਅਤੇ ਕਾਂਗਰਸ ਪਾਰਟੀ ਨਾਲ ਸਬੰਧ ਰੱਖਦੇ ਹਨ, ਸਾਬਕਾ ਸਰਪੰਚ ਮੋਹਣ ਸਿੰਘ ਜੋ ਕਿ ਅਕਾਲੀ ਦਲ ਪਾਰਟੀ ਨਾਲ ਸਬੰਧ ਰੱਖਦੇ ਸਨ, ਸਤਨਾਮ ਸਿੰਘ, ਸੁੱਖਵਿੰਦਰ ਸਿੰਘ ਅਤੇ ਪਿੰਡ ਦੇ ਨੰਬਰਦਾਰ ਬਲਵੰਤ ਸਿੰਘ ਜੋ ਕਿ ਪਹਿਲਾ ਕਾਂਗਰਸ ਪਾਰਟੀ ਨਾਲ ਸਬੰਧ ਰੱਖਦੇ ਸਨ, ਇਸੇ ਹੀ ਤਰ੍ਹਾਂ ਪਿੰਡ ਲਸਿਆਨ ਦੇ ਸਰਪੰਚ ਸਰੋਵਰ ਸਿੰਘ ਜੋ ਕਿ ਭਾਜਪਾ ਨਾਲ ਸਬੰਧ ਰੱਖਦੇ ਸਨ, ਪੰਚਾਇਤ ਮੈਂਬਰ ਸੂਬੇਦਾਰ ਦਲਬੀਰ ਸਿੰਘ, ਅਮਰ ਸਿੰਘ, ਪਵਨ ਸਿੰਘ, ਹਿਮੰਤ ਸਿੰਘ ਅਤੇ ਲਖਵਿੰਦਰ ਸਿੰਘ ਜੋ ਕਿ ਕਾਂਗਰਸ ਪਾਰਟੀ ਨਾਲ ਸਬੰਧ ਰੱਖਦੇ ਹਨ, ਮੰਮੀ ਰੰਗਾ ਪਿੰਡ ਦੇ ਸਰਪੰਚ ਜਗਤਾਰ ਸਿੰਘ ਅਤੇ ਪਿੰਡ ਰਾਜਪੁਰਾ ਚਿੱਬ ਦੇ ਸਾਬਕਾ ਸਰਪੰਚ ਸੰਤੋਖ ਸਿੰਘ ਆਦਿ ਅਪਣੀਆਂ ਅਪਣੀਆਂ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਗਏ। ਜਿਕਰਯੋਗ ਹੈ ਕਿ ਉਪਰੋਕਤ ਤੋਂ ਇਲਾਵਾ ਪਿੰਡ ਲਸਿਆਨ ਅਤੇ ਕਜਲਾ ਦੇ ਭਾਰੀ ਸੰਖਿਆ ਵਿੱਚ ਨੋਜਵਾਨ ਪੀੜੀ ਅਤੇ ਹੋਰ ਪਰਿਵਾਰ ਵੀ ਅੱਜ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਗਏ। ਜਿਕਰਯੋਗ ਹੈ ਕਿ ਵਿਧਾਨ ਸਭਾ ਹਲਕਾ ਭੋਆ ਵਿੱਚ ਆਮ ਆਦਮੀ ਪਾਰਟੀ ਨੂੰ ਉਨ੍ਹਾਂ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕ ਹਿੱਤ ਦੀਆਂ ਨੀਤਿਆਂ ਦੇ ਚਲਦਿਆਂ ਭਾਰੀ ਸੰਖਿਆ ਵਿੱਚ ਲੋਕ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਰਹੇ ਹਨ ਅਤੇ ਭਵਿੱਖ ਵਿੱਚ ਇਸ ਦਾ ਅਸਰ ਵਿਧਾਨ ਸਭਾ ਹਲਕਾ ਭੋਆ ਵਿੱਚ ਦੇਖਣ ਨੂੰ ਮਿਲੇਗਾ।



ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਨਰੋਟ ਜੈਮਲ ਸਿੰਘ ਖੇਤਰ ਦੇ ਪਿੰਡ ਲਸਿਆਨ ਅਤੇ ਕਜਲਾ ਵਿਖੇ ਇੱਕ ਆਯੋਜਿਤ ਸਮਾਰੋਹ ਜੋ ਕਿ ਸਾਬਕਾ ਸਰਪੰਚ ਮੋਹਣ ਸਿੰਘ ਵੱਲੋਂ ਆਯੋਜਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉੂਨ੍ਹਾਂ ਨੂੰ ਪਤਾ ਹੈ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਨ੍ਹਾਂ ਦਰਿਆ ਤੋਂ ਪਾਰ ਪਿੰਡ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਇਹ ਦਰਿਆ ਪਾਰ ਤੋਂ ਲੋਕ ਉਨ੍ਹਾਂ ਦੀ ਉਪੇਕਸਾ ਦਾ ਸਿਕਾਰ ਰਹੇ। ਜਿਸ ਦੇ ਚਲਦਿਆਂ ਇਨ੍ਹਾਂ ਪਿੰਡਾਂ ਵੱਲੋਂ ਵੋਟਾਂ ਦਾ ਵੀ ਬਾਈਕਾਟ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੋਰਾਨ ਵੀ ਉਨ੍ਹਾਂ ਲੋਕਾਂ ਨਾਲ ਜੋ ਵਾਅਦਾ ਕੀਤਾ ਸੀ ਉਨ੍ਹਾਂ ਵਾਦਿਆਂ ਨੂੰ ਪੂਰਾ ਕਰਦਿਆਂ ਹੋਇਆ ਖੇਤਰ ਵਿੱਚ ਵਿਕਾਸ ਕਰਵਾਇਆ ਜਾਵੈਗਾ ਅਤੇ ਹਰ ਜਰੂਰਤ ਨੂੰ ਧਿਆਨ ਵਿੱਚ ਰੱਖਦਿਆਂ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਗਰ ਪਹਿਲਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਦੋ ਪਿੰਡਾਂ ਦੇ ਲੋਕਾਂ ਨਾਲ ਸੰਪਰਕ ਬਣਾਇਆ ਹੁੰਦਾ ਤਾਂ ਲੋਕਾਂ ਦਾ ਭਵਿੱਖ ਉੂਜਬਲ ਹੋਣਾ ਸੀ। ਉੂਨ੍ਹਾਂ ਕਿਹਾ ਕਿ ਖੇਤਰ ਵਿੱਚ ਕਿਸੇ ਤਰ੍ਹਾਂ ਦੀ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੈਗੀ ਅਤੇ ਬਿਨ੍ਹਾਂ ਕਿਸੇ ਜਾਤੀ ਭੇਦ ਦੇ ਖੇਤਰ ਦਾ ਵਿਕਾਸ ਕਰਵਾਇਆ ਜਾਵੈਗਾ। ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਅਗਵਾਈ ਵਿੱਚ ਪੂਰੇ ਪੰਜਾਬ ਅੰਦਰ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾ ਰਿਹਾ ਹੈ। ਉਹ ਕਾਰਜ ਕਰਵਾਏ ਜਾ ਰਹੇ ਹਨ ਜੋ ਪਿਛਲੀ ਸਰਕਾਰ ਨੇ ਕੇਵਲ ਫਾਈਲਾਂ ਅੰਦਰ ਹੀ ਕਰ ਦਿੱਤੇ ਪਰ ਲੋਕਾਂ ਨੂੰ ਉਹ ਕੰਮ ਕਿਤੇ ਵੀ ਨਜਰ ਨਹੀਂ ਆਏ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਜੋ ਰੰਗਲਾ ਪੰਜਾਬ ਦਾ ਸੁਪਨਾ ਦੇਖਿਆ ਹੈ ਉਹ ਵੀ ਪੂਰਾ ਕੀਤਾ ਜਾ ਰਿਹਾ ਹੈ। ਅੱਜ ਵੱਡੀ ਸੰਖਿਆ ਵਿੱਚ ਲੋਕ ਰਿਵਾਇਤੀ ਪਾਰਟੀਆਂ ਨੂੰ ਛੱਡ ਕੇ ਪਾਰਟੀ ਵਿੱਚ ਆਏ ਹਨ ਨੋਜਵਾਨਾਂ ਵਿੱਚ ਤਾਂ ਹੋਰ ਵੀ ਜੋਸ ਦੇਖਣ ਨੂੰ ਮਿਲਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਿਨ੍ਹਾਂ ਕਿਸੇ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਧੀਆ ਰੁਜਗਾਰ ਦਿੱਤਾ ਜਾ ਰਿਹਾ ਹੈ, ਵਧੀਆ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਉੱਚ ਕਵਾਲਿਟੀ ਦੀ ਸਿੱਖਿਆ ਦਿੱਤੀ ਜਾ ਰਹੀ ਹੈ, ਉਹ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜੋ ਲੋਕਾਂ ਲਈ ਬੱਸ ਇੱਕ ਸੁਪਨਾ ਸਨ ਅਤੇ ਹੁਣ ਆਮ ਆਦਮੀ ਪਾਰਟੀ ਇਹਨ੍ਹਾਂ ਸੁਪਨਿਆ ਨੂੰ ਪੂਰਾ ਕਰ ਰਹੀ ਹੈ। ਵਿਕਾਸ ਕਾਰਜ ਰੰਗਲੇ ਪੰਜਾਬ ਦੀ ਨੀਹ ਹਨ ਅਤੇ ਇਨ੍ਹਾਂ ਕਾਰਜਾਂ ਕਰਕੇ ਹੀ ਪੰਜਾਬ ਅੰਦਰ ਫਿਰ ਤੋਂ ਖੁਸਹਾਲੀ ਵਾਪਸ ਪਰਤ ਰਹੀ ਹੈ। ਉਨ੍ਹਾਂ ਕਿਹਾ ਕਿ ਨੋਜਵਾਨ ਭਵਿੱਖ ਹਨ ਅਤੇ ਨੋਜਵਾਨਾਂ ਦੀ ਸੋਚ ਉਨ੍ਹਾਂ ਨੂੰ ਚੰਗਾ ਕਰਨ ਕਰਨ ਲਈ ਪ੍ਰੇਰਿਤ ਕਰਦੀ ਹੈ । ਉਹ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਣ ਵਾਲੇ ਹਰੇਕ ਵਿਅਕਤੀ, ਨੋਜਵਾਨ ਅਤੇ ਕਾਰਜ ਕਰਤਾ ਦਾ ਸਵਾਗਤ ਕਰਦੇ ਹੋਏ ਭਰੋਸਾ ਦਿੰਦੇ ਹਨ ਕਿ ਪਾਰਟੀ ਵਿੱਚ ਉੂਨ੍ਹਾਂ ਨੂੰ ਪੂਰਾ ਮਾਨ ਸਮਮਾਨ ਦਿੱਤਾ ਜਾਵੈਗਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਵਿਜੈ ਕਟਾਰੂਚੱਕ ਜਿਲ੍ਹਾ ਮੀਡਿਆ ਕੋਆਰਡੀਨੇਟਰ ਪਠਾਨਕੋਟ, ਖੁਸਬੀਰ ਕਾਟਲ, ਨਰੇਸ ਸੈਣੀ, ਸਾਬੀ ਕਾਜਲਾ, ਦੀਨਾਨਗਰ ਹਲਕੇ ਦੇ ਪ੍ਰਮੁੱਖ ਕਾਰਜਕਰਤਾ ਸਮਸੇਰ ਸਿੰਘ, ਸੋਹਣ ਸਿੰਘ ਆਦਿ ਹਾਜ਼ਰ ਸਨ।

# ਪਿੰਡ ਭਗਵਾਨਪੁਰ ਵਿਖੇ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੀਤੀ ਸਿਰਕਤ

**ਪਠਾਨਕੋਟ, 20 ਮਾਰਚ (ਰਾਜਿੰਦਰ ਸਿੰਘ ਰਾਜਨ)**
ਪਠਾਨਕੋਟ, 20 ਮਾਰਚ (ਰਾਜਿੰਦਰ ਸਿੰਘ ਰਾਜਨ) ਪੰਜਾਬ ਸਰਕਾਰ ਦਾ ਵੀ ਇੱਕ ਉਪਰਾਲਾ ਹੈ ਕਿ ਖੁਸਹਾਲ ਪੰਜਾਬ ਬਣਾਉਂਣ ਦੇ ਲਈ ਨੋਜਵਾਨਾਂ ਨੂੰ ਨਸੇ ਦੀ ਦਲਦਲ ਵਿੱਚੋਂ ਬਾਹਰ ਕੱਢਿਆ ਜਾਵੈ ਅਤੇ ਖੇਡਾਂ ਨਾਲ ਜੋੜਿਆ ਜਾਵੈ, ਖੇਡਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਪੰਜਾਬ ਅੰਦਰ ਸਟੈਡੀਅਮਾਂ ਦਾ ਨਿਰਮਾਣ ਕਰਵਾਉਂਣਾ ਅਤੇ ਨੋਜਵਾਨਾਂ ਨੂੰ ਖੇਡਾਂ ਦੇ ਲਈ ਪ੍ਰੇਰਿਤ ਕਰਨਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਭਗਵਾਨਪੁਰ ਵਿਖੇ ਕਰਵਾਏ ਜਾ ਰਹੇ ਕਬੱਡੀ ਟੂਰਨਾਮੈਂਟ ਦੋਰਾਨ ਮੁੱਖ ਮਹਿਮਾਨ ਵਜੋਂ ਹਾਜਰ ਹੋ ਕੇ ਸੰਬੋਧਨ ਕਰਦਿਆਂ ਕੀਤਾ।

ਜਿਕਰਯੋਗ ਹੈ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਭਗਵਾਨਪੁਰ ਵਿਖੇ ਪਿਛਲੇ ਦੋ ਦਿਨ੍ਹਾਂ ਤੋਂ ਸਹੀਦ ਭਗਤ ਸਿੰਘ ਯੂਥ ਕਲੱਬ ਵੱਲੋਂ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਅਤੇ ਪੰਜਾਬ ਤੋਂ ਬਾਹਰ ਤੋਂ ਕਰੀਬ 35 ਤੋਂ 40 ਟੀਮਾਂ ਭਾਗ ਲੈ ਰਹੀਆ ਹਨ ਇਸ ਟੂਰਨਾਮੈਂਟ ਵਿੱਚ ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ ਅਤੇ ਨੋਜਵਾਨਾਂ ਦੀ ਹੌਸਲਾ ਅਫਜਾਈ ਕੀਤੀ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦਾ ਇਹ ਵਿਸੇਸ ਉਪਰਾਲਾ ਰਿਹਾ ਹੈ ਕਿ ਨੋਜਵਾਨਾਂ ਨੂੰ ਨਸੇ ਤੋਂ ਬਾਹਰ ਕੱਢਣ ਦੇ ਲਈ ਨੋਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੈ ਇਸ ਉਦੇਸ ਨਾਲ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨ੍ਹਾਂ ਦੋਰਾਨ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ ਸਨ ਅਤੇ ਇਸ ਤੋਂ ਪਿੰਡਾਂ ਵਿੱਚ ਸਟੈਡੀਅਮਾਂ ਦਾ ਨਿਰਮਾਣ ਕਰਕੇ ਅਤੇ ਪਿੰਡ ਪੱਧਰ ਤੇ ਕਲੱਬਾਂ ਦਾ ਸਹਿਯੋਗ ਕਰਕੇ ਨੋਜਵਾਨਾਂ ਨੂੰ ਖੇਡਾਂ ਦੇ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੋਕੇ ਤੇ ਉਨ੍ਹਾਂ ਵੱਲੋਂ ਸਹੀਦ ਭਗਤ ਸਿੰਘ ਯੂਥ ਕਲੱਬ ਦੇ ਇਸ ਉਪਰਾਲੇ ਲਈ ਪ੍ਰਸੰਸਾ ਕੀਤੀ ਅਤੇ ਕਲੱਬ ਨੂੰ ਸਹਿਯੋਗ ਦੇ ਲਈ ਇੱਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੋਕੇ ਤੇ ਉਨ੍ਹਾਂ ਅਪਣੇ ਸੰਬੋਧਨ ਵਿੱਚ ਪਿੰਡ ਭਗਵਾਨਪੁਰ ਵਿਖੇ ਸਮਸਾਨਘਾਟ ਦੇ ਨਵਨਿਰਮਾਣ ਦੇ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਘੋਸਣਾ ਕੀਤੀ।



ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਵਿਜੈ ਕਟਾਰੂਚੱਕ ਜਿਲ੍ਹਾ ਮੀਡਿਆ ਕੋਆਰਡੀਨੇਟਰ ਪਠਾਨਕੋਟ, ਸਰਪੰਚ ਸਤਨਾਮ ਸਿੰਘ ਸਮਾਟੀ, ਜਤਿੰਦਰ ਰਾਮ, ਵਿਜੈ ਕਾਟਲ, ਖੁਸਬੀਰ ਕਾਟਲ, ਨਰੇਸ ਸੈਣੀ, ਅਸਵਨੀ ਕੁਮਾਰ, ਸੁਰਜੀਤ ਸਿੰਘ, ਪ੍ਰਮੋਦ ਅਤੇ ਦਿਲਬਿਆਸ ਤੋਂ ਇਲਾਵਾ ਆਦਿ ਹਾਜਰ ਸਨ।

ਇਸੇ ਹੀ ਤਰ੍ਹਾਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਪਿੰਡ ਬਲਸੂਆ ਵਿਖੇ ਸ੍ਰੀ ਬਾਬਾ ਹਰਚੰਦ ਜੀ ਯੂਥ ਕਲੱਬ ਵੱਲੋਂ ਕਰਵਾਏ ਜਾ ਰਹੇ ਬਾਲੀਬਾਲ ਟੂਰਨਾਮੈਂਟ ਵਿੱਚ ਪਹੁੰਚੇ । ਇੱਥੇ ਬਲਸੂਆ ਨਿਵਾਸੀ ਟੂਰਨਾਮੈਂਟ ਪ੍ਰਬੰਧਕ ਮਨਿੰਦਰ ਸਿੰਘ ਅਤੇ ਹੋਰ ਪ੍ਰਿਤਪਾਲ ਸਿੰਘ ਅਤੇ ਬਾਕੀ ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਦਾ ਟੂਰਨਾਮੈਂਟ ਵਿੱਚ ਪਹੁੰਚਣ ਤੇ ਸਵਾਗਤ ਕੀਤਾ। ਜਿਕਰਯੋਗ ਹੈ ਕਿ ਟੂਰਨਾਮੈਂਟ ਵਿੱਚ ਕਰੀਬ 30 ਟੀਮਾਂ ਭਾਗ ਲੈ ਰਹੀਆਂ ਹਨ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਨੇ ਯੂਥ ਕਲੱਬ ਨੂੰ 51000 ਰੁਪਏ ਦੇਣ ਦੀ ਘੋਸਣਾ ਕੀਤੀ। ਉਨ੍ਹਾਂ ਪਿੰਡ ਵਾਸੀਆਂ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ।

# ਜ਼ਿਲ੍ਹਾ ਕਚਹਿਰੀਆਂ ਸੰਗਰੂਰ ਅਤੇ ਉਪ ਮੰਡਲ ਪੱਧਰ ਸੁਨਾਮ, ਮੂਨਕ, ਧੂਰੀ ਅਤੇ ਮਲੇਰਕੋਟਲਾ ਵਿਖੇ ਲੋਕ ਅਦਾਲਤ ਦਾ ਆਯੋਜਨ

**ਸੰਗਰੂਰ, (ਦਲਜੀਤ ਕੌਰ)-** ਮਾਣਯੋਗ ਜਸਟਿਸ ਐਮ.ਐਸ ਰਾਮਾਚੰਦਰਾ ਰਾਓ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ-ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀਂ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਅਤੇ ਮਾਣਯੋਗ ਜਸਟਿਸ ਜੈਸ੍ਰੀ ਠਾਕੁਰ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ-ਪ੍ਰਬੰਧਕੀ ਜੱਜ, ਸੈਸ਼ਨਜ਼ ਡਵੀਜ਼ਨ, ਸੰਗਰੂਰ ਦੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਰਜਿੰਦਰ ਸਿੰਘ ਰਾਏ, ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੀ ਪ੍ਰਧਾਨਗੀ ਅਤੇ ਸ੍ਰੀ ਪੀ.ਐਸ. ਕਾਲੇਕਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੀ ਦੇਖ ਰੇਖ ਹੇਠ ਅੱਜ ਜ਼ਿਲ੍ਹਾ ਕਚਹਿਰੀਆਂ, ਸੰਗਰੂਰ ਅਤੇ ਉਪ ਮੰਡਲ ਪੱਧਰ ਸੁਨਾਮ, ਮੂਨਕ, ਧੂਰੀ ਅਤੇ ਮਲੇਰਕੋਟਲਾ ਵਿਖੇ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।

ਇਸ ਲੋਕ ਅਦਾਲਤ ਵਿੱਚ ਅਦਾਲਤਾਂ ਵਿੱਚ ਲੰਬਿਤ ਕੇਸ ਜਿਨ੍ਹਾਂ ਵਿੱਚ ਮੋਟਰ ਐਕਸੀਡੈਂਟ ਕਲੇਮ, ਲੈਂਡ ਇਕਉਈਸ਼ਨ ਕੇਸ ਅਤੇ ਪਰਿਵਾਰਕ ਝਗੜਿਆਂ ( ਘਰੇਲੂ ਹਿੰਸਾ ਐਕਟ ਸਮੇਤ ਸਾਰੀਆਂ ਕੈਟੇਗਰੀਆਂ) ਆਦਿ ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰ ਤੇ ਕੁੱਲ 5 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ ਅਤੇ ਉਪ ਮੰਡਲ ਪੱਧਰਾਂ ਤੇ ਕੁੱਲ 4 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਦੀ ਪ੍ਰਧਾਨਗੀ ਨਿਆਂਇਕ ਅਧਿਕਾਰੀਆਂ ਵਲੋਂ ਕੀਤੀ ਗਈ। ਲੋਕ ਅਦਾਲਤ ਬੈਂਚਾਂ ਦੇ ਸਹਿਯੋਗ ਲਈ ਹਰ ਲੋਕ ਅਦਾਲਤ ਬੈਂਚ ਵਿੱਚ ਦੋ ਮੈਂਬਰ ਨਾਮਜ਼ਦ ਕੀਤੇ ਗਏ ਸੀ ।




ਅੱਜ ਦੀ ਇਸ ਲੋਕ ਅਦਾਲਤ ਵਿਚ ਸ੍ਰੀ ਰਜਿੰਦਰ ਸਿੰਘ ਰਾਏ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਸੰਗਰੂਰ, ਸ੍ਰੀਮਤੀ ਬਲਜਿੰਦਰ ਸਿੱਧੂ, ਸ੍ਰੀ ਗੁਰਪ੍ਰਤਾਪ ਸਿੰਘ ਅਤੇ ਮਿਸ ਦੀਪਤੀ ਗੁਪਤਾ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ੍ਰੀ ਗੁਰਭਿੰਦਰ ਸਿੰਘ ਜੌਹਲ ਨੇ ਲੋਕ ਅਦਾਲਤ ਬੈਂਚਾਂ, ਸੰਗਰੂਰ ਤੋਂ ਇਲਾਵਾ ਸ੍ਰੀਮਤੀ ਰੂਪਾ ਧਾਲੀਵਾਲ ਵਧੀਕ ਸਿਵਲ ਜੱਜ (ਜੂਨੀਅਰ ਡੀਵੀਜ਼ਨ), ਮਲੇਰਕੋਟਲਾ ਨੇ ਲੋਕ ਅਦਾਲਤ ਬੈਚਾਂ, ਮਲੇਰਕੋਟਲਾ ਦੀ ਪ੍ਰਧਾਨਗੀ ਕੀਤੀ। ਸ੍ਰੀਮਤੀ ਅਮਨਦੀਪ ਕੌਰ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਸੁਨਾਮ ਨੇ ਲੋਕ ਅਦਾਲਤ ਬੈਂਚ ਸੁਨਾਮ ਦੀ ਪ੍ਰਧਾਨਗੀ ਕੀਤੀ। ਸ੍ਰੀਮਤੀ ਨੇਹਾ ਗੋਇਲ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਧੂਰੀ ਨੇ ਲੋਕ ਅਦਾਲਤ ਬੈਂਚ, ਧੂਰੀ ਦੀ ਪ੍ਰਧਾਨਗੀ ਕੀਤੀ ਅਤੇ ਸ੍ਰੀਮਤੀ ਇੰਦੂ ਬਾਲਾ, ਵਧੀਕ ਸਿਵਲ ਜੱਜ (ਜੂਨੀਅਰ ਡੀਵੀਜ਼ਨ) ਨੇ ਲੋਕ ਅਦਾਲਤ ਬੈਂਚ, ਮੂਨਕ ਦੀ ਪ੍ਰਧਾਨਗੀ ਕੀਤੀ।

ਅੱਜ ਦੀ ਇਸ ਲੋਕ ਅਦਾਲਤ ਵਿੱਚ ਕੁੱਲ 281 ਕੇਸ ਨਿਪਟਾਰੇ ਲਈ ਰੱਖੇ ਗਏ ਸਨ ਜਿਨ੍ਹਾਂ ਵਿੱਚੋਂ 43 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰ-ਗਰੂਰ ਵੱਲੋਂ ਕੀਤੇ ਗਏ ਇਸ ਲੋਕ ਅਦਾਲਤ ਦੇ ਪ੍ਰਚਾਰ ਸਦਕਾ ਇਸ ਲੋਕ ਅਦਾਲਤ ਦੌਰਾਨ 2,47,85,370/- ਰੁਪਏ ਦੇ ਅਵਾਰਡ ਪਾਸ ਕੀਤੇ ਗਏ।

ਇਸ ਮੌਕੇ ਤੇ ਸ੍ਰੀ ਰਜਿੰਦਰ ਸਿੰਘ ਰਾਏ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਵੱਲੋਂ ਦੱਸਿਆ ਗਿਆ ਕਿ ਲੋਕ ਅਦਾਲਤ ਵਿੱਚ ਲੋਕਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ। ਲੋਕ ਅਦਾਲਤ ਦੀ ਮਹੱਤਤਾ ਬਾਰੇ ਦੱਸਦੇ ਹੋਏ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਲੋਕ ਅਦਾਲਤ ਰਾਹੀਂ ਨਿਪਟਾਏ ਗਏ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਵਾਪਸ ਕੀਤੀ ਜਾਂਦੀ ਹੈ, ਦੋਵੇਂ ਧਿਰਾਂ ਦੇ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਧਿਰਾਂ ਵਿਚ ਆਪਸੀ ਦੁਸ਼ਮਣੀ ਘਟਦੀ ਹੈ ਅਤੇ ਪਿਆਰ ਵਧਦਾ ਹੈ ਅਤੇ ਲੋਕ ਅਦਾਲਤ ਰਾਹੀਂ ਕੀਤੇ ਗਏ ਫੈਸਲੇ ਦੇ ਖਿਲਾਫ ਅੱਗੇ ਕੋਈ ਅਪੀਲ ਨਹੀਂ ਹੁੰਦੀ ਜਿਸ ਨਾਲ ਝਗੜਾ ਹਮੇਸ਼ਾਂ ਲਈ ਖ਼ਤਮ ਹੋ ਜਾਂਦਾ ਹੈ।

ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕੀਤਾ ਜਾਵੇ।

# 'ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ' ਪੁਸਤਕ ਸਬੰਧੀ ਵਿਚਾਰ ਚਰਚਾ ਅਤੇ ਨਾਟਕ ਲੱਛੂ ਕਬਾੜੀਆ 25 ਨੂੰ

**ਜਲੰਧਰ–** ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਵਿਸ਼ਵ ਰੰਗ ਮੰਚ ਦਿਹਾੜੇ ਨੂੰ ਸਮਰਪਿਤ ਸਮਾਗਮ ਮੌਕੇ ਵਿਚਾਰ ਚਰਚਾ ਅਤੇ ਡਾ.ਸਾਹਿਬ ਸਿੰਘ ਦਾ ਨਾਟਕ ਲੱਛੂ ਕਬਾੜੀਆ 25 ਮਾਰਚ ਦਿਨ ਸ਼ਨਿਚਰਵਾਰ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿਖੇ ਖੇਡਿਆ ਜਾਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦਾ ਪਹਿਲਾ ਸੈਸ਼ਨ: 'ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ' (ਲੇਖਕ: ਚਰੰਜੀ ਲਾਲ ਕੰਗਣੀਵਾਲ) ਪੁਸਤਕ ਸਬੰਧੀ ਵਿਚਾਰ ਚਰਚਾ ਹੋਏਗੀ।

ਇਸ ਵਿਚਾਰ-ਚਰਚਾ 'ਚ ਡਾ. ਜੋਗਿੰਦਰ ਸਿੰਘ (ਸਾਬਕਾ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਡਾ. ਪਰਮਿੰਦਰ ਸਿੰਘ (ਸਾਬਕਾ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਅਤੇ ਡਾ. ਜੇ.ਬੀ. ਸੇਖੋਂ (ਪ੍ਰੋਫੈਸਰ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ)। ਇਸ ਮੌਕੇ ਹੀ 23 ਮਾਰਚ ਦੇ ਸ਼ਹੀਦਾਂ ਦਾ ਪੈਗ਼ਾਮ ਲੋਕਾਂ ਤੱਕ ਲਿਜਾਣ ਦਾ ਸੁਨੇਹਾ ਵੀ ਦਿੱਤਾ ਜਾਏਗਾ। ਦੂਜੇ ਸੈਸ਼ਨ ਮੌਕੇ ਡਾ. ਸਾਹਿਬ ਸਿੰਘ ਦਾ ਲਿਖਿਆ, ਨਿਰਦੇਸ਼ਤ ਕੀਤਾ ਨਾਟਕ ਲੱਛੂ ਕਬਾੜੀਆ ਉਹਨਾਂ ਦੁਆਰਾ ਹੀ ਖੇਡਿਆ ਜਾਏਗਾ। 25 ਮਾਰਚ ਦਿਨ ਸ਼ਨਿਚਰਵਾਰ ਸਵੇਰੇ ਠੀਕ 11 ਵਜੇ ਤੋਂ ਦੋਵੇਂ ਸੈਸ਼ਨ ਨਿਰੰਤਰ ਚੱਲਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਰੰਗ ਕਰਮੀ, ਸਾਹਿਤਕ ਸਭਿਆਚਾਰਕ, ਲੋਕ-ਪੱਖੀ ਜੱਥੇਬੰਦੀਆਂ ਅਤੇ ਵਿਅਕਤੀਆਂ ਨੂੰ ਪਰਿਵਾਰਾਂ ਸਮੇਤ ਸਮਾਗਮ ਵਿੱਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਜ਼ਿਲ੍ਹੇ ਅੰਦਰ 'ਵਿਸ਼ਵ ਗਲਾਕੋਮਾ ਹਫ਼ਤੇ' ਨੂੰ ਸਮਰਪਿਤ ਜਾਗਰੂਕਤਾ ਕੈਂਪ ਲਗਾਇਆ ਗਿਆ

**ਪਠਾਨਕੋਟ 18 ਮਾਰਚ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹੇ ਅੰਦਰ 'ਵਿਸ਼ਵ ਗਲਾਕੋਮਾ ਹਫ਼ਤੇ' ਨੂੰ ਸਮਰਪਿਤ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਦੌਰਾਨ ਆਈਸ ਸਪੈਸ਼ਲਿਸਟ ਡਾ: ਰਮੇਸ਼ ਡੋਗਰਾ ਅਤੇ ਡਾ: ਨੇਹਾ ਗੁਪਤਾ ਨੇ ਦੱਸਿਆ ਕਿ ਜੇਕਰ ਸਮੇਂ ਸਿਰ ਇਸ ਦਾ ਪਤਾ ਲੱਗ ਜਾਵੇ ਤਾਂ ਇਸ ਦਾ ਆਸਾਨੀ ਨਾਲ ਅਤੇ ਸਫ਼ਲਤਾਪੂਰਵਕ ਇਲਾਜ ਕੀਤਾ ਜਾ ਸਕਦਾ ਹੈ । ਉਨ੍ਹਾਂ ਦੱਸਿਆ ਕਿ ਮੁੱਖ ਲੱਛਣ ਅਸਧਾਰਨ ਸਿਰ-ਦਰਦ, ਅੱਖਾਂ ਵਿੱਚ ਦਰਦ, ਲਾਲੀ, ਐਨਕਾਂ ਦਾ ਵਾਰ-ਵਾਰ ਬਦਲਣਾ, ਆਲੇ-ਦੁਆਲੇ ਹਲਕੇ ਅਤੇ ਰੰਗਦਾਰ ਚੱਕਰ ਅਤੇ ਨਜ਼ਰ ਦਾ ਸੀਮਤ ਖੇਤਰ ਆਦਿ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਅਜਿਹੇ ਲੱਛਣ ਦਿਖਾਈ ਦੇਣ ਤਾਂ ਉਹ ਤੁਰੰਤ ਨਜ਼ਦੀਕੀ ਸਰਕਾਰੀ ਹਸਪਤਾਲ ਵਿੱਚ ਜਾ ਕੇ ਅੱਖਾਂ ਦੇ ਪ੍ਰੈਸ਼ਰ ਦੀ ਜਾਂਚ ਕਰਵਾਉਣ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਅੱਖਾਂ ਦੀ ਜਾਂਚ ਅਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ।ਕੈਂਪ ਦੌਰਾਨ ਸਿਹਤ ਵਿਭਾਗ ਵੱਲੋਂ ਅੱਖਾਂ ਦੀਆਂ ਬਿਮਾਰੀਆਂ ਸਬੰਧੀ ਜਾ-ਗਰੂਕਤਾ ਪੋਸਟਰ ਵੀ ਜਾਰੀ ਕੀਤੇ ਗਏ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ: ਰਾਜ ਕੁਮਾਰ, ਜ਼ਿਲ੍ਹਾ ਸਿਹਤ ਅਫ਼ਸਰ ਡਾ: ਸੁਨੀਤਾ, ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ: ਸੁਨੀਲ ਚੰਦ, ਅੱਖਾਂ ਦੇ ਮਾਹਿਰ ਡਾ: ਰਮੇਸ਼ ਡੋਗਰਾ, ਡਾ: ਨੇਹਾ ਗੁਪਤਾ ਆਦਿ ਹਾਜ਼ਰ ਸਨ।



# ਪੰਜਾਬ ਦੇ ਲੋਕਾਂ ਦਾ ਪੈਸਾ ਲੁੱਟਣ ਵਾਲਿਆਂ ਖ਼ਿਲਾਫ਼ ਹੀ ਕਾਰਵਾਈ ਹੋ ਰਹੀ ਹੈ- ਮੁੱਖ ਮੰਤਰੀ





**ਧੂਰੀ/ਸੰਗਰੂਰ (ਦਲਜੀਤ ਕੌਰ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਸੂਬਾ ਸਰਕਾਰ ਬਦਲਾਖੋਰੀ ਦੀ ਰਾਜਨੀਤੀ ਨਹੀਂ ਕਰ ਰਹੀ, ਸਗੋਂ ਸਿਰਫ਼ ਉਨ੍ਹਾਂ ਭ੍ਰਿਸ਼ਟਾਚਾਰੀਆਂ ਨੂੰ ਨੱਥ ਪਾਈ ਜਾ ਰਹੀ ਹੈ, ਜਿਨ੍ਹਾਂ ਨੇ ਸੂਬੇ ਦੀ ਦੌਲਤ ਨੂੰ ਬੇਰਹਿਮੀ ਨਾਲ ਲੁੱਟਿਆ ਹੈ। ਇੱਥੇ ਧੂਰੀ ਵਿਧਾਨ ਸਭਾ ਹਲਕੇ ਵਿੱਚ ਸ਼ੁੱਕਰਵਾਰ ਨੂੰ ਜਨਤਕ ਮੀਟਿੰਗਾਂ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਭ੍ਰਿਸ਼ਟ ਸਿਆਸਤਦਾਨਾਂ ਨੂੰ ਸਲਾਖਾਂ ਪਿੱਛੇ ਡੱਕਣ ਨੂੰ ਯਕੀਨੀ ਬਣਾ ਕੇ ਸਿਸਟਮ ਦੀ ਸਫ਼ਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਬੇਰਹਿਮੀ ਅਤੇ ਬੇਸ਼ਰਮੀ ਨਾਲ ਸੂਬੇ ਨੂੰ ਲੁੱਟਿਆ ਹੈ ਅਤੇ ਹੁਣ ਇਹ ਆਪਣੇ ਗੁਨਾਹਾਂ ਦੀ ਕੀਮਤ ਚੁਕਾ ਰਹੇ ਹਨ। ਭਗਵੰਤ ਮਾਨ ਨੇ ਹੈਰਾਨੀ ਪ੍ਰਗਟਾਈ ਕਿ ਅਜਿਹੇ ਘਿਨਾਉਣੇ ਅਪਰਾਧ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਕਾਰਵਾਈ ਬਦਲੇ ਦੀ ਰਾਜਨੀਤੀ ਕਿਵੇਂ ਹੋ ਸਕਦੀ ਹੈ?

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਕਿਸੇ ਨੇ ਵੀ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕੀਤੀ ਹੈ, ਭਾਵੇਂ ਉਹ ਮੌਜੂਦਾ ਜਾਂ ਪਿਛਲੀ ਸਰਕਾਰ ਨਾਲ ਸਬੰਧਤ ਹੋਵੇ, ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਵਿਜੀਲੈਂਸ ਬਿਊਰੋ ਸੁਤੰਤਰ ਤੌਰ 'ਤੇ ਕੰਮ ਕਰ ਰਿਹਾ ਹੈ ਅਤੇ ਪੁੱਛਗਿੱਛ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਜਨਤਾ ਦੇ ਪੈਸੇ ਦੀ ਲੁੱਟ ਕਰਨ ਵਾਲਿਆਂ ਤੋਂ ਇਕ-ਇਕ ਪੈਸਾ ਵਸੂਲਣਾ ਹੀ ਉਨ੍ਹਾਂ ਦਾ ਇੱਕੋ-ਇੱਕ ਟੀਚਾ ਹੈ।

ਇਸ ਮੁੱਦੇ 'ਤੇ ਰੌਲਾ-ਰੱਪਾ ਪਾਉਣ ਲਈ ਵਿਰੋਧੀ ਧਿਰ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਆਪ ਨੂੰ ਖੁੱਲ੍ਹੀ ਕਿਤਾਬ ਹੋਣ ਦਾ ਦਾਅਵਾ ਕਰਨ ਵਾਲੇ ਇਨ੍ਹਾਂ ਆਗੂਆਂ ਦੀ ਜ਼ਿੰਦਗੀ ਦੇ ਕਈ ਪੰਨੇ ਫਟੇ ਹੋਏ ਹਨ, ਜਿਸ ਕਾਰਨ ਉਹ ਵਿਜੀਲੈਂਸ ਦੀ ਕਾਰਵਾਈ ਤੋਂ ਘਬਰਾਉਂਦੇ ਹਨ। ਉਨ੍ਹਾਂ ਵਿਰੋਧੀ ਧਿਰ ਦੇ ਆਗੂਆਂ ਤੋਂ ਪੁੱਛਿਆ ਕਿ ਉਹ ਇਹ ਦੱਸਣ ਕਿ ਉਨ੍ਹਾਂ ਦਾ ਇਕ ਸਾਥੀ ਅਤੇ ਸਾਬਕਾ ਮੰਤਰੀ, ਜੋ ਕਿ ਸਲਾਖਾਂ ਪਿੱਛੇ ਹੈ, ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਲਈ ਕਿਉਂ ਗਿਆ ਸੀ? ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਵਿਜੀਲੈਂਸ ਦੀ ਕਾਰਵਾਈ 'ਤੇ ਸਵਾਲ ਚੁੱਕਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ ਕਿਉਂਕਿ ਇਹ ਭ੍ਰਿਸ਼ਟਾਚਾਰ 'ਚ ਨੱਕੋ-ਨੱਕ ਡੁੱਬੇ ਹੋਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਆਪਣੇ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰਕੇ ਕਾਫ਼ੀ ਜਾਇਦਾਦ ਇਕੱਠੀ ਕਰਕੇ ਵੱਡੇ-ਵੱਡੇ ਮਹਿਲ ਉਸਾਰੇ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਮਹਿਲਾਂ ਦੀਆਂ ਕੰਧਾਂ ਉੱਚੀਆਂ ਸਨ ਅਤੇ ਗੇਟ ਆਮ ਤੌਰ 'ਤੇ ਲੋਕਾਂ ਲਈ ਬੰਦ ਹੀ ਰਹਿੰਦੇ ਸਨ। ਭਗਵੰਤ ਮਾਨ ਨੇ ਕਿਹਾ ਕਿ ਇਹ ਆਗੂ ਲੋਕਾਂ ਦੀ ਪਹੁੰਚ ਤੋਂ ਬਾਹਰ ਰਹੇ, ਜਿਸ ਕਾਰਨ ਜਨਤਾ ਨੇ ਉਨ੍ਹਾਂ ਨੂੰ ਬਾਹਰ ਕਰ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਬਣੀ ਹੈ, ਜੋ ਸੂਬੇ ਦੇ ਲੋਕਾਂ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਹ ਨਾ ਤਾਂ ਬਾਦਲ ਦੀ ਸਰਕਾਰ ਹੈ ਅਤੇ ਨਾ ਹੀ ਕੈਪਟਨ ਦੀ, ਸਗੋਂ ਇਹ ਹਰ ਪੰਜਾਬੀ ਦੀ ਸਰਕਾਰ ਹੈ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਇੱਛਾਵਾਂ ਅਨੁਸਾਰ ਸੂਬੇ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਜਲਦੀ ਹੀ ਇੱਕ ਨਵਾਂ, ਅਗਾਂਹਵਧੂ ਅਤੇ ਗਤੀਸ਼ੀਲ ਪੰਜਾਬ ਸਿਰਜਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਰਵਪੱਖੀ ਵਿਕਾਸ ਲਈ ਸਰਕਾਰੀ ਫੰਡਾਂ ਦੀ ਸਹੀ ਅਤੇ ਸੁਚੱਜੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਅਤੇ ਸਕੂਲ ਆਫ਼ ਐਮੀਨੈਂਸ ਖੋਲ੍ਹ ਕੇ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਕਰਦਾਤਾਵਾਂ ਦਾ ਪੈਸਾ ਜ਼ੀਰੋ ਬਿਜਲੀ ਬਿੱਲਾਂ ਦੇ ਰੂਪ ਵਿੱਚ ਲੋਕਾਂ ਨੂੰ ਵਾਪਸ ਕੀਤਾ ਜਾ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਦਾ ਮਕਸਦ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣਾ ਹੈ।

ਸੂਬੇ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਸੂਬਾ ਸਰਕਾਰ ਦਾ ਧਿਆਨ ਇਸ ਦਿਸ਼ਾ ਵੱਲ ਗਿਆ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਵਿੱਚ ਇਨਸਾਫ਼ ਹੁਣ ਦੂਰ ਨਹੀਂ ਕਿਉਂਕਿ ਦੋਸ਼ੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਯਕੀਨੀ ਬਣਾਉਣ ਲਈ ਅਦਾਲਤ ਵਿੱਚ ਚਲਾਨ ਪਹਿਲਾਂ ਹੀ ਪੇਸ਼ ਕੀਤਾ ਜਾ ਚੁੱਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਇਸ ਘਿਨਾਉਣੇ ਅਪਰਾਧ ਦੇ ਦੋਸ਼ੀ ਸਲਾਖਾਂ ਪਿੱਛੇ ਨਜ਼ਰ ਆਉਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਮਲਾ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਹੈ ਅਤੇ ਹਾਈ ਕੋਰਟ ਵੱਲੋਂ ਬਣਾਈ ਗਈ ਸਿੱਟ ਵੱਲੋਂ ਚਲਾਨ ਪੇਸ਼ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ ਜਿਹੜੇ ਲੋਕ ਵੱਡੇ-ਵੱਡੇ ਦਾਅਵੇ ਕਰਦੇ ਸਨ ਕਿ ਉਹ ਲੋਕਾਂ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ, ਉਹ ਹੁਣ ਫ਼ਰੀਦਕੋਟ ਦੀ ਅਦਾਲਤ ਵਿੱਚ ਜਾਣ ਤੋਂ ਡਰਦੇ ਹਨ। ਭਗਵੰਤ ਮਾਨ ਨੇ ਵਿਅੰਗ ਕੀਤਾ ਕਿ ਘਬਰਾਹਟ ਵਿੱਚ ਇਹ ਆਗੂ ਅਦਾਲਤ ਵਿੱਚ ਜ਼ਮਾਨਤ ਦੀ ਅਰਜ਼ੀ ਦੇਣ ਲਈ ਭੱਜ-ਨੱਠ ਕਰ ਰਹੇ ਹਨ, ਜੋ ਇਨ੍ਹਾਂ ਦੀ ਕਥਨੀ ਤੇ ਕਰਨੀ ਵਿੱਚ ਫਰਕ ਨੂੰ ਸਪੱਸ਼ਟ ਕਰਦਾ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਮੀਮਸਾ, ਕਾਤਰੋਂ, ਬਾਲੀਆਂ ਸਮੇਤ ਕਈ ਪਿੰਡਾਂ ਵਿੱਚ ਜਨਤਕ ਮੀਟਿੰਗਾਂ ਕੀਤੀਆਂ, ਜਿਸ ਦੌਰਾਨ ਉਨ੍ਹਾਂ ਨੇ ਵਿਕਾਸ ਲਈ ਗ੍ਰਾਂਟਾਂ ਜਾਰੀ ਕੀਤੀਆਂ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਕੀਤਾ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿੱਚ ਆਪਣਾ ਨੁਮਾਇੰਦਾ ਚੁਣਨ ਲਈ ਹਲਕੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਦੀ ਗੱਲ ਹੈ ਕਿ ਲੋਕਾਂ ਨੇ ਮੇਰੇ ਪ੍ਰਤੀ ਬਹੁਤ ਪਿਆਰ ਦਿਖਾਇਆ ਹੈ ਅਤੇ ਉਹ ਇਸ ਪਿਆਰ ਨੂੰ ਕਦੇ ਵਾਪਸ ਨਹੀਂ ਕਰ ਸਕਦੇ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਹਲਕੇ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਢੁਕਵੇਂ ਫੰਡਾਂ ਨਾਲ ਧੂਰੀ ਦਾ ਸਰਬਪੱਖੀ ਵਿਕਾਸ ਕਰਕੇ ਇੱਕ ਮਾਡਲ ਸ਼ਹਿਰ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਸ਼ਹਿਰ ਨੂੰ ਵਿਸ਼ਵ ਪੱਧਰੀ ਸਿਹਤ ਅਤੇ ਸਿੱਖਿਆ ਸਹੂਲਤਾਂ, ਸੜਕਾਂ, ਸਾਫ਼ ਛੱਪੜ, ਵਾਟਰ ਰੀਚਾਰਜਿੰਗ ਅਤੇ ਨਹਿਰੀ ਸਿੰਜਾਈ ਪ੍ਰਣਾਲੀ ਨਾਲ ਲੈਸ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਧੂਰੀ ਵਿੱਚ ਰੇਲਵੇ ਓਵਰ ਬ੍ਰਿਜ ਦੀ ਮਨਜ਼ੂਰੀ ਮਿਲ ਗਈ ਹੈ, ਜਿਸ ਨਾਲ ਸ਼ਹਿਰ ਵਿੱਚ ਟਰੈਫਿਕ ਦੀ ਸਮੱਸਿਆ ਤੋਂ ਨਿਜ਼ਾਤ ਮਿਲੇਗੀ।

# ਦਾਖ਼ਲਾ ਮੁਹਿੰਮ ਨੂੰ ਲੈਕੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਬਲਾਕ ਨਰੋਟ ਜੈਮਲ ਸਿੰਘ ਦੇ ਸਕੂਲ ਮੁਖੀਆਂ ਨਾਲ ਰਿਵਿਊ ਮੀਟਿੰਗ ਆਯੋਜਿਤ

**ਪਠਾਨਕੋਟ 18 ਮਾਰਚ (ਰਾਜਿੰਦਰ ਸਿੰਘ ਰਾਜਨ)** ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਲਈ ਵਿਸ਼ੇਸ਼ ਮੁਹਿੰਮ ਜਾਰੀ ਹੈ। ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਠਾਨਕੋਟ ਵਿੱਚ ਇਸ ਮੁਹਿੰਮ ਨੂੰ ਰਫ਼ਤਾਰ ਦੇਣ ਲਈ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਰਾਗੜ੍ਹ ਲੜਕੇ ਵਿਖੇ ਜ਼ਿਲ੍ਹਾ ਦਾਖ਼ਲਾ ਕਮੇਟੀ ਦੇ ਚੇਅਰਮੈਨ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਸ੍ਰੀਮਤੀ ਕਮਲਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.) ਸ੍ਰੀ ਰਾਜੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਬਲਾਕ ਨਰੋਟ ਜੈਮਲ ਸਿੰਘ ਦੇ ਸਮੂਹ ਸਕੂਲ ਮੁਖੀਆਂ ਅਤੇ ਦਾਖ਼ਲਾ ਕਮੇਟੀਆਂ ਦੀ ਇੱਕ ਅਹਿਮ ਰਿਵਿਊ ਮੀਟਿੰਗ ਹੋਈ। ਮੀਟਿੰਗ ਦੌਰਾਨ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਵਿਸਤਾਰ ਨਾਲ ਦਾਖ਼ਲਾ ਮੁਹਿੰਮ ਦੇ ਹਰ ਪੱਖ ਦਾ ਰਿਵਿਊ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਦਾਖ਼ਲਾ ਕਮੇਟੀ ਦੇ ਚੇਅਰਮੈਨ ਸ੍ਰੀਮਤੀ ਕਮਲਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਸ਼ੁਰੂ ਹੋ ਚੁੱਕੀ ਹੈ ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਲਿਆਂਦਾ ਜਾ ਰਿਹਾ ਹੈ। ਫਿਲਹਾਲ ਇਸ ਸਾਲ ਦਾਖਲੇ ਵਿੱਚ ਵਾਧੇ ਦਾ 10 ਫੀਸਦੀ ਟੀਚਾ ਰੱਖਿਆ ਗਿਆ ਹੈ ਜਿਸ ਨੂੰ ਹਰ ਹਾਲਤ ਵਿੱਚ ਹਾਸਿਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਵੱਡੀ ਯੋਜਨਾ ਉਲੀਕੀ ਗਈ ਹੈ। ਇਸ ਯੋਜਨਾ ਤਹਿਤ ਸਾਰੇ ਬਲਾਕਾਂ ਵਿੱਚ ਪੜਾਅਵਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਉਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਇਸ ਮੁਹਿੰਮ ਦੌਰਾਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਵਿਚ ਰੁਚੀ ਲੈ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ।



ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ਵਰ ਸਲਾਰੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਇਸ ਦਾਖ਼ਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇਣਗੇ। ਉਨ੍ਹਾਂ ਨੇ ਕਿਹਾ ਕਿ ਅਗਲੀ ਕਲਾਸ ਵਿਚ ਹੋਣ ਵਾਲੇ ਵਿਦਿਆਰਥੀਆਂ ਦੇ ਮੁੜ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੇ ਨਾਲ-ਨਾਲ ਸਕੂਲਾਂ ਤੋਂ ਵਾਂਝੇ ਵਿਦਿਆਰਥੀਆਂ ਨੂੰ ਵੀ ਸਕੂਲਾਂ ਵਿਚ ਦਾਖਲ ਕੀਤਾ ਜਾਵੇਗਾ। ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਦਾਖ਼ਲਾ ਮੁਹਿੰਮ ਨੂੰ ਪਿੰਡਾਂ ਦੇ ਸਰਪੰਚਾਂ, ਪੰਚਾਂ, ਆਂਗਣਵਾੜੀ ਵਰਕਰਾਂ, ਮਿਡ ਡੇ ਮੀਲ ਵਰਕਰਾਂ ਸਮੇਤ ਪਿੰਡ ਦੇ ਮੋਹਤਬਰਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਦਾਖ਼ਲਾ ਮੁਹਿੰਮ ਦੌਰਾਨ ਘਰਾਂ ਘਰਾਂ ਵਿੱਚ ਨਾਲ ਜਾ ਕੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਐਨਓ ਸੂਰਜ ਗੁਰੰਗ, ਬੀਪੀਈਓ ਰਿਸ਼ਮਾਂ ਦੇਵੀ, ਪ੍ਰਿੰਸੀਪਲ ਦਰਸ਼ਨ ਸਿੰਘ, ਪ੍ਰਿੰਸੀਪਲ ਰਾਜਕੁਮਾਰ, ਪ੍ਰਿੰਸੀਪਲ ਰਜਿੰਦਰ ਸਿੰਘ, ਡੀਐਸਐਮ ਬਲਵਿੰਦਰ ਸੈਣੀ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਕੋਆਰਡੀਨੇਟਰ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੇਤ ਸਮੂਹ ਸਕੂਲ ਮੁਖੀ ਹਾਜ਼ਰ ਸਨ।

# ਡਾਕਟਰ ਪੰਪੋਸ਼ ਦੀ ਆਤਮਿਕ ਸ਼ਾਂਤੀ ਲਈ ਐਡਵੋਕੇਟ ਪ੍ਰਵੇਸ਼ ਖੋਸਲਾ ਦੀ ਅਗਵਾਈ ਵਿੱਚ ਰੋਸ ਸਭਾ ਅਤੇ ਅਰਦਾਸ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨ ਗੁਰੂ ਰਾਮ ਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਮੈਡੀਕਲ ਦੀ ਪੜ੍ਹਾਈ ਕਰ ਰਹੀ ਇੱਕ ਵਿਦਿਆਰਣ ਵਲੋਂ ਭੇਦ ਭਰੇ ਹਾਲਤਾ ਵਿੱਚ ਆਪਣੀ ਜੀਵਨ ਲੀਲਾ ਸਮਾਪਤ ਕੀਤੇ ਜਾਣ ਤੇ ਕਾਲਜ ਮੈਨੇਜਮੈਂਟ ਉਪਰ ਹਰ ਪਾਸੇ ਰੋਸ ਪਾਇਆ ਜਾ ਰਿਹਾ ਹੈ ਅਤੇ ਇਸੇ ਲੜੀ ਤਹਿਤ ਅੱਜ ਸਥਾਨਕ ਸ਼ਹਿਰ ਬਲਾਚੌਰ ਵਿੱਚ ਐਡਵੋਕੇਟ ਪ੍ਰਵੇਸ਼ ਖੋਸਲਾ ਦੀ ਅਗਵਾਈ ਵਿੱਚ ਸਦੀਵੀਂ ਵਿਛੋੜਾ ਦੇ ਗਈ ਇਸ ਵਿਦਿਆਰਥਣ ਡਾਕਟਰ ਪੰਪੋਸ਼ ਦੀ ਆਤਮਿਕ ਸ਼ਾਂਤੀ ਲਈ ਜਿੱਥੇ ਅਰਦਾਸ ਕੀਤੀ ਗਈ ਉਥੇ ਹੀ ਕਥਿਤ ਦੋਸ਼ੀਆ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਨ ਦੀ ਮੰਗ ਵੀ ਉੱਠੀ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਡਵੋਕੇਟ ਪ੍ਰਵੇਸ਼ ਖੋਸਲਾ ਨੇ ਦੱਸਿਆ ਕਿ ਗੁਰੂ ਰਾਮ ਦਾਸ ਮੈਡੀਕਲ ਕਾਲਜ ਜਿਥੇ ਗੁਰੂਆਂ ਨਾਮ ਤੇ ਧੱਬਾ ਲਗਾ ਗਿਆ ਉਥੇ ਦਲਿਤ ਵਰਗ ਪ੍ਰਤੀ ਆਪਣੀ ਹਉਮੈ ਤੇ ਹੰਕਾਰ 'ਚ ਗੜੁੱਚ ਹੋਣਾ ਜੱਗ ਜਾਹਰ ਕਰ ਗਿਆ।ਇਸ ਕਰਕੇ ਐਹੋ ਜਿਹੇ ਜਾਤੀ ਵਿਤਕਰਾ ਕਰਨ ਵਾਲੇ ਕਾਲਜਾਂ ਦੀ ਤੁਰੰਤ ਮਾਨਤਾ ਰੱਦ ਕਰ ਦੇਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਚੁੱਕ ਕੇ ਜੇਲ੍ਹਾਂ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ। ਜੋ ਗੁਰੂ ਪੂਰੀ ਮਾਨਵਤਾ ਨੂੰ ਚਾਨਣ ਵੰਡਦੇ ਗਏ ਹਨ ਉਹਨਾਂ ਦੇ ਨਾਮ ਤੇ ਕਾਲਜ ਦੇ ਪ੍ਰਬੰਧਕਾਂ ਨੇ ਕਿਸੇ ਦੇ ਘਰ ਲਾਡੋ ਧੀ ਖੋਹ ਕੇ ਸਦਾ ਲਈ ਹਨੇਰਾ ਕਰ ਦਿੱਤਾ ਹੈ। ਉਹਨਾਂ ਅੱਗੇ ਕਿਹਾ ਕਿ ਅੰਮ੍ਰਿਤਸਰ ਵਿੱਚ ਮੈਡੀਕਲ ਦੀ ਪੜਾਈ ਦੇ ਆਖਰੀ ਸਾਲ ਵਿੱਚ



ਪੁੱਜ ਚੁੱਕੀ ਇਹ ਹੋਣਹਾਰ ਦਲਿਤ ਵਿਦਆਰਥਣ ਡਾਕਟਰ ਪੰਪੋਸ਼ ਪੜ੍ਹਾਈ ਵਿੱਚ ਜਿੱਥੇ ਹੁਸ਼ਿਆਰ ਸੀ ਉਥੇ ਹੀ ਉਸ ਦਾ ਸੁਪਨਾ ਡਾਕਟਰ ਬਣਨ ਤੋਂ ਬਾਅਦ ਲੋਕਾਂ ਦੀ ਸੇਵਾ ਕਰਨਾ ਸੀ। ਮਗਰ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਡਾ. ਪੰਪੋਸ਼ ਨੂੰ ਅੱਜ ਦੇ ਇਸ ਅਗਾਹ ਵਧੂ ਯੁੱਗ ਵੀ ਜੋ ਛੂਤ ਛਾਤ ਦਾ ਸ਼ਿਕਾਰ ਹੋਣਾ ਪਿਆ ਜਿਸ ਦੇ ਚੱਲਦਿਆ ਉਸ ਨੂੰ ਆਪਣੇ ਹੀ ਕਾਲਜ਼ ਹੋਸਟਲ ਦੇ ਕਮਰੇ ਵਿੱਚ ਆਪਣੀ ਜੀਵਨ ਲੀਲਾ ਸਮਾਪਤ ਕਰਨ ਲਈ ਮਜਬੂਰ ਹੋਣਾ ਪਿਆ । ਉਹਨਾਂ ਦੱਸਿਆ ਕਿ ਮ੍ਰਿਤਕਾ ਵਿਦਆਰਥਣ ਡਾਕਟਰ ਪੰਪੋਸ਼ ਜਿਹੜੀ ਕਿ ਅਨੁਸੂਚਿਤ ਜਾਤੀ ਪਰਿਵਾਰ ਨਾਲ ਸਬੰਧ ਰੱਖਦੀ ਸੀ ਜਿਸ ਦੇ ਪਰਿਵਾਰ ਵਲੋਂ ਉਸ ਨੂੰ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਬੜੀ ਮਿਹਨਤ ਨਾਲ ਮੈਡੀਕਲ ਦੀ ਪੜ੍ਹਾਈ ਕਰਾਈ ਜਾ ਰਹੀ ਸੀ । ਉਹਨਾਂ ਆਖਿਆ ਕਿ ਇੱਕ ਪਾਸੇ ਪੰਜਾਬ ਸਰਕਾਰ ਧੀਆ ਨੂੰ ਪੜਾਉਣ ਲਈ ਅਤੇ ਉਹਨਾਂ ਦੇ ਚੰਗੇ ਭਵਿੱਖ ਲਈ ਮਾਪਿਆ ਨੂੰ ਅੱਗੇ ਆਉਣ ਦੀਆਂ ਅਪੀਲਾ ਕਰ ਰਹੀ ਹੈ , ਮਗਰ ਦੂਜੇ ਪਾਸੇ ਪੰਜਾਬ ਵਿੱਚ ਸਕੂਲਾ ਕਾਲਜਾ ਅਤੇ ਯੂਨੀਵਰਸਿਟੀਆਂ ਵਿੱਚ ਲੜਕੀਆਂ ਦੀ ਸੁਰੱਖਿਆ ਨੂੰ ਯਕੀਨੀ ਨਾ ਬਣਾਏ ਜਾਣ ਵਿੱਚ ਸੂਬੇ ਦੀ ਸਰਕਾਰ ਪੂਰੀ ਤਰ੍ਹਾਂ ਨਾਲ ਫੇਲ ਸਾਬਤ ਹੁੰਦੀ ਹੈ । ਉਹਨਾਂ ਮੰਗ ਕੀਤੀ ਕਿ ਦੋਸ਼ੀਆ ਨੂੰ ਤੁਰੰਤ ਗ੍ਰਿਫਤਾਰ ਕਰਕੇ ਪੀੜਤ ਪਰਿਵਾਰ ਨੂੰ ਬਣਦਾ ਇੰਨਸਾਫ ਦਵਾਇਆ ਜਾਵੇ। ਇਸ ਮੌਕੇ ਚਰਨਜੀਤ ਸਿੰਘ ਜੌੜਾ, ਹਰਜੀਤ ਸਿੰਘ ਭੁੱਲਰ, ਮਨਜੀਤ ਬੇਦੀ, ਕੁਲਵਿੰਦਰ ਮੰਡ, ਦਿਨੇਸ਼ ਕੁਮਾਰ ਪ੍ਰਧਾਨ ਟਾਈਪਿਸਟ ਯੂਨੀਅਨ , ਬਲਵਿੰਦਰ ਸਿੰਘ ਰੱਤੇਵਾਲ, ਅਸ਼ੋਕ ਸਹੋਤਾ, ਸੋਨੂੰ ਸਿਆਣਾ, ਬਲਦੇਵ ਖੌਸਲਾ , ਚਮਨ ਲਾਲ ਸਮੇਤ ਹੋਰ ਵੀ ਪ੍ਰਮੁੱਖ ਸਖਸ਼ੀਅਤਾ ਹਾਜ਼ਰ ਸਨ।

# ਚੀਫ਼ ਜਸਟਿਸ ਵਲੋਂ ਹੁਸ਼ਿਆਰਪੁਰ ਦੇ ਨਵੇਂ ਅਤਿ-ਆਧੁਨਿਕ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਦਾ ਉਦਘਾਟਨ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼੍ਰੀ ਰਵੀ ਸ਼ੰਕਰ ਝਾਅ ਨੇ ਅੱਜ ਹੁਸ਼ਿਆਰਪੁਰ ਦੇ ਨਵੇਂ ਬਣੇ ਆਲੀਸ਼ਾਨ ਬਹੁ-ਮੰਜ਼ਿਲੇ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਦਾ ਉਦਘਾਟਨ ਸੈਸ਼ਨ ਡਵੀਜ਼ਨ ਹੁਸ਼ਿਆਰਪੁਰ ਦੇ ਪ੍ਰਸ਼ਾਸਕੀ ਜੱਜ ਜਸਟਿਸ ਅਰੁਨ ਪੱਲੀ ਦੀ ਮੌਜੂਦਗੀ ਵਿਚ ਕੀਤਾ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਐਸ.ਐਸ.ਪੀ ਸਰਤਾਜ ਸਿੰਘ ਚਾਹਲ, ਬਾਰ ਕੌਂਸਲ ਦੇ ਪ੍ਰਧਾਨ ਆਰ.ਪੀ. ਧੀਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।





ਇਸ ਮੌਕੇ ਕਰਵਾਏ ਇਕ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਚੀਫ਼ ਜਸਟਿਸ ਸ਼੍ਰੀ ਰਵੀ ਸ਼ੰਕਰ ਝਾਅ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਇਸ ਆਲੀਸ਼ਾਨ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਨਾਲ ਜਿਥੇ ਲੋਕਾਂ ਨੂੰ ਨਿਆਂ ਮਿਲਣ ਦੇ ਕੰਮ ਵਿਚ ਤੇਜ਼ੀ ਆਵੇਗੀ ਉਥੇ ਪੈਂਡਿੰਗ ਕੇਸਾਂ ਦਾ ਜਲਦ ਨਿਪਟਾਰਾ ਸੰਭਵ ਹੋਵੇਗਾ ਅਤੇ ਜੁਡੀਸ਼ੀਅਲ ਅਧਿਕਾਰੀ ਹੋਰ ਨਵੀਂ ਊਰਜਾ ਨਾਲ ਕਾਰਜ ਕਰਨਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਅਦਾਲਤਾਂ ਦਾ ਮਹੱਤਵ ਹਾਈ ਕੋਰਟ ਅਤੇ ਸੁਪਰੀਮ ਕੋਰਟ ਤੋਂ ਵੀ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਚ ਬਣਿਆ ਇਹ ਸ਼ਾਨਦਾਰ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਨਾ ਕੇਵਲ ਸਰਕਾਰ ਲਈ ਮਾਣ ਵਾਲੀ ਗੱਲ ਹੈ, ਬਲਕਿ ਇਸ ਨਾਲ ਜ਼ਿਲ੍ਹਾ ਪ੍ਰਸ਼ਾਸਨ ਅਤੇ ਹੁਸ਼ਿਆਰਪੁਰ ਦੇ ਲੋਕਾਂ ਦਾ ਵੀ ਸਨਮਾਨ ਵਧਿਆ ਹੈ। ਸੈਸ਼ਨ ਡਵੀਜ਼ਨ ਹੁਸ਼ਿਆਰਪੁਰ ਦੇ ਪ੍ਰਸ਼ਾਸਕੀ ਜੱਜ ਜਸਟਿਸ ਅਰੁਨ ਪੱਲੀ ਨੇ ਹੁਸ਼ਿਆਰਪੁਰ ਵਾਸੀਆਂ ਨੂੰ ਮਿਲੇ ਇਸ ਤੋਹਫੇ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਕੰਪਲੈਕਸ ਪੰਜਾਬ ਦਾ ਆਪਣੀ ਤਰ੍ਹਾਂ ਦਾ ਪਹਿਲਾ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਜੁਡੀਸ਼ੀਅਲ ਕੰਪਲੈਕਸ ਹੈ। ਉਨ੍ਹਾਂ ਇਸ ਕੰਪਲੈਕਸ ਦੀ ਉਸਾਰੀ ਵਿਚ ਯੋਗਦਾਨ ਪਾਉਣ ਵਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਨਾਲ ਹੁਸ਼ਿਆਰਪੁਰ ਦਾ ਚਿਰਾਂ ਦਾ ਸੁਪਨਾ ਸਾਕਾਰ ਹੋਇਆ ਹੈ। ਇਸ ਦੌਰਾਨ ਚੀਫ਼ ਜਸਟਿਸ ਸ਼੍ਰੀ ਰਵੀ ਸ਼ੰਕਰ ਝਾਅ ਅਤੇ ਜਸਟਿਸ ਅਰੁਨ ਪੱਲੀ ਨੇ ਹੋਰਨਾਂ ਜੁਡੀਸ਼ੀਅਲ ਅਧਿਕਾਰੀਆਂ ਨਾਲ ਕੰਪਲੈਕਸ ਵਿਚ ਸਥਿਤ ਵੱਖ-ਵੱਖ ਕੋਰਟ ਰੂਮਾਂ ਅਤੇ ਸਮੁੱਚੀ ਇਮਾਰਤ ਦਾ ਦੌਰਾ ਵੀ ਕੀਤਾ। ਇਸ ਦੌਰਾਨ ਉਨ੍ਹਾਂ ਕੋਰਟ ਕੰਪਲੈਕਸ ਵਿਖੇ ਪੌਦਾ ਵੀ ਲਗਾਇਆ। ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਨੇ ਚੀਫ਼ ਜਸਟਿਸ ਸ਼੍ਰੀ ਰਵੀ ਸ਼ੰਕਰ ਝਾਅ ਅਤੇ ਜਸਟਿਸ ਅਰੁਨ ਪੱਲੀ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ 60.28 ਕਰੋੜ ਰੁਪਏ ਦੀ ਲਾਗਤ ਨਾਲ 14 ਏਕੜ 10 ਮਰਲੇ ਰਕਬੇ ਵਿਚ ਬਣੇ 6 ਲਿਫਟਾਂ ਵਾਲੇ ਇਸ ਪੰਜ ਮੰਜ਼ਿਲਾ ਕੋਰਟ ਕੰਪਲੈਕਸ ਦੀ ਉਸਾਰੀ ਦਾ ਕੰਮ 2018 ਵਿਚ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਕੰਪਲੈਕਸ ਦਾ ਕਵਰਡ ਏਰੀਆ 389,721 ਵਰਗ ਫੁੱਟ ਹੈ।

ਉਨ੍ਹਾਂ ਦੱਸਿਆ ਕਿ ਇਸ ਵਿਚ 17 ਕੋਰਟ ਰੂਮ, ਇਕ ਬੱਚਿਆਂ ਦਾ ਕੋਰਟ ਰੂਮ ਅਤੇ ਇਕ ਏ.ਡੀ.ਆਰ ਸੈਂਟਰ, ਜੁਡੀਸ਼ੀਅਲ ਸਰਵਿਸਜ਼ ਸੈਂਟਰ ਅਤੇ ਐਡਵੋਕੇਟਾਂ ਲਈ ਬਾਰ ਰੂਮ ਅਤੇ ਲਾਇਬ੍ਰੇਰੀ ਦਾ ਪ੍ਰਬੰਧ ਹੈ। ਉਨ੍ਹਾਂ ਦੱਸਿਆ ਕਿ ਇਸ ਵਿਚ ਬੇਸਮੈਂਟ, ਪਾਰਕਿੰਗ ਤੋਂ ਇਲਾਵਾ 1,65,000 ਵਰਗ ਫੁੱਟ ਏਰੀਏ ਵਿਚ ਖੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਇਥੇ ਡਾਕਘਰ, ਬੈਂਕ, ਏ.ਟੀ.ਐਮ, ਕੰਟੀਨ ਅਤੇ ਕਰੈਚ ਦਾ ਵੀ ਪ੍ਰਾਵਧਾਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਇਥੇ ਸੀ.ਸੀ.ਟੀ.ਵੀ ਕੈਮਰੇ, ਡਾਟਾ ਨੈਟਵਰਕਿੰਗ, ਇੰਟਰਨਲ ਇੰਟਰਕਾਮ ਸੇਵਾਵਾਂ ਅਤੇ ਹੋਰ ਬਹੁਤ ਸਾਰੀਆਂ ਅਤਿ-ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ, ਤਾਂ ਜੋ ਇਥੇ ਨਿਆਂ ਲੈਣ ਲਈ ਆਉਣ ਵਾਲੇ ਲੋਕਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਨਿਰਵਿਘਨ ਬਿਜਲੀ ਸਪਲਾਈ ਲਈ ਇਥੇ 200 ਕੇ.ਵੀ.ਏ/160 ਕਿਲੋਵਾਟ ਸਮਰੱਥਾ ਦੇ ਦੋ ਜਨਰੇਟਰ ਸੈੱਟਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੰਪਲੈਕਸ ਵਿਚ ਵਕੀਲਾਂ ਲਈ ਵੀ ਆਰਾਮਦਾਇਕ ਅਤੇ ਵਧੀਆ ਮਾਹੌਲ ਮੁਹੱਈਆ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਇਥੇ ਪੌਦੇ ਲਗਾਉਣ ਲਈ ਵੀ ਢੁਕਵੀਂ ਜਗ੍ਹਾ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੱਜਾਂ ਲਈ ਵੀ ਇਥੇ 9 ਰੈਜ਼ੀਡੈਂਸ਼ੀਅਲ ਹਾਊਸ ਅਤੇ 9 ਫਲੈਟ ਉਸਾਰੀ ਅਧੀਨ ਹਨ। ਇਸ ਮੌਕੇ ਵੱਖ-ਵੱਖ ਜੱਜ ਸਾਹਿਬਾਨ, ਜੁਡੀਸ਼ੀਅਲ ਅਧਿਕਾਰੀ, ਬਾਰ ਕੌਂਸਲ ਦੇ ਮੈਂਬਰ ਅਤੇ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਵਲੋਂ ਵਿਧਾਨ ਸਭਾ ਵੱਲ ਨੂੰ ਮਾਰਚ

**ਐਸ ਏ ਐਸ ਨਗਰ, (ਦਲਜੀਤ ਕੌਰ)–** ਭਗਵੰਤ ਸਿੰਘ ਮਾਨ ਸਰਕਾਰ ਵਲੋਂ ਬੇਜ਼ਮੀਨੇ ਮਜ਼ਦੂਰਾਂ ਨਾਲ ਕੀਤੀ ਜਾ ਰਹੀ ਵਿਤਕਰੇਬਾਜ਼ੀ ਦੇ ਖਿਲਾਫ਼ ਪੰਜਾਬ ਦੀਆਂ 8 ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਆਧਾਰਿਤ ਸਾਂਝੇ ਮਜ਼ਦੂਰ ਮੋਰਚੇ ਦੀ ਅਗਵਾਈ ਹੇਠ ਹਜ਼ਾਰਾਂ ਮਜ਼ਦੂਰਾਂ ਵਲੋਂ ਅੱਜ ਵਿਧਾਨ ਸਭਾ ਵੱਲ ਨੂੰ ਮਾਰਚ ਕੀਤਾ ਗਿਆ। ਪੰਜਾਬ ਭਰ ਤੋਂ ਇਹ ਮਜ਼ਦੂਰ ਅੰਬ



ਸਾਹਿਬ ਗੁਰਦੁਆਰਾ ਨੇੜੇ ਗਰਾਉਂਡ ਵਿਖੇ ਇਕੱਠੇ ਹੋਏ, ਜਿੱਥੋਂ ਮੁਜਾਹਰਾਂ ਕਰਦੇ ਹੋਏ ਵਿਧਾਨ ਸਭਾ ਵੱਲ ਨੂੰ ਨਾਅਰੇ ਮਾਰਦੇ ਹੋਏ ਅੱਗੇ ਵਧੇ। ਪੰਜਾਬ ਦੀਆਂ 8 ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਆਧਾਰਿਤ ਸਾਂਝੇ ਮਜ਼ਦੂਰ ਮੋਰਚੇ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰ ਰਹੇ ਮਜ਼ਦੂਰਾਂ 'ਤੇ ਪੁਲਿਸ ਵਲੋਂ ਲਾਠੀਚਾਰਜ ਕੀਤਾ ਗਿਆ।ਲਾਠੀਚਾਰਜ ਕਾਰਨ ਕਾਫ਼ੀ ਮਜ਼ਦੂਰ ਮਰਦ ਤੇ ਔਰਤਾਂ ਦੇ ਮਾਮੂਲੀ ਸੱਟਾ ਵੱਜੀਆਂ। ਇਸ ਤੋਂ ਬਾਅਦ ਸਰਕਾਰ ਵੱਲੋਂ 29 ਮਾਰਚ ਨੂੰ ਮੀਟਿੰਗ ਦਾ ਸਮਾਂ ਦੇ ਕੇ ਮਜ਼ਦੂਰਾਂ ਨੂੰ ਸਾਂਤ ਕੀਤਾ ਗਿਆ।

ਇਸ ਤੋਂ ਪਹਿਲਾਂ ਸ੍ਰੀ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਪੰਜਾਬ ਭਰ ਤੋਂ ਬੇਜ਼ਮੀਨੇ ਖੇਤ ਮਜ਼ਦੂਰ ਪਹੁੰਚੇ। ਇਸ ਮੌਕੇ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ, ਪੰਜਾਬ ਖੇਤ ਮਜ਼ਦੂਰ ਸਭਾ ਦੇ ਦੇਵੀ ਕੁਮਾਰੀ ਸਰਹਾਲੀ ਕਲਾਂ, ਦਿਹਾਤੀ ਮਜ਼ਦੂਰ ਸਭਾ ਦੇ ਗੁਰਨਾਮ ਦਾਊਦ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਲਖਵੀਰ ਲੌਂਗੋਵਾਲ, ਮਜ਼ਦੂਰ ਮੁਕਤੀ ਮੋਰਚਾ ਦੇ ਭਗਵੰਤ ਸਮਾਉਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੱਤਾ ਵਿੱਚ ਆਈ ਸੂਬਾ ਸਰਕਾਰ ਨੂੰ ਪੂਰਾ ਇੱਕ ਸਾਲ ਹੋ ਗਿਆ ਅਤੇ ਇਸ ਦੀ ਇੱਕ ਸਾਲ ਦੀ ਪ੍ਰਾਪਤੀ ਜ਼ੀਰੋ ਹੈ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਭਗਵੰਤ ਮਾਨ ਦੀ ਜ਼ਬਾਨ ਉੱਪਰ ਮੋਤੀ ਮਹਿਲ ਅਤੇ ਸਿੱਸਵਾਂ ਫਾਰਮ ਟਾਰਗੇਟ ਸੀ ਲੇਕਿਨ ਸੱਤਾ ਵਿੱਚ ਆਉਣ ਉਪਰੰਤ ਆਮ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ, ਲਤੀਫ਼ਪੁਰਾ ਇਸ ਦੀ ਪ੍ਰਤੱਖ ਉਦਾਹਾਰਨ ਹੈ। ਉਹਨਾਂ ਦੋਸ਼ ਲਾਇਆ ਕਿ ਮਾਨ ਸਰਕਾਰ ਦੇ ਰਾਜ ਚ ਜਿੱਥੇ ਹਜ਼ਾਰਾਂ ਲੋੜਵੰਦ ਮਜ਼ਦੂਰ ਪਰਿਵਾਰਾਂ ਦੇ ਰਾਸ਼ਨ ਕਾਰਡ ਕੱਟਕੇ ਗਰੀਬ ਪਰਿਵਾਰਾਂ ਨੂੰ ਭੁੱਖਮਰੀ ਦੇ ਮੂੰਹ ਧੱਕਿਆ ਜਾ ਰਿਹਾ ਹੈ ਉਥੇ ਆਏ ਦਿਨ ਦਲਿਤ ਪਰਿਵਾਰਾਂ ਉਤੇ ਉੱਚ ਜਾਤੀ ਧਨਾਢਾਂ ਵੱਲੋਂ ਜਾਤਪਾਤੀ ਜ਼ਬਰ ਜ਼ੁਲਮ ਵਧਦਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀ ਦਿਹਾੜੀ 700 ਰੁਪੈ ਕਰਕੇ ਸਾਲ ਭਰ ਦੇ ਰੁਜ਼ਗਾਰ ਗਰੰਟੀ, ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ, ਜ਼ਮੀਨਾਂ ਦੀ ਵੰਡ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ, ਬੇਘਰੇ ਤੇ ਲੋੜਵੰਦਾਂ ਨੂੰ 10-10 ਮਰਲੇ ਦੇ ਪਲਾਟ ਦੇਣ, ਬੁਢਾਪਾ ਵਿਧਵਾ ਤੇ ਅਪੰਗ ਪੈਨਸ਼ਨ ਚ ਵਾਧਾ ਕਰਨ, ਦਲਿਤਾਂ ਹੋ ਰਹੇ ਅੱਤਿਆਚਾਰ ਨੂੰ ਰੋਕਣ ਵਰਗੇ ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ ਮਾਨ ਛੇ ਵਾਰ ਮੀਟਿੰਗਾਂ ਤੈਅ ਕਰਕੇ ਹਰ ਵਾਰ ਮੀਟਿੰਗ ਮੁਲਤਵੀ ਕਰਦੇ ਆ ਰਹੇ ਹਨ। ਉਹਨਾਂ ਆਖਿਆ ਕਿ ਨਵੀਂ ਖੇਤੀ ਨੀਤੀ ਬਣਾਉਣ ਲਈ ਵੀ ਆਪ ਸਰਕਾਰ ਵੱਲੋਂ ਮਜ਼ਦੂਰਾਂ ਦੇ ਸੁਝਾਅ ਲੈਣੇ ਵੀ ਜ਼ਰੂਰੀ ਨਹੀਂ ਸਮਝੇ ਕੁੱਲ ਮਿਲਾ ਕੇ ਮਾਨ ਸਰਕਾਰ ਪੈਰ ਪੈਰ 'ਤੇ ਮਜ਼ਦੂਰ ਵਰਗ ਨਾਲ ਵਿਤਕਰੇਬਾਜ਼ੀ ਕਰਦੀ ਆ ਰਹੀ ਹੈ, ਜਿਸ ਕਾਰਨ ਮਜ਼ਦੂਰ ਵਰਗ ਦੇ ਮਨਾਂ ਵਿੱਚ ਭਗਵੰਤ ਸਿੰਘ ਮਾਨ ਸਰਕਾਰ ਪ੍ਰਤੀ ਸਖ਼ਤ ਰੋਸ ਪਾਇਆ ਜਾ ਰਿਹਾ ਹੈ।

# ਭਗਵੰਤ ਮਾਨ ਸਰਕਾਰ ਚਲਾਉਣ 'ਚ ਨਾਕਾਮ, ਨਿੱਤ ਨਵੀਆਂ ਨਾਕਾਮੀਆਂ ਆ ਰਹੀਆਂ ਹਨ ਸਾਹਮਣੇ: ਜੀਵਨ ਗੁਪਤਾ

**ਚੰਡੀਗੜ੍ਹ: 17 ਮਾਰਚ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਬਠਿੰਡਾ ਦੀ ਹਾਈ ਸਕਿਓਰਿਟੀ ਜੇਲ੍ਹ ਵਿੱਚ ਬੰਦ ਖਤਰਨਾਕ ਗੈਂ-ਗਸਟਰ ਲਾਰੈਂਸ ਬਿਸ਼ਨੋਈ ਦੀ ਇੱਕ ਨਿਜੀ ਚੈਨਲ ਨੂੰ ਦਿੱਤੀ ਗਈ ਇੰਟਰਵਿਊ ਦੀ ਵਾਇਰਲ ਹੋਈ ਵੀਡੀਓ ਨੂੰ ਲੈ ਕੇ ਪੰਜਾਬ ਦੇ ਜੇਲ੍ਹ ਮੰਤਰਾਲੇ ਦੇ ਮੁਖੀ ਭਗਵੰਤ ਮਾਨ ਦੀ ਕਾਰ-ਜਸ਼ੈਲੀ 'ਤੇ ਸਵਾਲ ਖੜੇ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਜੇਲ੍ਹਾਂ 'ਚ ਕਿਹੋ ਜਿਹੇ ਪ੍ਰਬੰਧ ਕੀਤੇ ਹੋਏ ਹਨ, ਇਹ ਇੰਟਰਵਿਊ ਇਸਦੀ ਜਿਉਂਦੀ ਜਾਗਦੀ ਮਿਸਾਲ ਹੈ।



ਜੀਵਨ ਗੁਪਤਾ ਨੇ ਜਾਰੀ ਆਪਣੇ ਪ੍ਰੈਸ ਬਿਆਨ 'ਚ ਕਿਹਾ ਕਿ ਗੈਂਗਸਟਰ ਦੀ ਇੰਟਰਵਿਊ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਪੰਜਾਬ ਸਰਕਾਰ ਨੇ ਆਪਣੀ ਸਾਖ ਬਚਾਉਣ ਲਈ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਸਪੱਸ਼ਟ ਕੀਤਾ ਕਿ ਇਹ ਵੀਡੀਓ ਨਾ ਤਾਂ ਬਠਿੰਡਾ ਜੇਲ੍ਹ ਦੀ ਹੈ ਅਤੇ ਨਾ ਹੀ ਪੰਜਾਬ ਦੀ ਕਿਸੇ ਜੇਲ੍ਹ ਦੀ ਹੈ। ਜੀਵਨ ਗੁਪਤਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਜੇਕਰ ਇਹ ਬਠਿੰਡਾ ਜੇਲ੍ਹ ਜਾਂ ਪੰਜਾਬ ਦੀ ਕਿਸੇ ਹੋਰ ਜੇਲ੍ਹ ਦੀ ਨਹੀਂ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੱਸਣ ਕਿ ਉਨ੍ਹਾਂ ਨੇ ਕਿਸ ਆਧਾਰ 'ਤੇ ਇਸ ਨੂੰ ਕਿਸੇ ਹੋਰ ਸੂਬੇ ਨਾਲ ਸਬੰਧਤ ਕਰਾਰ ਦਿੱਤਾ ਹੈ ਅਤੇ ਉਨ੍ਹਾਂ ਨੇ ਇਹ ਸਪੱਸ਼ਟ ਕਿਉਂ ਨਹੀਂ ਕੀਤਾ ਕਿ ਉਹ ਕਿਸ ਜਗਹ ਦੀ ਹੈ?

ਧਿਆਨ ਰਹੇ ਕਿ ਹਾਲ ਹੀ ਵਿੱਚ ਇੱਕ ਇੰਟਰਵਿਊ ਵਿੱਚ ਖਤਰਨਾਕ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਵੱਡਾ ਦਾਅਵਾ ਕੀਤਾ ਸੀ, ਜਿਸ ਵਿੱਚ ਲਾਰੈਂਸ ਬਿਸ਼ਨੋਈ ਨੇ 29 ਮਈ 2022 ਨੂੰ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਆਪਣਾ ਹੱਥ ਹੋਣ ਦਾ ਇਕਬਾਲ ਕੀਤਾ ਹੈ। ਅਸੀਂ ਭਰਾ ਵਿੱਕੀ ਮਿੱਡੂਖੇੜਾ ਦੀ ਮੌਤ ਦਾ ਬਦਲਾ ਲੈ ਲਿਆ ਹੈ। ਮੂਸੇਵਾਲਾ ਦੇ ਕਤਲ ਬਾਰੇ ਉਨ੍ਹਾਂ ਕਿਹਾ ਕਿ ਹਾਂ, ਇਹ ਕਤਲ ਜ਼ਰੂਰ ਮੇਰੇ ਕਹਿਣ 'ਤੇ ਹੋਇਆ ਹੈ। ਪਰ ਇਸ ਦੀ ਵਿਉਂਤਬੰਦੀ ਗੋਲਡੀ ਬਰਾੜ ਨੇ ਕੈਨੇਡਾ ਵਿੱਚ ਬੈਠ ਕੇ ਕੀਤੀ ਸੀ। ਲਾਰੈਂਸ ਬਿਸ਼ਨੋਈ ਨੇ ਖੁਲਾਸਾ ਕੀਤਾ ਹੈ ਕਿ ਅਸੀਂ ਗੋਲਡੀ ਦੇ ਭਰਾ ਨਾਲ ਮਿਲ ਕੇ ਲਗਭਗ ਇੱਕ ਸਾਲ ਤੋਂ ਕਤਲ ਦੀ ਯੋਜਨਾ ਬਣਾ ਰਹੇ ਸੀ। ਦੂਜੇ ਪਾਸੇ ਜੇਲ੍ਹ ਤੋਂ ਇੰਟਰਵਿਊ ਬਾਰੇ ਪੁੱਛੇ ਜਾਣ 'ਤੇ ਗੈਂਗਸਟਰ ਬਿਸ਼ਨੋਈ ਨੇ ਕਿਹਾ ਕਿ ਇਹ ਲੂਜ ਪਵਾਇੰਟ ਵਾਲੀ ਗੱਲ ਹੈ। ਫ਼ੋਨ ਤਾਂ ਇਧਰ-ਉਧਰ ਹੋ ਹੀ ਜਾਂਦੇ ਹਨ।

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 89ਵਾਂ ਜਨਮ ਦਿਨ ਮਨਾਇਆ








**ਬੰਗਾ–** ਬੀਤੀ 19 ਮਾਰਚ ਨੂੰ ਸਿਟੀ ਕਮਿਊਨਿਟੀ ਹਾਲ ਬੰਗਾ ਵਿਖੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 89ਵਾਂ ਜਨਮ ਦਿਨ ਸਮ-ਾਜਿਕ ਸਮਾਨਤਾ ਸੰਗਠਨ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਲਾਇਬ੍ਰੇਰੀ ਭਰੋਮਜਾਰਾ ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਵਿਚ ਪੰਜਾਬ ਸਟੇਟ ਦੇ ਪ੍ਰਧਾਨ ਸ੍ਰੀ ਖੁਸ਼ੀ ਰਾਮ ਜੀ ਆਈਏਐਸ. (ਰਿਟਾ) ਉਹਨਾਂ ਦੀ ਟੀਮ ਕਰਨਲ ਪ੍ਰਿਥੀਰਾਜ ਕੁਮਾਰ ਆਈ. ਪੀ. ਓ. ਐਸ. (ਰਿਟਾ.), ਡਾਕਟਰ ਜਗਤਾਰ ਸਿੰਘ ਆਈਆਰਐਸ (ਰਿਟਾ.) ਸੀਨੀਅਰ ਵਾਈਸ ਪ੍ਰਧਾਨ, ਇੰਜੀਨੀਅਰ ਆਰ. ਐਲ. ਸੰਧੂ ਕੈਸ਼ੀਅਰ ਚੀਫ ਇੰਜੀਨੀਅਰ (ਰਿਟਾ.) ਮੁੱਖ ਤੌਰ 'ਤੇ ਪਹੁੰਚੇ।

ਜ਼ਿਲ੍ਹੇ ਦੀ ਟੀਮ ਸੁਰਿੰਦਰਪਾਲ ਸੁੰਡਾ ਜ਼ਿਲ੍ਹਾ ਪ੍ਰਧਾਨ, ਹਰਮਨਜੀਤ ਕਜਲਾ ਜ਼ਿਲ੍ਹਾ ਸੈਕਟਰੀ, ਮੇਜਰ ਬੀਸਲਾ ਸਟੇਟ ਸੈਕਟਰੀ, ਰਾਣਾ ਮੁਕੰਦਪੁਰ, ਬੂਟਾ ਮੁਕੰਦਪੁਰ, ਨਾਨਕ ਦਾਸ ਔੜ ਸਾਥੀਆਂ ਸਮੇਤ ਪਹੁੰਚੇ। ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਸੋਮਨਾਥ ਸਿੰਘ ਲੋਧੀਪੁਰ ਵਾਈਸ ਪ੍ਰਧਾਨ ਸਮਾਜਿਕ ਅਸਮਾਨਤਾ ਸੰਗਠਨ ਨੇ ਨਿਭਾਈ। ਦਫਾ 144 ਧਾਰਾ ਲੱਗੀ ਹੋਣ ਦੇ ਬਾਵਜੂਦ ਵੀ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਸਿਟੀ ਹਾਲ ਵਿਚ ਪਹੁੰਚਿਆ। ਲੋਕ ਆਪਣੇ ਸਾਧਨਾਂ ਰਾਹੀਂ, ਬੱਸਾਂ, ਗੱਡੀਆਂ ਰਾਹੀਂ ਪ੍ਰੋਗਰਾਮ ਵਿਚ ਪਹੁੰਚੇ। ਕਲਾਕਾਰ ਰੀਟਾ ਸਿੱਧੂ, ਆਜ਼ਾਦ ਰੰਗਮੰਚ ਫਗਵਾੜਾ ਵਾਲੇ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਮੇਂ ਤੂੰਬੀ ਨਾਲ ਗਾਉਣ ਵਾਲੇ ਮਿਸ਼ਨਰੀ ਕਲਾਕਾਰ ਹਰਨਾਮ ਸਿੰਘ ਬਹਿਲਪੁਰੀ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਗੀਤਾਂ ਨਾਲ ਸੰਗਤਾਂ ਨੂੰ ਝੂੰਮਣ ਲਾ ਦਿੱਤਾ।

ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਪਹੁੰਚੇ ਐਡਵੋਕੇਟ ਸੰਜੀਵ ਕੁਮਾਰ ਭੌਰਾ, ਐਡਵੋਕੇਟ ਚਰਨਜੀਤ ਪੁਜਾਰੀ, ਹੁਸੀਨ ਚੰਦ ਹੁਸ਼ਿਆਰਪੁਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਾਰੇ ਸਾਥੀਆਂ ਨੇ ਇਸ ਵਿਸ਼ੇਸ਼ ਦਿਨ ਸਬੰਧੀ ਸਮਾਜਿਕ ਵਿਵਸਥਾ ਪਰਿਵਰਤਨ ਦੀ ਵਿਚਾਰਧਾਰਾ, ਸੰਵਿਧਾਨ ਨੂੰ ਕਿਸ ਤਰ੍ਹਾਂ ਬਚਾਇਆ ਜਾਵੇ, ਇਸ ਦੇ ਉਪਰ ਆਪਣੇ ਵਿਚਾਰ ਰੱਖੇ। ਸਾਰੇ ਸਾਥੀਆਂ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਬਿਨਾਂ ਸਮਾਜਿਕ ਜੜ੍ਹਾਂ ਮਜ਼ਬੂਤ ਕੀਤੇ ਕੋਈ ਵੀ ਸੰਗਠਨ ਇਕੱਲੇ-ਇਕੱਲੇ ਅੱਗੇ ਨਹੀਂ ਵਧ ਸਕਦਾ।

ਜ਼ਿਲ੍ਹੇ ਦੀ ਟੀਮ ਵੱਲੋਂ ਸਾਰੇ ਬੁਲਾਰਿਆਂ ਨੂੰ ਸਿਰੋਪਾਓ ਦੇ ਕੇ ਨਾਲ ਸਾਹਿਬ ਕਾਂਸ਼ੀ ਰਾਮ ਜੀ ਦੀ ਲਿਖੀ ਇਕੋ ਇਕ ਕਿਤਾਬ 'ਚਮਚਾ ਯੁੱਗ' ਨਾਲ ਸਨਮਾਨਿਤ ਕੀਤਾ।

# ਸੰਤ ਲੌਂਗੋਵਾਲ ਇੰਜਨੀਅਰਿੰਗ ਕਾਲਜ ਅੱਗੇ ਲੱਗਿਆ ਧਰਨਾ ਜੇਤੂ ਨਾਅਰਿਆਂ ਨਾਲ ਸਮਾਪਤ

**ਸੰਗਰੂਰ, (ਦਲਜੀਤ ਕੌਰ)–** ਸਥਾਨਕ ਸਲਾਇਟ ਅੱਗੇ ਕਿਸਾਨ ਜਥੇਬੰਦੀਆਂ ਵੱਲੋਂ ਲਗਾਇਆ ਮੋਰਚਾ ਅੱਜ ਤੀਜੇ ਦਿਨ ਜੇਤੂ ਹੋ ਨਿੱਬੜਿਆ ਜਦੋਂ ਕਾਲਜ ਦੇ ਡਾਇਰੈਕਟਰ ਡਾ. ਸੈਲੇਦਰ ਜੈਨ ਅਤੇ ਮੈਨੇਜਮੈਂਟ ਨਾਲ ਹੋਈ ਮੀਟਿੰਗ ਵਿੱਚ ਉਨ੍ਹਾਂ ਵੱਲੋਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਅੱਜ 12 ਵਜੇ ਤੋਂ ਸਲਾਇਟ ਦੇ ਦੋਵੇਂ ਗੇਟਾਂ ਨੂੰ ਪੱਕੇ ਤੌਰ ਤੇ ਬੰਦ ਕੀਤਾ ਹੋਇਆ ਸੀ ਅਤੇ ਵੱਡੀ ਗਿਣਤੀ ਪ੍ਰਦਰਸ਼ਨਕਾਰੀ ਦੋਵਾਂ ਗੇਟਾਂ ਤੇ ਹਾਜਰ ਸਨ। ਮੰਗਾਂ ਮੰਨਣ ਤੋਂ ਬਾਅਦ 3 ਵਜ਼ੇ ਸਲਾਈਟ ਦਾ ਘਿਰਾਓ ਖਤਮ ਕੀਤਾ ਗਿਆ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਡਕੌਂਦਾ ਦੇ ਪਰਗਟ ਸਿੰਘ ਅਤੇ ਬੀਕੇਯੂ ਆਜ਼ਾਦ ਦੇ ਆਗੂ ਅਮਰ ਸਿੰਘ ਨੇ ਦੱਸਿਆ ਕਿ ਸਾਰੀਆਂ ਮੰਗਾਂ ਬਾਰੇ ਮੀਟਿੰਗ ਵਿੱਚ ਵਿਸਥਾਰ ਸਹਿਤ ਚਰਚਾ ਹੋਈ ਜਿਸ ਵਿੱਚ ਡਾਇਰੈਕਟਰ ਨੇ ਪਹਿਲੀ ਮੰਗ ਬਾਰੇ ਦੱਸਿਆ ਕਿ ਤੁਹਾਡੀ ਮੰਗ ਮੁਤਾਬਕ ਵੱਖ ਵੱਖ ਵਿਭਾਗਾਂ ਵਿਚ ਇਲਾਕੇ ਦੇ ਨੌਜਵਾਨਾਂ ਲਈ ਆਉਣ ਵਾਲੇ ਮਹੀਨੇ ਤੋ ਫਰੀ ਕਿੱਤਾਮੁਖੀ ਕੋਰਸ ਸ਼ੁਰੂ ਕੀਤੇ ਜਾਣਗੇ, ਜਿਸ ਵਿਚ ਕਮਿਊਨੀਕੇਸ਼ਨ ਸਕਿੱਲ , ਇੰਗਲਿਸ਼ ਸਪੀਕਿੰਗ ਸਮੇਤ ਕਈ ਕਿੱਤਾਮੁਖੀ ਕੋਰਸ ਸ਼ਾਮਲ ਹੋਣਗੇ, ਇਸੇ ਤਰ੍ਹਾਂ ਰੁਜ਼ਗਾਰ ਦੇਣ ਸਮੇਂ ਲੌਂਗੋਵਾਲ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਇੱਕ ਅਪ੍ਰੈਲ ਤੋਂ ਇਸ ਤੇ ਅਮਲ ਕੀਤਾ ਜਾਵੇਗਾ, ਸੰਸਥਾ ਅੰਦਰ ਕੰਮ ਕਰਦੇ ਜ਼ਮੀਨ ਦੇਣ ਵਾਲੇ ਪਰਿਵਾਰਾਂ ਦੇ ਕਾਮਿਆਂ ਨੂੰ ਵੀ ਆਉਣ ਵਾਲੇ ਸਮੇਂ ਵਿਚ ਹਾਈ ਸਕਿੱਲਡ ਕੈਟਾਗਰੀ ਦਿੱਤੀ ਜਾਵੇਗੀ, ਸੰਸਥਾ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਦੇ ਬਕਾਏ ਤੁਰੰਤ ਦੇਣ ਸਬੰਧੀ ਵੀ ਉਨ੍ਹਾਂ ਵੱਲੋਂ ਸਬੰਧਤ ਕੰਪਨੀ ਨੂੰ ਹਦਾਇਤ ਕੀਤੀ, ਇਲਾਕੇ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਇਸ ਬਾਰੇ ਜਾਗਰੂਕਤਾ ਸਬੰਧੀ ਅਤੇ ਨਸ਼ੇ ਤੋਂ ਪੀੜਤ ਨੌਜਵਾਨਾਂ ਦੀ ਕੌਂਸਲਿੰਗ ਲਈ ਸੰਸਥਾ ਵੱਲੋਂ ਬਣਾਈ ਗਈ ਟੀਮ ਵੱਲੋਂ ਇਲਾਕੇ ਵਿੱਚ ਸਮੇਂ-ਸਮੇਂ ਤੇ ਪ੍ਰੋਗਰਾਮ ਕੀਤੇ ਜਾਣਗੇ, ਸੰਸਥਾ ਵੱਲੋਂ ਬਣਾਈ ਗਾਈਡੈਂਸ ਅਤੇ ਕੌਂਸਲਿੰਗ ਟੀਮ ਵੱਲੋਂ ਵੱਲੋਂ ਸਥਾਨਕ ਲੋਕਾਂ ਦਾ ਸਹਿਯੋਗ ਲੈ ਕੇ ਇਲਾਕੇ ਦੇ ਵੱਖ-ਵੱਖ ਸਕੂਲਾਂ ਦਾ ਅਤੇ ਪਿੰਡਾਂ ਦਾ ਦੌਰਾ ਕੀਤਾ ਜਾਵੇਗਾ ਤੇ ਪ੍ਰੋਗਰਾਮ ਕੀਤੇ ਜਾਣਗੇ ਅਤੇ ਵਿਦਿਆਰਥੀਆਂ ਤੇ ਲੋਕਾਂ ਨੂੰ ਸੰਸਥਾ ਵਿੱਚ ਦਾਖਲਾ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ ਤੇ ਸੰਸਥਾ ਦੇ ਕੋਰਸਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ, ਅਤੇ ਇਲਾਕੇ ਦੀ ਵੈਲਫੇਅਰ ਲਈ ਕੰਮ ਕੀਤਾ ਜਾਵੇਗਾ, ਕਿਸੇ ਵੀ ਸਕੂਲ ਕਾਲਜ ਦਾ ਵਿਦਿਆਰਥੀ ਸੰਸਥਾ ਦੀ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹ ਸਕਦਾ ਹੈ ਅਤੇ ਆਪਣੇ ਪ੍ਰਿੰਸੀਪਲ ਦੀ ਸਿਫਾਰਿਸ ਤੇ ਲਾਇਬ੍ਰੇਰੀ ਕਾਰਡ ਵੀ ਬਣਾ ਸਕਦਾ ਹੈ। ਇਹਨਾਂ ਸਾਰੀਆਂ ਮੰਗਾਂ ਤੇ ਪ੍ਰਦਰਸ਼ਨਕਾਰੀਆਂ ਅਤੇ ਮੈਨੇਜਮੈਂਟ ਕਮੇਟੀ ਵਿਚਕਾਰ ਸਹਿਮਤੀ ਬਣੀ। ਜਦੋਂ ਆਗੂਆਂ ਨੇ ਇਹ ਸਾਰੀਆਂ ਗੱਲਾਂ ਆ ਕੇ ਲੋਕਾਂ ਨੂੰ ਅਨਾਊਂਸ ਕੀਤੀਆਂ ਤਾਂ ਲੋਕਾਂ ਨੇ ਨਾਅਰੇ ਮਾਰਦੇ ਹੋਏ ਸਹਿਮਤੀ ਦਿੱਤੀ ਅਤੇ ਰੋਸ ਪ੍ਰਦਰਸ਼ਨ ਖਤਮ ਕਰਕੇ ਵਾਪਸ ਆਪਣੇ ਘਰਾਂ ਨੂੰ ਚਲੇ ਗਏ।

ਅੱਜ ਦੇ ਰੋਸ ਪ੍ਰਦਰਸ਼ਨ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਆਗੂ ਸੁਖਦੇਵ ਸਿੰਘ ਉਭਾਵਾਲ, ਬੀਕੇਯੂ ਆਜ਼ਾਦ ਦੇ ਆਗੂ ਕਰਨੈਲ ਸਿੰਘ ਜੱਸੇਕਾ, ਕਿਸਾਨ ਆਗੂ ਭੋਲਾ ਸਿੰਘ, ਜਸਵਿੰਦਰ ਕੌਰ, ਗੁਰਮੇਲ ਕੌਰ, ਹਰਦੇਵ ਸਿੰਘ ਦੁਲਟ, ਰਾਜਾ ਸਿੰਘ, ਅੰਮ੍ਰਿਤ ਸਿੰਘ, ਗੁਰਚਰਨ ਸਿੰਘ ਦਰਾਕਾ ਨੇ ਸੰਬੋਧਨ ਕੀਤਾ। ਇਸ ਸਮੇਂ ਸੁਖਵਿੰਦਰ ਸਿੰਘ ਸਰਪੰਚ, ਰਾਜ ਸਿੰਘ ਸਰਪੰਚ ਜਗਦੇਵ ਸਿੰਘ ਸਰਪੰਚ, ਸਾਬਕਾ ਐਮ ਸੀ ਗੁਰਮੇਲ ਸਿੰਘ ਚੋਟੀਆਂ, ਬਹਾਦਰ ਸਿੰਘ, ਮੱਲ ਸਿੰਘ, ਜਥੇਦਾਰ ਛੱਜੂ ਸਿੰਘ ਸਮੇਤ ਵੱਡੀ ਗਿਣਤੀ ਇਲਾਕੇ ਦੇ ਮੋਹਤਬਰ ਲੋਕ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮਾਡਲ ਕਰੀਅਰ ਸੈਂਟਰ ਸਕੀਮ ਅਧੀਨ ਰੋਜਗਾਰ ਮੇਲੇ ਦਾ ਆਯੋਜਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ/ਚਰਨਜੀਤ ਸੱਲ੍ਹਾਂ)–** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮਾਡਲ ਕਰੀਅਰ ਸੈਂਟਰ ਸਕੀਮ ਅਧੀਨ



ਬਿਊਰੋ ਵਿੱਚ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਲਿਤ ਮੋਹਨ ਪਾਠਕ, ਨਵਾਂਸ਼ਹਿਰ, ਸੀਨੀਅਰ ਆਗੂ ਆਮ ਆਦਮੀ ਪਾਰਟੀ, ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਨ੍ਹਾਂ ਵੱਲੋਂ ਮੇਲੇ ਵਿੱਚ ਭਾਗ ਲੈ ਰਹੇ ਉਮੀਦਵਾਰਾਂ ਅਤੇ ਕੰਪਨੀਆਂ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਵੱਲੋਂ ਉਮੀਦਵਾਰਾਂ ਨੂੰ ਰਾਜ ਸਰਕਾਰ ਵੱਲੋਂ ਰੋਜ਼ਗਾਰ ਸਬੰਧੀ ਉਪਲਬਧ ਕਰਵਾਏ ਜਾ ਰਹੇ ਮੌਕਿਆਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਕੰਪਨੀ ਪ੍ਰਤੀਨਿਧਾਂ ਨੂੰ ਵੱਧ ਤੋਂ ਵੱਧ ਉਮੀਦਵਾਰਾਂ ਨੂੰ ਰੋਜ਼ਗਾਰ ਉਪਲਬਧ ਕਰਵਾਉਣ ਲਈ ਕਿਹਾ ਗਿਆ। ਉਨ੍ਹਾਂ ਵੱਲੋਂ ਰਾਜ ਸਰਕਾਰ ਅਤੇ ਰੋਜ਼ਗਾਰ ਦਫਤਰ ਦੇ ਉਪਰਾਲੇ ਦੀ ਵੀ ਸ਼ਲਾਘਾ ਕੀਤੀ ਗਈ।

ਜ਼ਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ, ਸੰਜੀਵ ਕੁਮਾਰ ਵੱਲੋਂ ਦੱਸਿਆ ਗਿਆ ਕਿ ਅੱਜ ਦੇ ਰੋਜ਼ਗਾਰ ਮੇਲੇ ਦੌਰਾਨ 217 ਉਮੀਦਵਾਰਾਂ ਵੱਲੋਂ ਅਤੇ ਐਨ ਆਈ ਆਈ ਟੀ, ਆਈ ਸੀ ਆਈ ਸੀ ਆਈ ਫਾਊਂਡੇਸ਼ਨ, ਬਜਾਜ ਫਾਇਨਾਂਸ ਅਤੇ ਕਰੀਮਿਕਾ ਐਗਰੋ ਫੂਡਜ ਪ੍ਰਾਈਵੇਟ ਲਿ-ਮਿਟੇਡ ਗਰੁੱਪ ਦੇ ਪ੍ਰਤੀਨਿਧਾਂ ਵੱਲੋਂ ਬਤੌਰ ਨਿਯੋਜਕ ਭਾਗ ਲਿਆ। ਰੋਜ਼ਗਾਰ ਮੇਲੇ ਦੌਰਾਨ 103 ਉਮੀਦਵਾਰ ਸ਼ਾਰਟਲਿਸਟ ਕੀਤੇ ਗਏ।

# ਭਗਵੰਤ ਮਾਨ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣ- ਸ਼ੁਭਾਸ ਸ਼ਰਮਾ

**ਚੰਡੀਗੜ੍ਹ–** ਮੁੱਖ ਮੰਤਰੀ, ਪੰਜਾਬ ਭਗਵੰਤ ਮਾਨ ਗ੍ਰਹਿ ਮੰਤਰਾਲਾ ਸਾਂਭਣ ਦੇ ਯੋਗ ਨਹੀਂ ਹਨ,ਮਾਨਸਾ ਦੇ ਕੋਟਲੀ ਕਲਾਂ ਵਿਖੇ 6 ਸਾਲਾਂ ਮਾਸੂਮ ਬੱਚੇ ਦੀ ਹੱਤਿਆਂ ਤੋਂ ਬਾਅਦ ਜੇਕਰ ਮੁੱਖ ਮੰਤਰੀ ਦੇ ਕੋਲ ਜੇ ਅੰਤਰ ਆਤਮਾ ਦੀ ਅਵਾਜ ਬਚੀ ਹੋਵੇ ਤਾਂ ਤੁਰੰਤ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ। ਇਹਨਾਂ ਗੱਲਾ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਸ਼ੁਭਾਸ ਸ਼ਰਮਾ ਨੇ ਕੀਤਾ ।ਉਹਨਾਂ ਨੇ ਕਿਹਾ ਇਸ ਹੱਤਿਆ ਨੇ ਪੰਜਾਬੀਆ ਦੇ ਦਿਲਾਂ ਨੂੰ ਦਹਿਲਾਕੇ ਰੱਖ ਦਿੱਤਾ ਹੈ ਤੇ ਅਸੀਂ ਸਾਰੇ ਬਹੁਤ ਦੁਖੀ ਤੇ ਚਿੰਤਤ ਹਾਂ। ਸ਼ੁਭਾਸ ਸ਼ਰਮਾ ਨੇ ਦੋਸ਼ ਲਗਾਇਆ ਕਿ ਜਦੋਂ ਤੋਂ ਭਗਵੰਤ ਦੀ ਸਰਕਾਰ ਸੱਤਾ ਵਿੱਚ ਆਈ ਹੈ ਉਦੋਂ ਤੋਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੋ ਗਿਆ ਹੈ। ਮੁੱਖ ਮੰਤਰੀ ਪੰਜਾਬ ਵੱਲ ਧਿਆਨ ਦੇਣ ਦੀ ਵਜਾਏ



ਆਪਣੇ ਆਕਾ ' ਆਪ ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਖੁਸ਼ ਰੱਖਣ ਵਿੱਚ ਲੱਗਿਆ ਹੋਇਆ ਹੈ। ਉਹਨਾਂ ਦੱਸਿਆ ਕਿ ਪਿਛਲੇ ਅੱਠ ਮਹੀਨਿਆਂ ਤੋਂ ਪੰਜਾਬ ਕੋਲ ਰੈਗੁਲਰ ਪੁਲਿਸ ਮੁਖੀ ਨਹੀਂ ਹੈ, ਜਦੋਕਿ ਮਾਣਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ 6 ਮਹੀਨੇ ਤੋਂ ਜ਼ਿਆਦਾ ਸਮਾ ਕਾਰਜਕਾਰੀ ਡੀਜੀਪੀ ਨਹੀਂ ਲਗਾਇਆ ਜਾ ਸਕਦਾ। ਪਰ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਾਡੇ ਸੰਵਿਧਾਨ, ਕਾਨੂੰਨ ਦੀ ਕੋਈ ਪ੍ਰਵਾਹ ਨਹੀਂ ਹੈ। ਉਹਨਾ ਕਿਹਾ ਪੰਜਾਬ ਵਿੱਚ ਜਿਸ ਤਰਾਂ ਰੋਜ਼ਾਨਾ ਹੱਤਿਆਵਾਂ ਹੋ ਰਹੀਆਂ ਹਨ, ਪੁਲਿਸ ਥਾਣਿਆਂ ਤੇ ਕਬਜ਼ਾ ਕਰਕੇ ਪੁਲਿਸ ਤੇ ਹਮਲੇ ਹੋ ਰਹੇ ਹਨ, ਇਹ ਸਭ ਕੁਝ ਆਮ ਭਗਵੰਤ ਮਾਨ ਦੀਆਂ ਨਾਲਾਕੀਆਂ ਕਾਰਨ ਹੋ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਹਾਲਾਤ ਠੀਕ ਹੋਣ ਦੀ ਬਜਾਏ ਦਿਨੋ ਦਿਨ ਹੋਰ ਖਰਾਬ ਹੋ ਰਹੇ ਹਨ ।

# ਕੌਮੀ ਅੰਨ ਸੁਰੱਖਿਆ ਮਿਸ਼ਨ ਹੁਣ ਨੈਸ਼ਨਲ ਮਿਸ਼ਨ ਆਨ ਐਡੀਬਲ ਆਇਲ (ਤੇਲ ਬੀਜ) ਸਕੀਮ ਅਧੀਨ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਵਿੰਦਰ ਲਾਲ ਦੀ ਅਗਵਾਈ ਹੇਠ ਜ਼ਿਲ੍ਹਾ ਮੁੱਖ ਦਫ਼ਤਰ ਵਿਖੇ ਕੌਮੀ ਅੰਨ ਸੁਰੱਖਿਆ ਮਿਸ਼ਨ, ਨੈਸ਼ਨਲ ਮਿਸ਼ਨ ਆਨ ਐਡੀਬਲ ਆਇਲ (ਤੇਲ ਬੀਜ) ਸਕੀਮ ਅਧੀਨ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।

ਇਸ ਮੌਕੇ ਡਾ. ਸੁਰਿੰਦਰ ਕੁਮਾਰ ਖੇਤੀਬਾੜੀ ਅਫ਼ਸਰ ਬਲਾਚੌਰ ਨੇ ਤੇਲ ਬੀਜ ਫਸਲਾਂ ਦੀ ਕਾਸ਼ਤ ਸੰਬੰਧੀ ਅਤੇ ਕਿਸਾਨਾਂ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਵੱਖ-ਵੱਖ ਤੇਲਾਂ ਦੀ ਮਹੱਤਤਾ ਬਾਰੇ ਦੱਸਿਆ। ਡਾ. ਅਸ਼ਵਿੰਦਰ ਕੁਮਾਰ, ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਸਾਨਾਂ ਨੂੰ ਤੇਲ ਬੀਜ ਫਸਲਾਂ ਵਿਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਵਿਸਥਾਰ ਪੂਰਵਕ ਜਾਣਕਰੀ ਦਿੱਤੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇ ਕਿਸਾਨਾਂ ਨੇ ਹਾੜ੍ਹੀ ਦੀ ਫਸਲ ਨੂੰ ਖੇਤੀ ਮਾਹਿਰਾਂ ਦੀ ਸਿਫ਼ਾਰਿਸ ਅਨੁਸਾਰ ਡੀ.ਏ.ਪੀ ਖਾਦ ਪਾਈ ਹੈ ਤਾਂ ਸਾਉਣੀ ਦੀ ਫ਼ਸਲ ਨੂੰ ਪਾਉਣ ਦੀ ਜ਼ਰੂਰਤ ਨਹੀਂ ਹੈ।




ਡਾ. ਜਸਵਿੰਦਰ ਕੁਮਾਰ ਖੇਤੀਬਾੜੀ ਵਿਕਾਸ ਅਫ਼ਸਰ ਕਾਠਗੜ੍ਹ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੀ ਮਹੱਤਤਾ ਅਤੇ ਸੈਂਪਲ ਲੈਣ ਦੇ ਤਰੀਕੇ ਬਾਰੇ ਜਾਣਕਾਰੀ ਦਿੰਦਿਆਂ ਮਿੱਟੀ ਪਰਖ ਦੇ ਅਧਾਰ ਤੇ ਹੀ ਖਾਦਾਂ ਪਾਉਣ ਦੀ ਸਲਾਹ ਦਿੱਤੀ। ਡਾ. ਕਮਲਦੀਪ ਸਿੰਘ, ਪੀ.ਡੀ ਆਤਮਾ ਨੇ ਕਿਸਾਨਾਂ ਨੂੰ ਤੇਲ ਬੀਜ ਫਸਲਾਂ ਦੀ ਪ੍ਰੋਸੈਸਿੰਗ ਬਾਰੇ ਦੱਸਿਆ। ਇਸ ਮੌਕੇ ਡਾ. ਵਿਜੇ ਮਹੇਸ਼ੀ ਏ.ਡੀ.ਓ. ਇਨਫੋਰਸਮੈਂਟ, ਡਾ. ਕੁਲਵਿੰਦਰ ਕੌਰ ਏ.ਡੀ.ਓ. ਸੀਡ, ਲਖਵਿੰਦਰ ਕੁਮਾਰ (ਏ.ਟੀ.ਐਮ.) ਤੋਂ ਇਲਾਵਾ ਮਹਿੰਦਰ ਸਿੰਘ, ਨਿਰਮਲ ਸਿੰਘ, ਹਰਕੀਰਤ ਸਿੰਘ, ਸਤੀਸ਼ ਕੁਮਾਰ, ਸ੍ਰੀਮਤੀ ਜਸਮੀਨਾ ਕੁਮਾਰੀ ਆਦਿ ਕਿਸਾਨ ਅਤੇ ਕਿਸਾਨ ਬੀਬੀਆਂ ਨੇ ਕਿਸਾਨ ਕੈਂਪ ਵਿੱਚ ਭਾਗ ਲਿਆ।

# ਡਾ.ਪੰਪੋਸ਼ ਨੂੰ ਖੁਦਕਸ਼ੀ ਕਰਨ ਲਈ ਮਜ਼ਬੂਰ ਕਰਨ ਵਾਲਿਆਂ ਨੂੰ ਸਜਾ ਦਿਵਾਉਣ ਲਈ ਗੜ੍ਹਸ਼ੰਕਰ ਸ਼ਹਿਰ ਵਿੱਚ ਕੀਤਾ ਕੈਂਡਲ ਮਾਰਚ




**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਇਕਾਈ ਗੜ੍ਹਸ਼ੰਕਰ ,ਜੀਵਨ ਜਾਗ੍ਰਿਤੀ ਮੰਚ, ਕਿਰਤੀ ਕਿਸਾਨ ਯੂਨੀਅਨ ਦੋਆਬਾ ਸਾਹਿਤ ਸਭਾ ਅਤੇ ਡਾ.ਬੀ ਆਰ ਅੰਬੇਦਕਰ ਮਿਸ਼ਾਨ ਟਰੱਸਟ ਵਲੋਂ ਸਾਂਝੇ ਤੌਰ 'ਤੇ ਦੇਸ਼ ਵਿੱਚ ਅਤੇ ਪ੍ਰੋਫੈਸ਼ਨਲ ਸਿੱਖਿਆ ਸੰਸਥਾਵਾਂ ਵਿੱਚ ਵੱਧ ਰਹੇ ਜਾਤੀ ਪਾਤੀ ਵਿਤਕਰੇ,ਮਨੂੰਵਾਦੀ ਪ੍ਰਬੰਧ ਖਿਲਾਫ ਅਤੇ ਸ੍ਰੀ ਰਾਮ ਦਾਸ ਮੈਡੀਕਲ ਕਾਲਜ ਦੀ ਵਿਦਿਆਰਥਣ ਡਾ.ਪੰਪੋਸ਼ ਨੂੰ ਖੁਦਕਸ਼ੀ ਕਰਨ ਲਈ ਮਜ਼ਬੂਰ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਉਣ ਲਈ ਗੜ੍ਹਸ਼ੰਕਰ ਸ਼ਹਿਰ ਵਿੱਚ ਕੈਂਡਲ ਰੋਸ ਮਾਰਚ ਕੀਤਾ ਗਿਆ।

ਸ਼ਹਿਰ ਵਿੱਚ ਰੋਸ ਮਾਰਚ ਕਰਨ ਤੋਂ ਪਹਿਲਾਂ ਸਥਾਨਕ ਬੰਗਾ ਚੌਕ ਵਿੱਚ ਸਥਿਤ ਗਾਂਧੀ ਪਾਰਕ ਵਿੱਚ ਵੱਖ ਵੱਖ ਜੱਥੇਬੰਦੀਆਂ ਦੇ ਵਰਕਰਾਂ ਵਲੋਂ ਇਕੱਤਰ ਹੋ ਕੇ ਰੋਸ ਰੈਲੀ ਕੀਤੀ ਜਿਸ ਨੂੰ ਵੱਖ ਵੱਖ ਆਗੂਆਂ ਸੁਖਦੇਵ ਡਾਨਸੀਵਾਲ, ਪ੍ਰੋ.ਸੰਧੂ ਵਰਿਆਣਵੀ, ਹਰਮੇਸ਼ ਢੇਸੀ, ਡਾ ਅਵਤਾਰ ਸਿੰਘ, ਡਾ.ਰਜਿੰਦਰ ਕੁਮਾਰ, ਹਰਦੇਵ ਰਾਏ ਨੇ ਕਿਹਾ ਕਿ ਦੇਸ਼ ਭਰ ਦੀਆਂ ਵਿਦਿਅਕ ਸੰਸਥਾਵਾਂ ਵਿਚ ਜਾਤੀ ਵਿਤਕਰੇ ਦੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਘਟਨਾਵਾਂ ਨੂੰ ਰੋਕਣ ਵਿਚ ਦੇਸ਼ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਅਸਫਲ ਰਹੀਆਂ ਹਨ ਕਿਉਂਕਿ ਦੇਸ਼ ਦੇ ਸਮਾਜਿਕ ਅਤੇ ਰਾਜਨੀਤਕ ਢਾਂਚੇ ਵਿੱਚ ਹਰ ਇੱਕ ਮਨੁੱਖ ਨੂੰ ਬਰਾਬਰ ਸਮਝਣ ਵਾਲੇ ਤੱਤਾਂ ਦੀ ਅਣਹੋਂਦ ਹੈ। ਇਥੋਂ ਤੱਕ ਕਿ ਸਮਾਜਿਕ ਅਤੇ ਆਰਥਿਕ ਤੌਰ 'ਤੇ ਸੰਪੰਨ ਵਰਗਾਂ ਦੇ ਲੋਕਾਂ ਨੂੰ ਵੀ ਜਾਤੀ ਆਧਾਰਿਤ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਅਜਿਹੇ ਵਰਤਾਰੇ ਜੋ ਕਿ ਸਦੀਆਂ ਤੋਂ ਇੰਝ ਹੀ ਚੱਲੇ ਆ ਰਹੇ ਹਨ, ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਪਹਿਲਾਂ ਵਾਂਗ ਹੀ ਬਰਕਰਾਰ ਹਨ।

ਇਸ ਰੋਸ ਮਾਰਚ ਵਿੱਚ ਪ੍ਰਿੰਸੀਪਲ ਬਿੱਕਰ ਸਿੰਘ, ਪ੍ਰਿੰਸੀਪਲ ਦਲਵਾਰਾ ਰਾਮ, ਮਨਜੀਤ ਸਿੰਘ ਬੰਗਾ, ਰਾਮ ਲਾਲ ਵਿੱਰਦੀ, ਪੀ ਐੱਲ ਸੂਦ, ਕੁਲਵਿੰਦਰ ਚਾਹਲ, ਅਮਰਜੀਤ ਬੰਗੜ, ਤਰਨਜੀਤ ਸਿੰਘ, ਜਸਵਿੰਦਰ ਸਿੰਘ, ਸਤਨਾਮ ਬੰਗੜ, ਸੱਤਪਾਲ ਕਲੇਰ, ਗਰਮੇਲ ਸਿੰਘ, ਰਮਨਦੀਪ ਸਿੰਘ, ਪ੍ਰਗਟ ਸਿੰਘ, ਰੋਹਿਤ ਸ਼ਰਮਾ, ਗਗਨਦੀਪ, ਹੇਮ ਰਾਜ ਧੰਜਲ, ਗਰਮੇਲ ਸਿੰਘ ਪੀ ਟੀ ਆਈ, ਸੰਜੀਵ ਕੁਮਾਰ ਆਦਿ ਸ਼ਾਮਲ ਸਨ।

# ਪਿੰਡ ਬਘੌਰਾਂ ਵਿਖੇ ਲੜਕੀਆਂ ਨੂੰ ਬਿਊਟੀ ਪਾਰਲਰ ਸਿਖਲਾਈ ਮੁਕੰਮਲ ਹੋਣ ਉਪਰੰਤ ਦਿੱਤੇ ਸਰਟੀਫਿਕੇਟ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਗਿਆਨ ਵਿ-ਗਆਨ ਸੰਮਤੀ ਪੰਜਾਬ ਵੱਲੋਂ ਸਮਾਜਕ ਜਾਗਰੂਕਤਾ ਅਤੇ ਔਰਤਾ ਨੂੰ ਆਤਮ ਨਿਰਭਰ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਤਹਿਸੀਲ ਦੇ ਪਿੰਡ ਬਘੌਰਾਂ ਵਿਖੇ ਨੌਜਵਾਨ ਲੜਕੀਆਂ ਦੀ ਤਿੰਨ ਮਹੀਨਾ ਬਿਊਟੀ ਪਾਰਲਰ ਸਿਖਲਾਈ ਮੁਕੰਮਲ ਹੋਣ ਉਪਰੰਤ ਸ੍ਰੀ ਗੁਰਮੇਲ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਭਾਰਤ ਗਿਆਨ - ਵਿਗਿਆਨ ਸੰਮਤੀ ਦੇ ਸੂਬਾ ਕਮੇਟੀ ਮੈਂਬਰ ਸ੍ਰੀ ਸ਼ਾਦੀ ਰਾਮ ਕਪੂਰ ਵੱਲੋਂ ਸਿਖਲਾਈ ਪ੍ਰਾਪਤ ਲੜਕੀਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਸਮੇਂ ਬੁਲਾਰਿਆਂ ਨੇ ਕਿੱਤਾ ਸਿਖਲਾਈ ਦੀ ਮਹੱਤਤਾ ਵਾਰੇ ਕਿਹਾ ਕਿ ਅੱਜ ਦੇ ਯੁੱਗ ਵਿਚ ਔਰਤਾਂ ਨੂੰ ਆਤਮ ਨਿਰਭਰ ਹੋਣ ਲਈ ਕਿੱਤਿਆਂ ਦੀ ਸਿਖਲਾਈ ਲੈਣਾ ਅਤਿ ਜ਼ਰੂਰੀ ਹੈ ਤਾਂ ਕਿ ਉਹ ਅਪਣਾ ਕੰਮ - ਧੰਦਾ ਸ਼ੁਰੂ ਕਰਕੇ ਆਤਮ ਨਿਰਭਰ ਹੋਣ ਤੇ ਅਪਣੇ ਪਰਿਵਾਰ ਦੀ ਆਮਦਨ ਵਿਚ ਵਾਧਾ ਕਰ ਸਕਣ। ਇਸ ਮੰਤਵ ਲਈ ਭਾਰਤ ਗਿਆਨ-ਵਿਗਿਆਨ ਸੰਮਤੀ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਤਹਿਸੀਲ ਦੇ ਅਨੇਕ ਪਿੰਡਾਂ ਵਿੱਚ ਲੜਕੀਆਂ ਨੂੰ ਸਿਲਾਈ ਅਤੇ ਬਿਊਟੀ ਪਾਰਲਰ ਦੀ ਸਿਖਲਾਈ ਦੇ ਕੇ ਆਤਮ ਨਿਰਭਰ ਬਣਾਇਆ ਗਿਆ ਹੈ। ਨੌਜਵਾਨ ਲੜਕੀਆਂ ਨੂੰ ਆਪਣੀ ਪੜ੍ਹਾਈ ਦੇ ਨਾਲ ਕਿੱਤਿਆਂ ਦੀ ਸਿਖਲਾਈ ਪ੍ਰਾਪਤ ਕਰਨਾ ਵੀ ਸਮੇਂ ਦੀ ਜ਼ਰੂਰਤ ਹੈ ਕਿਉਂਕਿ ਔਰਤਾਂ ਦੀ ਆਤਮ ਨਿਰਭਰਤਾ ਤੋਂ ਬਿਨਾਂ ਸਮਾਜ ਨੂੰ ਅਗਾਹ ਵਧੂ ਲੀਹਾਂ ਤੇ ਨਹੀਂ ਚਲਾਇਆ ਜਾ ਸਕਦਾ। ਇਸ ਸਮੇਂ ਇਸ ਮੈਂਬਰ ਪੰਚਾਇਤ ਸ੍ਰੀਮਤੀ ਪਰਮਜੀਤ ਕੌਰ, ਸਿਖਲਾਈ ਟ੍ਰੇਨਰ ਮੈਡਮ ਅਨੂ, ਸ਼ਾਮ ਸੁੰਦਰ ਕਪੂਰ, ਕਿਰਨਦੀਪ, ਅੰਜਲੀ, ਨੇਹਾ, ਮਨਪ੍ਰੀਤ, ਰੀਨਾ, ਪਰਮਜੀਤ ਕੌਰ , ਜਸਵਿੰਦਰ ਕੌਰ, ਸੁਖਦੀਪ ਕੌਰ, ਦਵਿੰਦਰ ਸਿੰਘ, ਅਵਤਾਰ ਕੌਰ, ਮਨਪ੍ਰੀਤ ਕੌਰ, ਲੈਂਬਰ ਸਿੰਘ, ਆਰਤੀ, ਕੁਲਜੀਤ, ਸੁਪ੍ਰਿਆ, ਗਗਨ, ਮਮਤਾ, ਮਨਦੀਪ ਬੰਗਾ, ਸਵਿਤਾ ਕੁਮਾਰੀ, ਪਰਮਜੀਤ ਕੌਰ, ਰਾਜਵਿੰਦਰ ਕੌਰ ਹਾਜ਼ਰ ਸਨ।



# ਸਾਹਿਬ ਕਾਂਸ਼ੀ ਰਾਮ ਜੀ ਦੇ 89ਵੇਂ ਜਨਮ ਦਿਨ ਤੇ ਕੇਕ ਕੱਟਿਆ

## ਪਹਿਲੀ ਤਿੰਨ ਪੁਜੀਸ਼ਨ ਤੇ ਆਉਣ ਵਾਲੇ ਸਕੂਲ ਦੇ ਬੱਚਿਆਂ ਨੂੰ ਕੀਤਾ ਸਨਮਾਨਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਾਹਿਬ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ (ਰਜਿ:) ਵਲੋਂ ਸ਼ਹੀਦ ਭਗਤ ਸਿੰਘ ਨਗਰ ਜਿਲ੍ਹੇ ਦੀ ਤਹਿਸੀਲ ਬੰਗਾ ਦੇ ਪਿੰਡ ਮੂਸਾਪੁਰ ਦੇ ਪ੍ਰਾਇਮਰੀ ਸਕੂਲ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਦੇ 89ਵੇਂ ਜਨਮ ਦਿਨ ਮਨਾਉਂਦਿਆਂ ਪਹਿਲੀਆਂ ਤਿੰਨ ਪੁਜੀਸ਼ਨਾਂ ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਬੱਚਿਆਂ ਨੂੰ ਬੈਗ, ਕਾਪੀਆਂ ਤੇ ਨਗਦ ਇਨਾਮ ਦੇ ਕੇ ਹੌਂਸਲਾ ਅਫਜਾਈ ਕੀਤੀ ਗਈ। ਮੁੱਖ ਮਹਿਮਾਨ ਦੇ ਤੌਰ ਤੇ ਆਏ ਸਿਵਲ ਸਰਜਨ ਡਾਕਟਰ ਦਵਿੰਦਰ ਢਾਂਡਾ ਨੇ ਸੰਬੋਧਨ ਕਰਦਿਆ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਪੜ੍ਹ ਲਿਖ ਕੇ ਭਾਰਤ ਦੀ ਰਾਜਨੀਤੀ ਵਿੱਚ ਆਏ ਤੇ ਲੱਖਾਂ ਕਰੋੜਾਂ ਲਤਾੜੇ ਪਛਾੜੇ ਲੋਕਾਂ ਦੇ ਹੱਕਾਂ ਲਈ ਆਵਾਜ ਬੁਲੰਦ ਕੀਤੀ। ਸਾਨੂੰ ਸਾਰਿਆਂ ਨੂੰ ਆਪਣੀ ਸਿਹਤ ਸੰਭਾਲ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪਾਉਣਾ ਜਰੂਰ ਚਾਹੀਦਾ ਹੈ। ਲੋੜਵੰਦ ਵਿਅਕਤੀਆਂ ਦੀ ਪਹਿਲ ਦੇ ਆਧਾਰ ਤੇ ਸਾਨੂੰ ਆਪਣਾ ਫਰਜ ਸਮਝ ਕੇ ਮੱਦਦ ਕਰਨੀ



ਚਾਹੀਦੀ ਹੈ। ਜੋ ਅੱਜ ਆਪਣਾ ਇਲਾਜ ਨਹੀਂ ਕਰਵਾ ਸਕਦੇ ਜਾਂ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ ਸਾਨੂੰ ਫਜ਼ੂਲ ਖਰਚ ਬਸ਼ਦ ਕਰਕੇ ਉਹਨਾਂ ਨਿਤਾਣਿਆਂ ਦੀ ਮੱਦਦ ਲਈ ਹੱਥ ਵਧਾਉਣਾ ਚਾਹੀਦੇ ਹਨ। ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਨਿੱਕੂ ਰਾਮ ਜਨਾਗਲ ਨੇ ਸੰਬੋਧਨ ਕਰਦਿਆ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ 6 ਅਪ੍ਰੈਲ 1982 ਨੂੰ ਇਤਿਹਾਸਕ ਤੌਰ ਤੇ ਪਿੰਡ ਮੂਸਾਪੁਰ ਵਿਖੇ ਆਏ ਤੇ ਆਪ ਬਣਾਏ ਡੀ ਐਸ ਫੋਰ ਨਾਮੀ ਸੰਗਠਨ ਦੀ ਪਹਿਲੀ ਮੀਟਿੰਗ ਇਸ ਪਿੰਡ ਵਿੱਚ ਕੀਤੀ, ਤੇ ਆਪਣੀ ਸਰਕਾਰੀ ਨੌਕਰੀ ਛੱਡ ਕੇ ਸਮਾਜਿਕ ਪ੍ਰੀਵਰਤਨ ਤੇ ਆਰਥਿਕ ਮੁਕਤੀ ਲਈ ਸਾਰੀ ਉਮਰ ਸੰਘਰਸ਼ ਕੀਤਾ। ਉਹਨਾਂ ਲੋਕਾਂ ਦਾ ਸਾਥ ਲੈ ਕੇ ਸੰਘਰਸ਼ ਕਰਕੇ ਡਾਕਟਰ ਅੰਬੇਡਕਰ ਦੇ ਜਨਮ ਦਿਨ ਦੀ ਛੁੱਟੀ ਬਹਾਲ ਕਰਵਾਈ ਤੇ ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿੱਚ ਪੰਜ ਵਾਰੀ ਸਰਕਾਰ ਬਣਾਈ। ਜੰਮੂ-ਕਸ਼ਮੀਰ ਤੋ ਲੈ ਕੇ ਕੰਨਿਆ ਕੁਮਾਰੀ ਉਹ ਸਾਇਕਲ ਚਲਾਉਣ ਵਾਲੇ ਪਹਿਲੇ ਨੇਤਾ ਹਨ ਤੇ ਰਾਜਨੀਤਕ ਤੌਰ ਤੇ ਕਾਂਸ਼ੀ ਰਾਮ ਦੇ ਕੱਦ ਬਰਾਬਰ ਅੱਜ ਤੱਕ ਕੋਈ ਵੀ ਨੇਤਾ ਨਹੀਂ ਪਹੁੰਚ ਸਕਿਆ। ਹੁਣ ਸਾਨੂੰ ਸਾਰਿਆਂ ਨੂੰ ਏਕਤਾ ਦਾ ਸਬੂਤ ਦਿੰਦੇ ਹੋਏ 2024 ਵਿੱਚ ਉਹਨਾਂ ਪਾਏ ਪੂਰਨਿਆਂ ਤੇ ਚੱਲਣ ਵਾਲੀ ਸਰਕਾਰ ਬਣਾਉਣੀ ਚਾਹੀਦੀ ਹੈ। ਇਸ ਮੌਕੇ ਗੜ੍ਹਸ਼ੰਕਰ ਦੇ ਸਾਬਕਾ ਵਿਧਾਇਕ ਸਿੰਗਾਰਾ ਰਾਮ ਸਹੂੰਗੜਾ ਦੇ ਬੇਟੇ ਕੁੰਵਰ ਜਗਵੀਰ ਸਿੰਘ ਨੂੰ ਸਾਹਿਬ ਕਾਂਸ਼ੀ ਰਾਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਦਲਜੀਤ ਜੱਸਲ(ਯੂ ਐਸ ਏ), ਮਾਸਟਰ ਦੇਸ ਰਾਮ ਨੌਰਦ, ਕੇਵਲ ਕਿਸ਼ਨ ਬੰਗਾ (ਆਸਟ੍ਰੇਲੀਆ), ਸੰਦੀਪ ਸਿੰਘ ਕਲੇਰ, ਡਾਕਟਰ ਕਮਲਜੀਤ ਐਮ ਸੀ, ਰੇਸ਼ਮ ਸੁਨਿਆਰਾ, ਮਨਜੀਤ ਰਾਜ, ਬਾਰੂ ਰਾਮ, ਡਾਕਟਰ ਵਿਜੇ ਕੁਮਾਰ, ਜਗਨਨਾਥ, ਨੀਲਮ ਰਾਣੀ, ਲਾਲ,ਸੱਤਪਾਲ ਬਾਲੀ, ਨਰੇਸ਼ ਜਨਾਗਲ, ਜਗਦੀਸ਼ ਲੱਧੜ ਸਕੂਲ ਦੇ ਬੱਚੇ ਤੇ ਸਾਰਾ ਸਟਾਫ ਵੀ ਹਾਜਰ ਸੀ।

# ਬਿਰਧ ਆਸ਼ਰਮ ਬਡਰੁੱਖਾਂ ਵਿਖੇ ਮਨਾਇਆ ਗਿਆ 'ਵਿਸ਼ਵ ਓਰਲ ਸਿਹਤ ਦਿਵਸ'

**ਸੰਗਰੂਰ, (ਦਲਜੀਤ ਕੌਰ)** ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਬਿਰਧ ਆਸ਼ਰਮ ਸੰਗਰੂਰ ਵਿਖੇ ਵਿਸ਼ਵ ਓਰਲ ਸਿਹਤ ਦਿਵਸ ਮਨਾਇਆ ਗਿਆ। ਇਸ ਮੌਕੇ ਦੰਦਾਂ ਦੇ ਮਾਹਰ ਡਾ. ਵੀਰ ਇੰਦਰ ਸਿੰਘ (ਸਕੂਲ ਹੈਲਥ ਕਲੀਨਿਕ) ਵੱਲੋਂ ਬਜ਼ੁਰਗਾਂ ਦੇ ਦੰਦਾਂ ਦਾ ਚੈਕਅੱਪ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਵਿਸ਼ਵ ਓਰਲ ਸਿਹਤ ਦਿਵਸ ਦੇ ਸੰਦਰਭ ਵਿੱਚ ਅੱਜ ਡਾ. ਨਰਿੰਦਰ ਸਿੰਘ ਬਿਰਧ ਆਸ਼ਰਮ ਬਡਰੁੱਖਾਂ ਵਿਖੇ 32 ਬਜ਼ੁਰਗਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ।ਉਨ੍ਹਾਂ ਕਿਹਾ ਕਿ ਜਿਹੜੇ ਬਜੁਰਗਾਂ ਦੇ ਦੰਦ ਨਹੀਂ ਸਨ ਉਨ੍ਹਾਂ ਨੂੰ ਦੰਦਾਂ ਦੀ ਸੰਭਾਲ ਸਬੰਧੀ ਮਨਾਏ ਜਾਂਦੇ ਪੰਦਰਵਾੜ੍ਹੇ ਦੌਰਾਨ ਸਿਵਲ ਹਸਪਤਾਲ ਸੰਗਰੂਰ ਵਿਖੇ ਆ ਕੇ ਮੁਫ਼ਤ ਵਿੱਚ ਨਕਲੀ ਦੰਦ ਲਗਾਉਣ ਲਈ ਸੱਦਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਦੰਦਾਂ ਦੇ ਚੈਕਅੱਪ ਤੋਂ ਇਲਾਵਾ ਬਜ਼ੁਰਗਾਂ ਨੂੰ ਦੰਦਾਂ ਦੀ ਸੰਭਾਲ ਸਬੰਧੀ ਵੀ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦੰਦ ਸਾਡੇ ਸਰੀਰ ਦਾ ਜ਼ਰੂਰੀ ਹਿੱਸਾ ਹਨ, ਇਸ ਲਈ ਸਾਨੂੰ ਦੰਦਾਂ ਦੀ ਵਿਸ਼ੇਸ਼ ਤੌਰ 'ਤੇ ਸੰਭਾਲ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸਵੇਰੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਬਰੁਸ਼ ਨਾਲ ਦੰਦਾਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਨੀ ਚਾਹੀਦੀ ਹੈ ਤੇ ਰਾਤ ਨੂੰ ਬਰੁਸ਼ ਕਰਨ ਤੋਂ ਬਾਅਦ ਕੁਝ ਵੀ ਖਾਣਾ-ਪੀਣਾ ਨਹੀਂ ਚਾਹੀਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਰਧ ਆਸ਼ਰਮ ਦੇ ਪ੍ਰਧਾਨ ਬਲਦੇਵ ਸਿੰਘ ਗੋਸਲ, ਮੈਂਬਰ ਸੁਖਜੀਤ ਸਿੰਘ ਮਾਨ, ਸੰਜੀਵ ਕੁਮਾਰ ਵੀ ਹਾਜ਼ਰ ਸਨ।



# 13 ਧਾਤੂ ਵਾਲੀ ਮੂਰਤੀ ਜਬਤ ਕਰਕੇ ਪੁਲਿਸ ਨੇ ਹੜੱਪੀ, ਕਈ ਅਧਿਕਾਰੀ ਸਸਪੈਂਡ



**ਹਿਸਾਰ**-ਸੀ. ਆਈ. ਏ.-2 ਟੀਮ ਹਾਂਸੀ ਨੇ ਯੂ. ਪੀ. ਵਿਚ ਜ਼ਮੀਨ ਵਿਚੋਂ ਮਿਲੀ 13 ਧਾਤੂਆਂ ਵਾਲੀ 4 ਕਿਲੋਗ੍ਰਾਮ ਦੀ ਮੂਰਤੀ 5 ਲੜਕਿਆਂ ਦੇ ਕਬਜ਼ੇ ਵਿਚੋਂ ਲੈ ਕੇ ਪਿਘਲਵਾ ਦਿੱਤੀ ਅਤੇ 8 ਛੋਟੇ ਬਿਸਕੁਟ ਬਣਵਾ ਲਏ। ਆਈ. ਜੀ. ਏ. ਡੀ. ਜੀ. ਪੀ. (ਹਿਸਾਰ) ਸ਼੍ਰੀਕਾਂਤ ਜਾਘਵ ਨੇ ਜਾਂਚ ਤੋਂ ਬਾਅਦ ਸੀ. ਆਈ. ਏ.-2 ਦਾ ਪੂਰਾ ਸਟਾਫ ਸਸਪੈਂਡ ਕਰ ਦਿੱਤਾ ਹੈ। ਏ. ਐਸ. ਆਈ. ਨਿਤਿਨ ਤਰਾਰ, ਬਾਲਕਿਸ਼ਨ, ਸੱਜਣ ਸਿੰਘ, ਸੁਰਿੰਦਰ ਸਿੰਘ, ਹੌਲਦਾਰ ਰਵਿੰਦਰ ਸਿੰਘ, ਜੁਗਵਿੰਦਰ ਸਿੰਘ, ਵਿਜੈ, ਸਿਪਾਹੀ ਸੁਨੀਲ ਦੇ ਖਿਲਾਫ ਪਰਚਾ ਦਰਜ ਕਰਕੇ ਵਿਭਾਗੀ ਜਾਂਚ ਆਰੰਭ ਕੀਤੀ ਹੈ। ਬਿਸਕੁਟ ਦੀ ਕਾਰਬਨ ਡੇਟਿੰਗ ਜਾਂਚ ਹੋਵੇਗੀ। ਹਾਂਸੀ ਐਸ. ਪੀ. ਨਿਤਿਕਾ ਗਹਿਲੋਤ ਨੇ ਦੱਸਿਆ ਕਿ 13 ਧਾਤੂ ਦੀ ਮੂਰਤੀ ਵਿਚ ਸੋਨਾ ਨਹੀਂ ਸੀ।

# ਸਿਹਤਮੰਦ ਪੰਜਾਬ ਦੀ ਕਾਇਮੀ ਲਈ ਸਮੁੱਚੇ ਸਿਹਤ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ-ਸਿਹਤ ਮੰਤਰੀ ਡਾ. ਬਲਬੀਰ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ/ਚਰਨਜੀਤ ਸੱਲ੍ਹਾਂ)–** ਪੰਜਾਬ ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਸਿਹਤਮੰਦ ਪੰਜਾਬ ਦੀ ਕਾਇਮੀ ਲਈ ਸਮੁੱਚੇ ਸਿਹਤ ਸੇਵਾਵਾਂ ਢਾਂਚੇ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਰਾਜ ਦੇ ਲੋਕਾਂ ਨੂੰ ਸਿਹਤਮੰਦ ਜੀਵਨ ਲਈ ਆਪਣੇ ਬਲੱਡ ਸ਼ੂਗਰ ਤੇ ਬੀ ਪੀ ਦੀ ਨਿਰੰਤਰ ਜਾਂਚ ਕਰਵਾਉਣ ਅਤੇ ਇੱਕ ਘੰਟੇ ਦੀ ਸਰੀਰਕ ਕਸਰਤ ਦੀ ਅਪੀਲ ਕਰਦਿਆਂ ਆਪਣੀ ਜੀਵਨ-ਜਾਚ 'ਚ ਤਬਦੀਲੀ ਲਿਆਉਣ ਲਈ ਵੀ ਆਖਿਆ।

ਅੱਜ ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ ਵਿਖੇ ਧੰਨ ਮਾਤਾ ਗੁੱਜਰੀ ਜੀ ਚੈਰੀਟੇਬਲ ਟ੍ਰੱਸਟ, ਜਗਰਾਉਂ ਵੱਲੋਂ ਚਲਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਡਾਇਲਸਿਸ ਯੂਨਿਟ ਦੇ 10ਵੇਂ ਬੈਡ ਨੂੰ ਲੋਕ ਅਰਪਣ ਕਰਦਿਆਂ ਉਨ੍ਹਾਂ ਪ੍ਰਵਾਸੀ ਭਾਰਤੀਆਂ ਵੱਲੋਂ ਆਪਣੀ ਧਰਤੀ ਅਤੇ ਲੋਕਾਂ ਪ੍ਰਤੀ ਅਜਿਹੀਆਂ ਸੇਵਾਵਾਂ ਰਾਹੀਂ ਫ਼ਿਕਰਮੰਦ ਰਹਿਣ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮਾਤਾ ਗੁੱਜਰੀ ਟ੍ਰੱਸਟ ਵੱਲੋਂ ਪੰਜਾਬ 'ਚ ਵੱਖ-ਵੱਖ ਥਾਂਈਂ ਸਰਕਾਰ ਨਾਲ ਮਿਲ ਕੇ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਚ ਨਿਰੰਤਰਤਾ ਲਈ ਸਿਹਤ ਵਿਭਾਗ ਵੱਲੋਂ ਨੋਡਲ ਅਫ਼ਸਰ ਵੀ ਲਾਇਆ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਾ ਆਵੇ। ਉਨ੍ਹਾਂ ਨੇ ਇਸ ਡਾਇਲਸਿਸ ਯੂਨਿਟ 'ਚ ਇੱਕ ਦਿਨ 'ਚ ਦੋ ਸ਼ਿਫ਼ਟਾਂ 'ਚ 20 ਮਰੀਜ਼ਾਂ ਦੇ ਡਾਇਲਸਿਸ ਦੀ ਸਹੂਲਤ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਨੇ ਡਾਇਲਸਿਸ ਕਰਵਾ ਰਹੇ 18 ਸਾਲ ਅਤੇ 25 ਸਾਲ ਦੇ ਦੋ ਨੌਜੁਆਨਾਂ ਦੀ ਛੋਟੀ ਉਮਰ 'ਚ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਹੋਣ 'ਤੇ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਲਿਵਰ ਅਤੇ ਗੁਰਦਿਆਂ



ਦੀ ਬਿਮਾਰੀ ਦੀ ਜੜ੍ਹ ਹਾਈ-ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਬਣਦੀ ਹੈ, ਜਿਸ ਲਈ ਆਮ ਲੋਕਾਂ 'ਚ ਅਜਿਹੇ ਯੂਨਿਟ ਚਲਾਉਣ ਦੇ ਨਾਲ-ਨਾਲ ਅਜਿਹੀਆਂ ਬਿਮਾਰੀਆਂ ਤੋਂ ਬਚਾਅ ਲਈ ਵੀ ਜਾਗਰੂਕਤਾ ਪੈਦਾ ਕਰਨ 'ਚ ਵੀ ਐਨ ਆਰ ਆਈ ਸੰਸਥਾਵਾਂ ਅੱਗੇ ਆਉਣ। ਮਾਤਾ ਗੁੱਜਰੀ ਟ੍ਰੱਸਟ ਦੇ ਚੇਅਰਮੈਨ ਗੁਰਤਾਜ ਸਿੰਘ ਨੇ ਦੱਸਿਆ ਕਿ ਐਨ ਆਰ ਆਈਜ਼ ਦੀ ਪਹਿਲਕਦਮੀ 'ਤੇ ਇਸ ਮੌਕੇ ਜਗਰਾਉਂ, ਨਵਾਂਸ਼ਹਿਰ ਅਤੇ ਭੁਲੱਥ ਦੇ ਸਰਕਾਰੀ ਹਸਪਤਾਲਾਂ 'ਚ ਚਲਾਏ ਜਾ ਰਹੇ ਇਨ੍ਹਾਂ ਡਾਇਲਸਿਸ ਸੈਂਟਰਾਂ 'ਚ ਹਜ਼ਾਰਾਂ ਲੋਕਾਂ ਨੂੰ ਮੁਫ਼ਤ ਡਾਇਲਸਿਸ ਦੀ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਗਲਾ ਯੂਨਿਟ ਲੁਧਿਆਣਾ ਦੇ ਸਰਕਾਰੀ ਹਸਪਤਾਲ 'ਚ ਲਾਇਆ ਜਾ ਰਿਹਾ ਹੈ। ਇਸ ਮੌਕੇ ਮੌਜੂਦ ਟ੍ਰੱਸਟ ਨਾਲ ਸਬੰਧਤ ਐਨ ਆਰ ਆਈਜ਼ 'ਚ ਕੁਲਵਰਨ ਸਿੰਘ ਸ਼ੇਰਗਿੱਲ ਸਿਆਟਲ, ਬਾਪੂ ਸਤਨਾਮ ਸਿੰਘ ਯੂ ਐਸ ਏ, ਬਾਪੂ ਮੋਹਣ ਸਿੰਘ ਯੂ ਐਸ ਏ, ਅਵਤਾਰ ਸਿੰਘ ਯੂ ਐਸ ਏ, ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ, ਪਰਵਿੰਦਰ ਸਿੰਘ ਤੇ ਦਵਿੰਦਰ ਸਿੰਘ ਨਿਊਜ਼ੀਲੈਂਡ ਦੇ ਨਾਮ ਜ਼ਿਕਰਯੋਗ ਹਨ। ਆਪਣੇ ਜੱਦੀ ਜ਼ਿਲ੍ਹੇ ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ ਨੂੰ ਅਗਲੇ ਦਿਨਾਂ 'ਚ ਅਪਗ੍ਰੇਡ ਕਰਨ ਦੀ ਰਣਨੀਤੀ 'ਤੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਮੌਜੂਦਾ 100 ਬਿਸਤਰਿਆਂ ਨੂੰ ਪਹਿਲਾਂ 200 ਤੇ ਫ਼ਿਰ 330 'ਤੇ ਲਿਜਾਣ ਦੀ ਪ੍ਰਕਿਰਿਆ ਵਿਚਾਰ ਅਧੀਨ ਹੈ। ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ 'ਚ ਟ੍ਰੌਮਾ ਯੂਨਿਟ, ਜੱਚਾ ਬੱਚਾ ਯੂਨਿਟ ਅਤੇ ਕ੍ਰਿਟੀਕਲ ਕੇਅਰ ਯੂਨਿਟ ਦੀ ਸਥਾਪਨਾ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬ 'ਚ ਜ਼ਿਲ੍ਹਾ ਹਸਪਤਾਲਾਂ ਨੂੰ ਹਰ ਤਰ੍ਹਾਂ ਦੀਆਂ ਘਾਟਾਂ ਪੂਰੀਆਂ ਕਰਕੇ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ 'ਚ ਆਲੇ-ਦੁਆਲੇ ਦੇ ਜ਼ਿਲ੍ਹਿਆਂ ਤੋਂ ਵੀ ਵੱਡੀ ਗਿਣਤੀ 'ਚ ਲੋਕਾਂ ਦੇ ਇਲਾਜ ਲਈ ਆਉਣ ਦੇ ਮੱਦੇਨਜ਼ਰ ਇੱਥੇ ਓ ਪੀ ਡੀ ਦੇ ਕਾਊਂਟਰ ਅਗਲੇ ਦਿਨਾਂ 'ਚ ਵਧਾ ਕੇ 10 ਕਰ ਦਿੱਤੇ ਜਾਣਗੇ।

ਇਸ ਮੌਕੇ ਐਮ ਐਲ ਏ ਨਵਾਂਸ਼ਹਿਰ ਡਾ. ਨਛੱਤਰ ਪਾਲ, ਐਮ ਐਲ ਏ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਸੀਨੀਅਰ ਆਪ ਆਗੂਆਂ 'ਚ ਲਲਿਤ ਮੋਹਨ ਪਾਠਕ ਨਵਾਂਸ਼ਹਿਰ, ਕੁਲਜੀਤ ਸਿੰਘ ਸਰਹਾਲ ਬੰਗਾ ਤੇ ਅਸ਼ੋਕ ਕਟਾਰੀਆ ਬਲਾਚੌਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਤਨਾਮ ਜਲਾਲਪੁਰ, ਜ਼ਿਲ੍ਹਾ ਸਕੱਤਰ ਆਪ ਗਗਨ ਅਗਨੀਹੋਤਰੀ, ਪ੍ਰਧਾਨ ਮਹਿਲਾ ਵਿੰਗ ਰਾਜਦੀਪ ਸ਼ਰਮਾ ਮੌਜੂਦ ਸਨ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਸਿਵਲ ਸਰਜਨ ਡਾ. ਦਵਿੰਦਰ ਢਾਂਡਾ, ਐਸ ਡੀ ਐਮ ਨਵਾਂਸ਼ਹਿਰ ਮੇਜਰ ਸ਼ਿਵਰਾਜ ਸਿੰਘ ਬੱਲ, ਐਸ ਪੀ (ਪੀ ਬੀ ਆਈ) ਇਕਬਾਲ ਸਿੰਘ, ਐਸ ਐਮ ਓ ਜ਼ਿਲ੍ਹਾ ਹਸਪਤਾਲ ਡਾ. ਸਤਵਿੰਦਰ ਕੌਰ ਵਾਲੀਆ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਅਮਨ ਅਰੋੜਾ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਸਿਵਲ ਹਸਪਤਾਲ 'ਚ ਓ.ਪੀ.ਡੀ. ਤੇ ਹੋਰ ਸੁਵਿਧਾਵਾਂ ਲਈ ਲੋੜੀਂਦੇ ਨਵੇਂ ਕਮਰਿਆਂ ਦੀ ਰੱਖੀ ਨੀਂਹ

## ਸੀ.ਐਚ.ਸੀ. ਲੌਂਗੋਵਾਲ ਦੀ 38 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਸਿਰਿਉਂ ਚਾਰਦਿਵਾਰੀ ਉਸਾਰੇ ਜਾਣ ਦੀ ਕਰਵਾਈ ਸ਼ੁਰੂਆਤ

**ਸੁਨਾਮ ਊਧਮ ਸਿੰਘ ਵਾਲਾ/ਲੌਂਗੋਵਾਲ (ਦਲਜੀਤ ਕੌਰ)–** ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਪ੍ਰਿੰਟਿੰਗ ਤੇ ਸਟੇਸ਼ਨਰੀ, ਪ੍ਰਸ਼ਾਸਨਿਕ ਸੁਧਾਰ ਤੇ ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਸੁਨਾਮ ਊਧਮ ਸਿੰਘ ਵਾਲਾ ਵਿਚਲੇ ਸਿਵਲ ਹਸਪਤਾਲ 'ਚ ਓ.ਪੀ.ਡੀ. ਤੇ ਹੋਰ ਸੁਵਿਧਾਵਾਂ ਲਈ ਲੋੜੀਂਦੇ ਨਵੇਂ ਕਮਰਿਆਂ ਦੀ ਨੀਂਹ ਰੱਖੀ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਵੱਲੋਂ ਲੌਂਗੋਵਾਲ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.) ਦੀ ਚਾਰਦਿਵਾਰੀ ਨਵੇਂ ਸਿਰਿਉਂ ਉਸਾਰੇ ਜਾਣ ਦੀ ਵੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਹਰ ਖੇਤਰ 'ਚ ਵੱਡੇ ਪੱਧਰ 'ਤੇ ਤਰੱਕੀ ਹੋ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਹੋਰ ਵੀ ਬਹੁਤ ਵੱਡੀਆਂ ਸੌਗਾਤਾਂ ਸਮੁੱਚੇ ਪੰਜਾਬ ਅਤੇ ਖ਼ਾਸ ਕਰ ਸੁਨਾਮ ਹਲਕੇ ਦੇ ਲੋਕਾਂ ਨੂੰ ਮਿਲਣਗੀਆਂ।

ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਸੁਨਾਮ ਸਿਵਲ ਹਸਪਤਾਲ 'ਚ ਇਨ੍ਹਾਂ ਨਵੇਂ ਕਮਰਿਆਂ ਦੀ ਉਸਾਰੀ ਚਾਰ ਮਹੀਨਿਆਂ 'ਚ ਪੂਰੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇਗੀ ਅਤੇ ਇਸ 'ਤੇ ਤਕਰੀਬਨ 98 ਲੱਖ ਰੁਪਏ ਖਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ 'ਚ ਕਮਰਿਆਂ ਦੀ ਘਾਟ ਕਾਰਨ ਮਰੀਜ਼ਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ



ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਿਹਤ ਦੇ ਖੇਤਰ 'ਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਅਹਿਦ ਤਹਿਤ ਇਹ ਉਸਾਰੀ ਸ਼ੁਰੂ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਮਰੇ ਓ.ਪੀ.ਡੀ. ਦੀ ਸੁਵਿਧਾ ਦੇ ਨਾਲ-ਨਾਲ ਮਰੀਜ਼ਾਂ ਦੇ ਉਡੀਕ ਹਾਲ ਵਜੋਂ ਵੀ ਵਰਤੇ ਜਾ ਸਕਣਗੇ।

ਲੌਂਗੋਵਾਲ ਦੀ ਸੀ.ਐਚ.ਸੀ. ਦੀ ਚਾਰਦਿਵਾਰੀ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਮਾਰਤ ਦੀ ਚਾਰਦਿਵਾਰੀ ਦੀ ਉਸਾਰੀ ਇਲਾਕੇ ਦੇ ਲੋਕਾਂ ਅਤੇ ਸੈਂਟਰ ਦੇ ਸਟਾਫ਼ ਦੀ ਚਿਰਾਂਕੋਣੀ ਮੰਗ ਸੀ ਜਿਸਨੂੰ ਪਿਛਲੀਆਂ ਸਰਕਾਰਾਂ ਵੱਲੋਂ ਲਗਾਤਾਰ ਅਣਗੌਲਿਆਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਆਪਣੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਹੀ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਇੱਕ ਕਰਕੇ ਕੰਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇੱਕ ਸਾਲ ਦੌਰਾਨ ਸਿਹਤ ਅਤੇ ਸਿੱਖਿਆ ਵਰਗੇ ਬੁਨਿਆਦੀ ਖੇਤਰਾਂ 'ਚ ਮਾਨ ਸਰਕਾਰ ਵੱਲੋਂ ਲਾਮਿਸਾਲ ਫੈਸਲੇ ਲਏ ਗਏ ਹਨ। ਉਨ੍ਹਾਂ ਕਿਹਾ ਕਿ ਸੈਂਟਰ ਦੀ ਇਸ ਚਾਰਦਿਵਾਰੀ ਦਾ ਕੰਮ 38 ਲੱਖ ਰੁਪਏ ਦੀ ਲਾਗਤ ਨਾਲ ਕਰਵਾਇਆ ਜਾ ਰਿਹਾ ਹੈ ਜਿਸਨੂੰ 2 ਮਹੀਨਿਆਂ 'ਚ ਪੂਰਾ ਕਰਵਾਇਆ ਜਾਵੇਗਾ।

ਇਸ ਮੌਕੇ ਸਿਵਲ ਸਰਜਨ ਡਾ ਪਰਮਿੰਦਰ ਕੌਰ, ਮੁਕੇਸ਼ ਜੁਨੇਜਾ, ਰਵੀ ਕਮਲ ਗੋਇਲ, ਆਸ਼ਾ ਬਜਾਜ ਐਮ ਸੀ, ਭਾਨੂੰ ਪ੍ਰਤਾਪ, ਮਨਪ੍ਰੀਤ ਬਾਂਸਲ, ਨਿਰਮਲਾ ਦੇਵੀ, ਲਾਭ ਸਿੰਘ, ਸੋਨੂੰ ਵਰਮਾ, ਵਿੱਕੀ ਗਰਗ, ਸੰਦੀਪ ਜਿੰਦਲ, ਬੱਬੂ, ਮੰਗਲ ਕਾਲਾ, ਰਾਜਾ ਨਕਟੇ, ਸੰਦੀਪ ਦੁੱਗਾਂ ਵੀ ਹਾਜ਼ਰ ਸਨ।

# ਡਾਕਟਰ ਪੰਪੋਸ ਦੇ ਮਾਪਿਆਂ ਨੂੰ ਇਨਸਾਫ਼ ਦਿਵਾਉਣ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਾਉਣ ਲਈ ਰੋਸ ਪ੍ਰਦਰਸ਼ਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਦਿਨੀਂ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਜ਼ਲਾਲਤ ਤੋਂ ਤੰਗ ਆ ਕੇ ਇੱਜ਼ਤ ਨਾਲ ਮਰਨ ਲਈ ਮਜ਼ਬੂਰ ਹੋਣ ਵਾਲੀ ਹੋਣਹਾਰ ਧੀ ਦੇ ਕਾਤਲਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਵਾਉਣ ਤੇ ਉਸ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੇ ਲਈ ਫਗਵਾੜਾ ਰੋਡ ਮਾਹਿਲਪੁਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਇਲਾਕਾ ਮਾਹਿਲਪੁਰ ਚੱਬੇਵਾਲ ਦੇ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਦੇ ਨਾਲ ਨਾਲ ਵੱਖ-ਵੱਖ ਭਰਾਤਰੀ ਜਥੇਬੰਦੀਆਂ ਤੇ ਇਨਸਾਫ਼ ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ। ਪ੍ਰਦਰਸ਼ਨਕਾਰੀਆਂ ਨੇ ਡਾਕਟਰ ਪੰਪੋਸ ਦੀ ਮੌਤ ਲਈ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਤੋਂ ਡਾਕਟਰ ਪੰਪੋਸ ਦੇ ਪਰਿਵਾਰ ਨੂੰ ਇਸ ਅਤਿ ਦੁਖਦਾਈ ਸਮੇਂ ਹੌਂਸਲਾ,ਇਨਸਾਫ਼ ਤੇ ਰਾਹਤ ਦਿਵਾਉਣ ਲਈ ਆਵਾਜ਼ ਬੁਲੰਦ ਕੀਤੀ।ਇਸ ਮੌਕੇ ਤੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਸਾਥੀਆਂ ਸਮੇਤ ਕੁੱਝ ਸਮਾਂ ਮੋਨ ਧਾਰਨ ਕਰਕੇ ਡਾਕਟਰ ਪੰਪੋਸ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਉਸ ਦੇ ਪਰਿਵਾਰ ਨਾਲ ਦਿਲੋਂ ਹਮ-ਦਰਦੀ ਪ੍ਰਗਟ ਕਰਦਿਆਂ ਇਨਸਾਫ਼ ਪ੍ਰਾਪਤੀ ਤੇ ਦੋਸ਼ੀਆਂ ਨੂੰ



ਸਜ਼ਾਵਾਂ ਦਿਵਾਉਣ ਤੱਕ ਪੀੜ੍ਹਤ ਪਰਿਵਾਰ ਦੀ ਹਰ ਸੰਭਵ ਮੱਦਦ ਕਰਨ ਦਾ ਭਰੋਸਾ ਦਿਵਾਇਆ।ਉਨ੍ਹਾਂ ਕਿਹਾ ਕਿੰਨਾ ਹਨ੍ਹੇਰ ਹੈ ਕਿ ਇੱਕ ਪੜੀ ਲਿਖੀ ਹੋਣਹਾਰ,ਕਾਬਿਲ ਧੀ ਨੂੰ ਏਨਾ ਤੰਗ,ਪ੍ਰੇਸ਼ਾਨ ਤੇ ਜ਼ਲੀਲ ਕੀਤਾ ਗਿਆ ਕਿ ਜੋ ਉਸ ਦੀ ਜਾਨ ਦਾ ਖੌਅ ਬਣ ਬੈਠਾ।ਅੱਗੇ ਤੋਂ ਕਿਸੇ ਨੂੰ ਇਸ ਤਰ੍ਹਾਂ ਜ਼ਲੀਲ ਹੋਣਾ ਤੇ ਮਰਨਾ ਨਾ ਪਵੇ ਇਸ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਤੇ ਸਰਕਾਰ ਵਲੋਂ ਡਾਕਟਰ ਪੰਪੋਸ ਦੇ ਪਰਿਵਾਰ ਨੂੰ ਜਲਦ ਤੋਂ ਜਲਦ ਇਨਸਾਫ਼ ਮਿਲਣ ਦਾ ਭਰੋਸਾ ਦਿਵਾਇਆ ਜਾਣਾਂ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਪਾਸੇ ਕੇਂਦਰ ਤੇ ਸੂਬਾ ਸਰਕਾਰਾਂ ਜੀ 20 ਵਰਗੇ ਸੰਮੇਲਨਾਂ ਦੇ ਅਡੰਬਰ ਰਚ ਰਹੀਆਂ ਹਨ ਦੂਜੇ ਪਾਸੇ ਖ਼ਰਾਬ ਰਾਜ ਪ੍ਰਬੰਧ ਕਾਰਨ ਡਾਕਟਰ ਪੰਪੋਸ ਵਰਗੀਆਂ ਹੋਣਹਾਰ ਧੀਆਂ ਮੌਤ ਦੇ ਮੂੰਹ ਵਿੱਚ ਜਾ ਰਹੀਆਂ ਹਨ ਜਿਸ ਨਾਲ ਗੰਭੀਰ ਚਿੰਤਾਵਾਂ ਤੇ ਖ਼ਤਰੇ ਪੈਦਾ ਹੋ ਰਹੇ ਹਨ।

ਇਸ ਮੌਕੇ ਤੇ ਮੁਲਾਜ਼ਮ ਆਗੂ ਮਲਕੀਤ ਸਿੰਘ ਬਾਹੋਵਾਲ, ਗੁਰਮਿੰਦਰ ਕੈਂਡੋਵਾਲ, ਖੁਸ਼ਵੰਤ ਬੈਂਸ, ਗੁਰਚਰਨ ਸਿੰਘ ਸਰਹਾਲਾ ਖੁਰਦ,ਕੌਂਸਲਰ ਸੀਤਾ ਰਾਮ, ਸੁਰਿੰਦਰ ਭਾਰਗਵ,ਹਰਸ਼ ਕੌਰਾ, ਮਨਦੀਪ ਸਿੰਘ, ਪਰਮਿੰਦਰ ਸਿੰਘ ਪਿੰਦਾ, ਸਤਨਾਮ ਸੱਤਾ, ਹੁਸ਼ਿਆਰ ਸਿੰਘ ਮੈਲੀ, ਅਮਨਦੀਪ ਸਿੰਘ, ਮਨੀ ਬਿਹਾਲਾ, ਜਸਵਿੰਦਰ ਬੰਗਾ,ਯੋਧਾ ਬੱਢੋਆਣ, ਸੰਦੀਪ ਕੈਂਡੋਵਾਲ, ਪੁਨੀਤ ਕੁਮਾਰ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਬਲਜਿੰਦਰ ਮਾਨ ਵੱਲੋਂ ਕੈਮਲੂਪਸ ਕੈਨੇਡਾ ਲਾਇਬਰੇਰੀ ਲਈ ਪੁਸਤਕਾਂ ਭੇਟ

**ਮਾਹਿਲਪੁਰ–** ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਨਾਏ ਹੋਏ ਸਾਹਿਤਕਾਰ ਅਤੇ ਸੰਪਾਦਕ ਬਲਜਿੰਦਰ ਮਾਨ ਨੇ ਅੱਜ ਤਕ 25 ਮੌਲਿਕ, 40 ਸੰਪਾਦਿਤ ਅਤੇ 7 ਅਨੁਵਾਦਿਤ ਪੁਸਤਕਾਂ ਦਾ ਯੋਗਦਾਨ ਸਾਹਿਤ ਜਗਤ ਵਿਚ ਪਾਇਆ ਹੈ । ਪਿਛਲੇ 27 ਸਾਲ ਤੋਂ ਬੱਚਿਆਂ ਲਈ ਪੰਜਾਬੀ ਵਿਚ ਛਪਣ ਵਾਲਾ ਇੱਕੋ ਇੱਕ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਉਹਨਾਂ ਦੀ ਸੰਪਾਦਨਾ ਹੇਠ ਸਫਲਤਾ ਨਾਲ ਛਪ ਰਿਹਾ ਹੈ, ਜਿਸ ਕਰਕੇ ਇਸ ਰਸਾਲੇ ਦਾ ਨਾਮ ਇੰਡੀਆ ਬੁੱਕ ਆਫ਼ ਰਕਰਡਜ਼ ਵਿੱਚ ਸ਼ਾਮਲ ਹੈ। ਉਨ੍ਹਾਂ ਵੱਲੋਂ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਬੱਚਿਆਂ ਦੀਆਂ 40 ਤੋਂ ਵੱਧ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕੀਤੀਆਂ ਪੁਸਤਕਾਂ ਦਾ



ਇੱਕ ਸੈਟ ਬਲਜਿੰਦਰ ਮਾਨ ਨੇ ਕੈਮਲੂਪਸ ਲਾਇਬ੍ਰੇਰੀ ਦੇ ਸੰਚਾਲਕ ਚੈਂਚਲ ਸਿੰਘ ਬੈਂਸ ਅਤੇ ਸਤਨਾਮ ਸਿੰਘ ਮਨਹਾਸ ਨੂੰ ਭੇਂਟ ਕੀਤਾ। ਇਸ ਮੌਕੇ ਰਸਾਲੇ ਦੀ ਪ੍ਰਬੰਧਕੀ ਸੰਪਾਦਕ ਪ੍ਰਿੰ. ਮਨਜੀਤ ਕੌਰ ਉਚੇਚੇ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿਚ ਬੱਚਿਆਂ ਅਤੇ ਪਾਠਕਾਂ ਨੂੰ ਵੱਧ ਤੋਂ ਵੱਧ ਪੁਸਤਕਾਂ, ਰਸਾਲੇ ਪੜ੍ਹਨ ਦੀ ਪ੍ਰੇਰਣਾ ਦਿੱਤੀ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੁਖਮਨ ਸਿੰਘ ਆਰਟਿਸਟ ਨੇ ਨਿਭਾਈ। ਪੰਮੀ ਖੁਸ਼ਹਲਪੁਰੀ ਨੇ ਗੀਤਾਂ ਨਾਲ ਖੂਬ ਰੌਣਕ ਲਾਈ। ਇਸ ਮੌਕੇ ਬੀਬੀ ਰਣਜੀਤ ਕੌਰ ਹੇਅਰ, ਕੁਸ਼ਵਿੰਦਰ ਸਿੰਘ, ਮਨਿੰਦਰ ਕੌਰ ਮਨੀ, ਜਹਾਂਨ ਬੈਂਸ, ਜਸਵਿੰਦਰ ਕੌਰ, ਬੱਗਾ ਸਿੰਘ ਆਰਟਿਸਟ ਸਮੇਤ ਸਾਹਿਤ ਪ੍ਰੇਮੀ ਹਾਜ਼ਰ ਸਨ।




Dr Nachhatar Pal MLA

# ਮਹਿਲਾ ਦਿਵਸ ਨੂੰ ਸਮਰਪਿਤ ਖੇਡ ਮੁਕਾਬਲੇ ਕਰਵਾਏ ਗਏ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕੌਮਾਂਤਰੀ ਮਹਿਲਾ ਦਿਵਸ ਤਹਿਤ ਉਲੀਕੀਆਂ ਗਤੀਵਿਧੀਆਂ ਤਹਿਤ ਖੇਡ ਵਿਭਾਗ ਪੰਜਾਬ ਵੱਲੋਂ ਅੱਜ ਰਾਜ ਦੇ ਸਮੂਹ ਜ਼ਿਲ੍ਹਿਆਂ 'ਚ ਮਹਿਲਾ ਖੇਡ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚ ਇਸ ਸਬੰਧ 'ਚ ਜੁੱਡੋ ਦੇ ਮੁਕਾਬਲੇ ਕਰਮਵਾਰ ਆਈ ਟੀ ਆਈ ਗਰਾਊਂਡ ਨਵਾਂਸ਼ਹਿਰ ਅਤੇ ਅਤੇ ਕਬੱਡੀ ਨੈਸ਼ਨਲ ਸਟਾਈਲ ਦੇ ਮੁਕਾਬਲੇ ਬੰਗਾ ਦੇ ਬਾਬਾ ਗੋਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ, ਜਿਸ ਵਿਚ ਤਕਰੀਬਨ 100 ਦੇ ਕਰੀਬ ਖਿਡਾਰਨਾਂ ਨੇ ਭਾਗ ਲਿਆ।

ਉਨ੍ਹਾਂ ਦੱਸਿਆ ਕਿ ਇਸ ਮੌਕੇ 'ਤੇ ਕਰਵਾਏ ਗਏ ਜੁੱਡੋ ਮੁਕਾਬਲਿਆਂ 'ਚ ਅੰਡਰ-14 ਉਮਰ ਵਰਗ 'ਚ ਆਰਤੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਜਸਮੀਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-17 ਉਮਰ ਵਰਗ 'ਚ ਨੀਰਜ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਪਲਕ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕਬੱਡੀ ਮੁਕਾਬਲਿਆਂ 'ਚ ਅੰਡਰ-19 ਉਮਰ ਵਰਗ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਬਾ ਗੋਲਾ ਦੀ ਟੀਮ ਪਹਿਲੇ ਸਥਾਨ 'ਤੇ ਰਹੀ ਅਤੇ ਮਾਈ ਭਾਗੋ ਅਕੈਡਮੀ ਜਗਤਪੁਰ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬੰਗਾ ਵਿਖੇ ਖੇਡ ਮੁਕਾਬਲੇ ਦੌਰਾਨ ਪ੍ਰਿੰਸੀਪਲ ਜਸਵਿੰਦਰ ਕੌਰ, ਬਾਬਾ ਗੋਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੱਖ ਮਹਿਮਾਨ ਵਜੋਂ ਮੌਜੂਦ ਰਹੇ।

ਇਸ ਮੌਕੇ ਮਲਕੀਤ ਸਿੰਘ ਐਥਲੈਟਿਕਸ ਕੋਚ ਸ਼ਹੀਦ ਭਗਤ ਸਿੰਘ ਨਗਰ, ਸ੍ਰੀਮਤੀ ਗੁਰਜੀਤ ਕੌਰ ਕਬੱਡੀ ਕੋਚ, ਰਸ਼ਵਿੰਦਰ ਸਿੰਘ ਕਲਰਕ, ਰਾਮ ਕੁਮਾਰ ਜੁੱਡੋ ਕੋਚ, ਕਰਨਪ੍ਰੀਤ ਕੋਹਲੀ, ਬਲਵੀਰ ਕੁਮਾਰ, ਸੁਖਵਿੰਦਰ ਸਿੰਘ ਆਦਿ ਹਾਜਰ ਸਨ। ਇਸ ਮੌਕੇ ਜੇਤੂ ਖਿਡਾਰਨਾਂ ਨੂੰ ਮੈਡਲ ਦਿੱਤੇ ਗਏ।

# ਆਪ ਤੇ ਭਾਜਪਾ ਸਰਕਾਰਾਂ ਨੂੰ ਸਿੱਖਾਂ ਪ੍ਰਤੀ ਦਮਨਕਾਰੀ ਨੀਤੀ ਨਹੀਂ ਅਪਣਾਉਣੀ ਚਾਹੀਦੀ - ਡਾ. ਅਵਤਾਰ ਸਿੰਘ ਕਰੀਮਪੁਰੀ

**ਫਗਵਾੜਾ 22 ਮਾਰਚ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਪੰਜਾਬ ਤੇ ਚੰਡੀਗੜ੍ਹ ਦੇ ਇੰਚਾਰਜ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਆਪਣਾ ਸਿੱਖ ਵਿਰੋਧੀ ਏਜੰਡਾ ਆਮ ਆਦਮੀ ਪਾਰਟੀ (ਆਪ) ਰਾਹੀਂ ਲਾਗੂ ਕਰਵਾਉਣ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵਾਪਰੀਆਂ ਤਾਜਾ ਘਟਨਾਵਾਂ ਤੋਂ ਭਾਜਪਾ ਤੇ ਆਪ ਦੀ ਸਾਂਝ ਜੱਗਜਾਗਿਰ ਹੋ ਗਈ ਹੈ। ਪੰਜਾਬ ਵਿੱਚ ਸਿੱਖ ਨੌਜਵਾਨਾਂ, ਜਿਨ੍ਹਾਂ ਦਾ ਕੋਈ ਗੰਭੀਰ ਅਪਰਾਧਕ ਪਿਛੋਕੜ ਨਹੀਂ ਹੈ, ਉਨ੍ਹਾਂ 'ਤੇ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਲਗਾਇਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਆਸਾਮ ਦੀ ਜੇਲ੍ਹ ਵਿੱਚ ਭੇਜ ਕੇ ਭਾਜਪਾ ਦੇ ਸਪੁਰਦ ਕੀਤਾ ਜਾ ਰਿਹਾ ਹੈ। ਡਾ. ਕਰੀਮਪੁਰੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜਿਨ੍ਹਾਂ ਕੋਲ ਜੇਲ੍ਹ ਵਿਭਾਗ ਦਾ ਚਾਰਜ ਵੀ ਹੈ, ਨੂੰ ਪੰਜਾਬ ਦੇ ਲੋਕਾਂ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਇਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਕਿਉਂ ਨਹੀਂ ਰੱਖ ਪਾ ਰਹੇ ਤੇ ਪੰਜਾਬ ਦੇ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਭਾਜਪਾ ਸਰਕਾਰ ਨੂੰ ਕਿਉਂ ਸੌਂਪਿਆ ਜਾ ਰਿਹਾ ਹੈ। ਉਨ੍ਹਾਂ ਨੂੰ ਇੰਨੀ ਦੂਰ ਭੇਜਿਆ ਜਾ ਰਿਹਾ ਹੈ, ਜਿੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਤੱਕ ਪਹੁੰਚ ਵੀ ਨਾ ਕਰ ਸਕਣ। ਇਸ ਤੋਂ ਸਪਸ਼ਟ ਹੈ ਕਿ ਆਪ ਅਤੇ ਭਾਜਪਾ ਸਰਕਾਰਾਂ ਰਲ੍ਹ ਕੇ ਸਿੱਖਾਂ 'ਤੇ ਦਮਨਕਾਰੀ ਨੀਤੀਆਂ ਲਾਗੂ ਕਰ ਰਹੀਆਂ ਹਨ। ਭਾਜਪਾ ਧਾਰਮਿਕ ਘੱਟ ਗਿਣਤੀਆਂ ਵਿਰੋਧੀ ਏਜੰਡਾ ਪੰਜਾਬ ਵਿੱਚ ਆਪ ਰਾਹੀਂ ਲਾਗੂ ਕਰ ਰਹੀ ਹੈ।



ਡਾ. ਕਰੀਮਪੁਰੀ ਨੇ ਕਿਹਾ ਕਿ ਆਪ ਤੇ ਭਾਜਪਾ ਸਰਕਾਰਾਂ ਨੂੰ ਕਾਨੂੰਨ ਮੁਤਾਬਕ ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਹੀ ਕਾਰਵਾਈ ਕਰਨੀ ਚਾਹੀਦੀ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸੰਵਿਧਾਨ ਦੀ ਭਾਵਨਾ ਮੁਤਾਬਕ ਮਨੁੱਖੀ ਅਧਿਕਾਰਾਂ ਦਾ ਘਾਣ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਦਮਨਕਾਰੀ ਕਾਰਵਾਈਆਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਪ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਬਾਰੇ ਵੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਸਵਾਲ ਉਠਾਉਂਦਿਆਂ ਕਿਹਾ ਕਿ ਜੇਕਰ ਭਾਈ ਅੰਮ੍ਰਿਤਪਾਲ ਦੇ ਬਾਕੀ ਸਾਥੀ ਪੁਲਿਸ ਦੀ ਗ੍ਰਿਫਤ ਵਿੱਚ ਆ ਸਕਦੇ ਹਨ ਤਾਂ ਫਿਰ ਅੰਮ੍ਰਿਤਪਾਲ ਪੁਲਿਸ ਦੀ ਗ੍ਰਿਫਤ ਤੋਂ ਦੂਰ ਕਿਵੇਂ ਰਹਿ ਸਕਦਾ ਹੈ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਇਹ ਸ਼ੰਕਾ ਵੀ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਦਾ ਇਨਕਾਊਂਟਰ ਕੀਤਾ ਜਾ ਸਕਦਾ ਹੈ। ਆਪ ਤੇ ਭਾਜਪਾ ਸਰਕਾਰਾਂ ਨੂੰ ਅਜਿਹਾ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਅਜਿਹੀ ਕਾਰਵਾਈ ਪੰਜਾਬ ਦੇ ਮਾਹੌਲ ਨੂੰ ਖਰਾਬ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਸਰਕਾਰ ਨੇ ਅਜਿਹੀਆਂ ਕਾਰਵਾਈਆਂ ਰਾਹੀਂ ਹੀ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਕੇ ਰੱਖਿਆ ਸੀ ਤੇ ਹੁਣ ਇਹੀ ਕੰਮ ਆਪ ਤੇ ਭਾਜਪਾ ਸਰਕਾਰਾਂ ਕਰਨ ਵਿੱਚ ਲੱਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਕਾਨੂੰਨ ਮੁਤਾਬਕ ਸਜ਼ਾ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਜਦੋਂ ਇੱਕ ਪਾਸੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਉਨ੍ਹਾਂ ਨੂੰ ਰਿਹਾਅ ਕਰਨ ਦੀ ਬਜਾਏ ਸਰਕਾਰਾਂ ਵੱਲੋਂ ਹੋਰ ਸਿੱਖਾਂ ਨੂੰ ਬੰਦੀ ਬਣਾਇਆ ਜਾ ਰਿਹਾ ਹੈ। ਅਜਿਹੀਆਂ ਦਮਨਕਾਰੀ ਨੀਤੀਆਂ ਖਿਲਾਫ ਲੋਕਾਂ ਵਿੱਚ ਰੋਸ ਜਾਗਣਾ ਸੁਭਾਵਿਕ ਹੈ।

# ਕਹਾਣੀ/ ਨਵਾਂ ਸੂਟ

10 ਕੁ ਸਾਲ ਦੀ ਅਮਨ ਆਪਣੀ ਮੰਮੀ ਕੋਲ ਜਾ ਕੇ ਕਹਿੰਦੀ ਕਿ "ਮੰਮੀ ਜੀ -ਮੰਮੀ ਜੀ ਮੈਨੂੰ ਨਵਾਂ ਸੂਟ ਲੈ ਕੇ ਦਿਉ.. ।"

ਪੁੱਤ...ਕੀ ਗੱਲ ਹੋ ਗਈ ਐ... ਤੂੰ ਅਜੇ ਪੜਨ ਵੱਲ ਧਿਆਨ ਦੇ ਸਾਰੀ ਉਮਰ ਸੂਟ ਹੀ ਪਾਉਣੇ।

ਮੰਮੀ ਜੀ...ਮੈਨੂੰ ਨਵੇਂ ਸੂਟ ਦੇ ਨਾਲ-ਨਾਲ ਉਸ ਦੇ ਨਾਲ ਦੇ ਹੀ ਜੁੱਤੀ, ਕੰਨਾਂ ਵਿੱਚ ਪਾਉਣ ਲਈ ਵਾਲੀਆ, ਨਾਲ ਦੀ ਕਲਿੱਪ ਅਤੇ ਵੰਗਾਂ ਲੈ ਕੇ ਦਿਉ।

"ਪੁੱਤ ! ਇੱਕ ਗੱਲ ਦੱਸ ਤੈਨੂੰ ਆ ਨਵਾਂ ਸ਼ੋਕ ਕਿੱਧਰੋ ਜਾਗਿਆ।"

"ਮੰਮੀ ਜੀ... ਸਕੂਲ ਵਿੱਚ ਸਾਰੀਆਂ ਮੇਰੀਆ ਮੈਡਮਾਂ ਇਸੇ ਤਰ੍ਹਾਂ ਹੀ ਕਰਕੇ ਆਉਦੀਆਂ ਹਨ। ਉਹਨਾਂ ਨੇ ਸੂਟ ਨਾਲ ਦੀ ਹੀ ਜੁੱਤੀ, ਕਲਿੱਪ ਜਾਂ ਰਬੜ, ਵੰਗਾਂ, ਲਿਪਸਟਿਕ.... ਹੋਰ ਵੀ ਸੀ...।"

"ਹੋਰ ਨੂੰ ਛੱਡ ...ਪੁੱਤ. .. ਉਹ ਤੁਹਾਡੇ ਤੋਂ ਬਹੁਤ ਵੱਡੀਆਂ ਹਨ... ਨਾਲੇ ਪੁੱਤ ... ਤੂੰ ਅਜੇ ਪੜ੍ਹ ...ਪੜ੍ਹ ਕੇ ਹੀ ਉਹਨਾਂ ਵਾਂਗ ਨੌਕਰੀ ਕਰੇਗੀ। ਉਹ ਵੀ ਪੜ੍ਹ ਲਿਖ ਕੇ ਹੀ ਇੱਥੇ ਤੱਕ ਪਹੁੰਚੀਆਂ ਨੇ...।"

"ਇੱਕ ਗੱਲ ਦੱਸੋ? ਮੰਮੀ ਜੀ... ਜਦੋਂ ਮੈਂ ਵੀ ਉਹਨਾਂ ਵਾਂਗ ਨੌਕਰੀ ਕਰਨ ਲੱਗ ਗਈ। ਫਿਰ ਤਾਂ ਮੈਂ ਵੀ ਇਸੇ ਤਰ੍ਹਾਂ ਕਰਾਂਗੀ।

ਮੈਂ ਵੀ ਨਾਲ ਦਾ ਸੂਟ... ਨਾਲ ਦੀਆਂ ਸਾਰੀਆਂ ਉਸੇ ਸੂਟ ਨਾਲ ਦੀਆਂ ਚੀਜ਼ਾਂ... ਫਿਰ ਤਾਂ ਲੈ ਸਕਦੀ ਹਾ.. ਨਾ।" " ਹੋਰ ਪੁੱਤ! ਕਿਉਂ ਨਹੀਂ ਲੈ ਸਕਦੀ।"

"ਮੰਮੀ ਜੀ... ਇੱਕ ਗੱਲ ਦੱਸੋ?ਤੁਸੀਂ ਕਿਉਂ ਨਹੀਂ ਕਰਦੇ ਇਸ ਤਰ੍ਹਾਂ... ਸਾਰਾ ਕੁੱਝ ਸੂਟ ਨਾਲ ਦਾ ਹੀ... ਨਾਲੇ ਮੰਮੀ ਇਸ ਨੂੰ ਮੈਚਿੰਗ ਕਹਿੰਦੇ ਆਂ....।"

"ਅੱਛਾ ਪੁੱਤ! ਜੋ ਵੀ ਕਹਿੰਦੇ ਆਂ...। ਜਦੋਂ ਅਸੀਂ ਪੜ੍ਹਦੇ ਸੀ। ਉੱਦੋਂ ਇਸ ਤਰ੍ਹਾਂ ਦਾ ਕੁੱਝ ਵੀ ਨਹੀਂ ਸੀ....ਨਾਲੇ ਪੁੱਤ ਤੁਸੀਂ ਪੜਨ ਵੱਲ ਧਿਆਨ ਦਿਉ... ਇਸ ਤਰ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦੇਈ ਦਾ ... ਅਮਨ ਦੀ ਮੰਮੀ ਆਪਣੀ ਗੋਦੀ ਵਿੱਚ ਲੈ ਕੇ ਉਸ ਨੂੰ ਸਮਝਾਉਂਦੀ ਹੈ।"

"ਪਰ ਮੰਮੀ ਜੀ... ਜੀ.....।"

"ਪੁੱਤ! ਦੇਖ ਤੇਰਾ ਪਿਉ... ਸਾਰਾ ਦਿਨ ਕੰਮ ਕਰਦਾ... ਤੂੰ ਉਹਦੇ ਕੱਪੜੇ ਦੇਖੇ ਕਦੇ...ਉਹ ਚਾਹੁੰਦਾ ਕਿ ਤੁਸੀਂ ਪੜੋ, ਚੰਗੇ ਨੰਬਰ ਲੈ ਕੇ ਪਾਸ ਹੋਵੋ। ਇਸ ਲਈ ਉਹ ਵੱਧ ਤੋਂ ਵੱਧ ਕੰਮ ਕਰਦਾ...ਕਦੇ ਵੀ ਉਹਨੇ ਕੱਪੜਿਆਂ ਵੱਲ ਨਹੀਂ ਦੇਖਿਆ।"

"ਹਾਜੀ... ਮੰਮੀ ਜੀ ਤੁਸੀਂ ਠੀਕ ਕਿਹਾ... ਡੈਡੀ ਤਾਂ ਵਿਚਾਰੇ ਉਹੀ ਕੱਪੜੇ ਪਾ ਕੇ ਰੋਜ਼ ਜਾਂਦੇ ਆਂ..। ਉਹਨਾਂ ਤਾਂ ਕਦੇ ਵੀ ਕਿਹਾ ਹੀ ਨਹੀਂ...।"

"ਹਾਜੀ ਪੁੱਤ ! ਉਹਨਾਂ ਨੇ ਕਦੇ ਵੀ ਕਿਸੇ ਦੀ ਰੀਸ ਨਹੀਂ ਕੀਤੀ।

ਉਹ ਵੀ ਜੇਕਰ ਚਾਹੁੰਣ ਤਾਂ ਮਹਿੰਗੇ -ਮਹਿੰਗੇ ਕੱਪੜਿਆਂ 'ਤੇ ਪੈਸੇ ਖਰਚ ਸਕਦੇ ਹਨ।"

"ਠੀਕ ਕਿਹਾ। ਤੁਸੀਂ ਮੰਮੀ ਜੀ। ਉਹ ਵੀ ਤਾਂ ਲੈ ਹੀ ਸਕਦੇ ਆਂ। ਉਹ ਕਿਉਂ ਨਹੀਂ ਲੈਦੇ। "

"ਪੁੱਤ! ਉਹ ਚਾਹੁੰਦੇ ਆ ਕਿ...ਮੇਰੀ ਪੁੱਤਾਂ ਵਰਗੀ ਧੀ ਪੜ -ਲਿਖ ਜਾਵੇ... ਨੋਕਰੀ ਕਰੇ...। ਇਸ ਲਈ ਉਹ ਇਹ ਵਾਧੂ ਖਰਚ ਨਹੀਂ ਕਰਦੇ। ਤਾਂ ਕਿ ਤੈਨੂੰ ਪੜਾ ਸਕਣ।"

"ਅੱਛਾ !ਮੰਮੀ ਜੀ। "

"ਹਾਜੀ ਪੁੱਤ! ਪੜ੍ਹ ਲਿਖ ਕੇ ਆਪਣੇ ਪਿਉ ਦਾ ਸੁਪਨਾ ਪੂਰਾ ਕਰ। "

ਠੀਕ ਆ ਮੰਮੀ ਜੀ..."ਮੈਨੂੰ ਨਹੀਂ ਚਾਹੀਦਾ ਦਾ ਨਵਾਂ ਸੂਟ। ਮੈਂ ਵੀ ਇਸ ਤਰ੍ਹਾਂ ਵਾਧੂ ਖਰਚ ਨਹੀਂ ਕਰਾਂਗੀ ਅਤੇ ਆਪਣੀ ਪੜਾਈ ਵੱਲ ਹੀ ਧਿਆਨ ਦੇਵਾਂਗੀ।ਚੰਗੇ ਨੰਬਰ ਲੈ ਕੇ ਪਾਸ ਹੋਵੇਗੀ। ਤੁਹਾਡਾ ਸੁਪਨਾ ਪੂਰਾ ਕਰਾਂਗੀ।ਇੰਨਾ ਕਹਿ... ਅਮਨ ਨੇ ਮੰਮੀ ਨੂੰ ਘੁੱਟ ਕੇ ਜੱਫੀ ਪਾ ਲਈ..।"

ਸ਼ਾਬਾਸ਼... ਮੇਰੇ ਪੁੱਤ...।

**- ਰਜਮੀਤ ਕੌਰ ਸਹੋਤਾ**
**ਪਿੰਡ -ਪੱਦੀ ਸੂਰਾ ਸਿੰਘ, ਜਿਲ੍ਹਾ -ਹੁਸ਼ਿਆਰਪੁਰ**

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਨੇ ਸ਼ਹੀਦ ਭਗਤ ਸਿੰਘ ਜੀ ਦੇ ਬੁੱਤ ਤੇ ਫੁੱਲ ਮਾਲਾਵਾਂ ਭੇਟ ਕੀਤੀਆਂ



**ਬੰਗਾ (ਜੱਸੀ)-** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋ ਸ਼ਹੀਦ -ਏ-ਆਜਮ ਸਰਦਾਰ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਸ਼ਰਧਾਂਜਲੀ ਭੇਟ ਕਰਨ ਲਈ ਜਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਅਗਵਾਈ ਵਿੱਚ ਮੈਂਬਰਾਂ ਨੇ ਪਿੰਡ ਖਟਕੜ ਕਲਾਂ ਵਿਖੇ ਪਹੁੰਚ ਕੇ ਸ਼ਹੀਦ ਭਗਤ ਸਿੰਘ ਜੀ ਦੇ ਬੁੱਤ ਤੇ ਫੁੱਲ ਮਾਲਾਵਾਂ ਭੇਟ ਕੀਤੀਆ। ਇਸ ਸਮੇਂ ਜਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਜਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਸਲੋਹ ਅਤੇ ਜਿਲ੍ਹਾ ਆਰਗੇਨਾਈਜ਼ਰ ਡਾਕਟਰ ਰਜਿੰਦਰ ਸਿੰਘ ਲੱਕੀ ਨੇ ਦੱਸਿਆ ਕਿ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਹਮੇਸ਼ਾਂ ਸ਼ਹੀਦਾਂ ਦੀ ਸੋਚ ਤੇ ਡੱਟ ਕੇ ਪਹਿਰਾ ਦਿੰਦੀ ਆ ਰਹੀ ਹੈ। ਸਮੇਂ ਦੀਆਂ ਸਰਕਾਰਾਂ ਭਾਵੇਂ ਉਹ ਕਿਸੇ ਵੀ ਪਾਰਟੀ ਦੀ ਹੋਵੇ ਸ਼ਹੀਦਾਂ ਦਿਨ ਦੀ ਦਿਨ ਤਾਂ ਯਾਦ ਕਰਦੀਆਂ ਪਰ ਉਨ੍ਹਾ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਅੱਜ ਤੱਕ ਨਕਾਮ ਹਨ। ਇਸ ਸਮੇ ਡਾਕਟਰ ਅਨੁੰਪਿੰਦਰ ਸਿੰਘ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਸੰਜੇ ਕਪਿਲ, ਡਾਕਟਰ ਸੋਮਨਾਥ, ਡਾਕਟਰ ਵਿਜੇ ਮੇਹਲੀ, ਡਾਕਟਰ ਰਜਿੰਦਰ ਸੌਂਧੀ, ਡਾਕਟਰ ਧਰਮ ਪਾਲ, ਡਾਕਟਰ ਤਰਸੇਮ ਸਲੋਹ, ਡਾਕਟਰ ਸੀਤਾ ਰਾਮ, ਡਾਕਟਰ ਕੁਲਵਿੰਦਰ ਸਿੰਘ ਅਤੇ ਡਾਕਟਰ ਪ੍ਰਿੰਸ ਆਦਿ ਹਾਜ਼ਰ ਸਨ।

# ਕੰਢੀ ਕੈਨਾਲ ਨਹਿਰ ਤੋਂ ਖੇਤਾ ਨੂੰ ਪਾਣੀ ਦੇਣ ਲਈ ਪਾਈਪਾ ਦੇ ਕੰਮ ਦੀ ਸ਼ੁਰੂਆਤ ਵਿਧਾਇਕ ਸੰਤੋਸ਼ ਕਟਾਰੀਆ ਨੇ ਕਰਵਾਈ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਮਹੀਨੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪਿੰਡ ਚਾਂਦਪੁਰ ਰੁੜਕੀ ਵਿਖੇ ਪਹੁੰਚ ਕੇ ਇਲਾਕੇ ਦੀ ਕੰਢੀ ਕੈਨਾਲ ਨਹਿਰ ਦੇ ਸਾਲਾਂ ਤੋਂ ਠੱਪ ਪਏ ਕੰਮ ਨੂੰ ਫਿਰ ਤੋਂ ਰਫਤਾਰ ਦੇਣ ਸੰਬਧੀ ਦਿੱਤੇ ਭਰੋਸੇ ਨੂੰ ਅੱਜ ਹਲਕਾ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਦੀ ਬਦੌਲਤ ਬੂਰ ਪੈ ਗਿਆ। ਬੰਦ ਹੋਏ ਕੰਮ ਨੂੰ ਫਿਰ ਤੋਂ ਸ਼ੁਰੂ ਕਰਨ ਲਈ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਵਲੋਂ ਪੋਜੇਵਾਲ ਲਿਫਟ ਇਰੀਗੇਸ਼ਨ ਸਕੀਮ-2 ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਉਹਨਾ ਦੱਸਿਆ ਕਿ ਪਿੰਡ ਛੂਛੇਵਾਲ ਤੋਂ ਲੈ ਕੇ ਭੱਦੀ ਤੱਕ ਲਗਭਗ 18 ਪਿੰਡਾਂ ਦੇ 3485 ਏਕੜ ਰਕਬੇ ਨੂੰ ਇਸ ਸਕੀਮ ਤੋਂ ਪਾਣੀ ਮਿਲਣ ਨਾਲ ਫਾਇਦਾ ਪਹੁੰ-ਚੇਗਾ, ਤੇ ਵੀਰਾਨ ਪਈ ਜਮੀਨ ਵਿੱਚ ਪਾਣੀ ਪਹੁੰਚਣ ਨਾਲ ਹਰਿਆਲੀ ਆ ਜਾਵੇਗੀ। ਇਸ ਸਕੀਮ ਦੇ ਮੁਕੰਮਲ ਹੋਣ ਤੇ ਕੰਢੀ ਕੈਨਾਲ ਨਹਿਰ ਸਾਰੇ ਇਲਾਕੇ ਨੂੰ ਹਰਿਆ ਭਰਿਆ ਬਣਾਉਣ ਵਿੱਚ ਆਪਣਾ ਯੋਗਦਾਨ ਵੀ ਪਾਏਗੀ। ਇਸ ਮੌਕੇ ਤੇ ਐਸ ਡੀ ਐਮ ਬਿਕਰਮਜੀਤ ਸਿੰਘ ਪਾਂਥੇ, ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਯੂਥ ਆਗੂ ਕਰਨਵੀਰ ਕਟਾਰੀਆ, ਗੁਰਪ੍ਰੀਤ ਸਿੰਘ ਬੀ ਡੀ ਪੀ ਓ ਸੜੋਆ, ਇੰਦਰਜੀਤ ਲੁੱਡੀ, ਗੁਰਮੇਲ ਸਿੰਘ, ਗੁਰਚੈਨ ਸਿੰਘ ਬੇਗਮਪੁਰ, ਸਤਨਾਮ ਸਹੂੰਗੜਾ, ਸਮਸ਼ੇਰ ਸਿੰਘ ਸੜੋਆ, ਆਤਮਾ ਰਾਮ ਟੋਰੋਵਾਲ, ਬਿੰਦਰ ਕੁਮਾਰ ਸਰਪੰਚ ਚਾਂਦਪੁਰ ਰੁੜਕੀ, ਸੋਨੂੰ ਕਨੇਡਾ, ਨਰੇਸ਼ ਨੀਟਾ, ਪਵਨ ਕੁਮਾਰ ਰੀਠੂ, ਰਾਜਿੰਦਰ ਲੋਹਟੀਆ, ਠੇਕੇਦਾਰ ਰਾਮ ਸਰੂਪ ਥੋਪੀਆ, ਸ਼ਾਮ ਲਾਲ ਸਰਪੰਚ, ਰਾਜਵਿੰਦਰ ਕੌਰ ਸਰਪੰਚ ਤੇ ਹਰਮੇਸ਼ ਲਾਲ ਕਟਵਾਰਾ ਵੀ ਮੌਜੂਦ ਸਨ।



# ਜ਼ਿਲਾ ਨਵਾਂ ਸ਼ਹਿਰ ਦੇ ਪੱਤਰਕਾਰਾਂ ਨੇ ਸ਼ਹੀਦੀ ਦਿਹਾੜੇ ਨੂੰ ਪੱਤਰਕਾਰਤਾ ਬਚਾਓ ਦਿਵਸ ਤੌਰ 'ਤੇ ਮਨਾਇਆ

**ਖਟਕੜ ਕਲਾਂ, ਬੰਗਾ, ਨਵਾਂ ਸ਼ਹਿਰ (ਜੱਸੀ)–** ਇੰਡੀਅਨ ਜਨਰਲਿਸਟ ਯੂਨੀਅਨ ( ਭਾਰਤ ) ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਐਂਡ ਚੰਡੀਗੜ੍ਹ ਜਨਰਲਿਸਟ ਯੂਨੀਅਨ ਦੇ ਸੱਦੇ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਪੱਤਰਕਾਰਾਂ ਵਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜਰਨਲਿਜ਼ਮ ਸੇਵ ਡੈਮੋਕਰੇਸੀ ਸੇਵ (ਪੱਤਰਕਾਰਤਾ ਬਚਾਓ ਦਿਵਸ) ਡੇ ਦੇ ਤੌਰ ਤੇ ਮਨਾਇਆ । ਇਸ ਮੌਕੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਸਬ ਡਵੀਜ਼ਨ ਬੰਗਾ ( ਨਵਾਂ ਸ਼ਹਿਰ ) ਦੇ ਪੱਤਰਕਾਰਾਂ ਨੇ ਜਸਵੀਰ ਸਿੰਘ ਨੂਰਪੁਰ ਤੇ ਮੈਡਮ ਜਤਿੰਦਰ ਕੌਰ ਮੂੰਗਾ ਦੀ ਅਗਵਾਈ ਵਿੱਚ ਪੱਤਰਕਾਰਤਾ ਬਚਾਓ – ਲੋਕਤੰਤਰ ਬਚਾਓ ਆਦਿ ਨਾਹਰੇ ਲਿਖੀਆਂ ਤਖਤੀਆਂ ਫੜ ਕੇ ਮਾਰਚ ਕੀਤਾ। ਜੋਸ਼ੋ ਖਰੋਸ਼ ਨਾਲ ਨਾਹਰੇਬਾਜੀ ਕਰਦੇ ਖਟਕੜ ਕਲਾਂ ਵਿਖੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਵਿਸ਼ਾਲ ਬੁੱਤ ਤੇ ਫੁੱਲ ਮਾਲਾਵਾਂ ਅਰਪਿਤ ਕਰਕੇ ਸਿਜਦਾ ਕੀਤਾ । ਇਸ ਮੌਕੇ ਸੰਬੋਧਨ ਕਰਦਿਆਂ ਸ ਜਸਵੀਰ ਸਿੰਘ ਨੂਰਪੁਰ ਨੇ ਕਿਹਾ ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਪੱਤਰਕਾਰਤਾ ਨੂੰ ਲੋਕਤੰਤਰ ਦੇ ਚੌਥੇ ਥੰਮ ਵਜੋਂ ਜਾਣੇ ਜਾਂਦੇ ਸਰਕਾਰਾਂ ਨਾਲ ਮਿਲ ਕੇ



ਸ਼ਾਹੂਕਾਰਾਂ ਵਲੋਂ ਖਤਮ ਕੀਤਾ ਜਾ ਰਿਹਾ ਹੈ ਸਮੂਹ ਪੱਤਰਕਾਰਾਂ ਨੂੰ ਆਪਸੀ ਏਕਤਾ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਯੂਨੀਅਨ ਨਾਲ ਜੁੜਨਾ ਚਾਹੀਦਾ ਹੈ । ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਸਬ ਡਵੀਜ਼ਨ ਬੰਗਾ ਦੇ ਪ੍ਰਧਾਨ ਮੈਡਮ ਜਤਿੰਦਰ ਕੌਰ ਮੂੰਗਾ ਨੇ ਕਿਹਾ ਕਿ ਜੇ ਪੱਤਰਕਾਰਤਾ ਬਚਦੀ ਆ ਤਾਂ ਪੱਤਰਕਾਰ ਬਚਦੇ ਹਨ । ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਚੇਅਰਮੈਨ ਹਰਮੇਸ਼ ਵਿਰਦੀ , ਪੱਤਰਕਾਰ ਮਨਜਿੰਦਰ ਸਿੰਘ , ਮੁਕੰਦਪੁਰ ਇਕਾਈ ਦੇ ਪ੍ਰਧਾਨ ਸੰਜੀਵ ਭਨੋਟ ਅਤੇ ਨਰਿੰਦਰ ਮਾਹੀ ਨੇ ਸੰਬੋਧਨ ਕੀਤਾ । ਸਟੇਜ ਦੀ ਕਾਰਵਾਈ ਜਨਰਲ ਸਕੱਤਰ ਨਵਕਾਂਤ ਭਰੋਮਜਾਰਾ ਨੇ ਬਾ ਖ਼ੂਬੀ ਕੀਤੀ। ਇਸ ਮੌਕੇ ਪੱਤਰਕਾਰ ਪਰਵੀਰ ਅਬੀ, ਰਾਜ ਮਜਾਰੀ, ਨਰਿੰਦਰ ਕੁਮਾਰ ਰੱਤੂ, ਧਰਮਵੀਰ ਹੀਓਂ, ਚਰਨਜੀਤ ਸੱਲਾਂ, ਕੁਲਦੀਪ ਸਿੰਘ ਪਾਬਲਾ, ਮਨਦੀਪ ਸਿੰਘ, ਕੁਲਦੀਪ ਬੰਗਾ, ਭੱਟੀ ਮਾਹਿਲ, ਮਨਜਿੰਦਰ ਸਿੰਘ ਗੁਰੂ , ਨਛੱਤਰ ਬਹਿਰਾਮ ਪ੍ਰਧਾਨ ਬਹਿਰਾਮ ਇਕਾਈ, ਜਸਮਿੰਦਰ ਪਾਲ , ਅਰਜਨ ਰੱਤੂ ਅਤੇ ਹੋਰ ਵੱਡੀ ਗਿਣਤੀ ਵਿੱਚ ਪੱਤਰਕਾਰ ਹਾਜ਼ਰ ਸਨ।

# ਅਕਾਲੀ ਦਲ ਤੇ ਬਸਪਾ ਵਲੋਂ ਸ਼ਹੀਦਾਂ ਨੂੰ ਕੀਤਾ ਗਿਆ ਯਾਦ

**ਬੰਗਾ (ਜੱਸੀ)–** ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵਲੋਂ ਸਾਂਝੇ ਤੌਰ 'ਤੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ



ਮੌਕੇ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਜੀ, ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਡਾ ਨੱਛਤਰਪਾਲ ਵਿਧਾਇਕ ਨਵਾਂਸ਼ਹਿਰ ਅਤੇ ਉਨਾਂ ਦੇ ਨਾਲ ਕੁਲਵਿੰਦਰ ਸਿੰਘ ਢਾਹਾਂ, ਪਰਮ ਸਿੰਘ ਖਾਲਸਾ, ਧਰਮਿੰਦਰ ਸਿੰਘ ਮੰਢਾਲੀ, ਵਨੀਤ ਸਰੋਆ ਚੱਕ ਗੁਰੂ, ਗੁਰਵਿੰਦਰ ਔੜ, ਜਸਕਿੰਦਰ ਸਿੰਘ ਕੁਲਥਮ, ਜਤਿੰਦਰ ਸਿੰਘ ਮਾਨ, ਜੀਤ ਸਿੰਘ ਭਾਟੀਆ, ਸੁਰਜੀਤ ਸਿੰਘ ਮਾਂਗਟ, ਰਣਜੀਤ ਸਿੰਘ ਝਿੰਗੜ, ਹਰਜੀਤ ਸਿੰਘ ਸੰਧਵਾਂ, ਦਲਜੀਤ ਸਿੰਘ ਥਾਂਦੀ, ਨਿਰਮਲ ਸਿੰਘ ਹੇੜੀਆਂ, ਕੇਸਰ ਸਿੰਘ ਮਹਿਮੂਦਪੁਰ, ਜਸਵਿੰਦਰ ਸਿੰਘ ਮਾਨ, ਸੁਖਦੇਵ ਮੱਲਾ, ਬਲਵੀਰ ਸਿੰਘ ਲਾਦੀਆਂ, ਤਰਸੇਮ ਲਾਲ ਝੱਲੀ, ਚਰਨਜੀਤ ਗੋਸਲ, , ਡਿੰਪਲ ਮੱਲ੍ਹਾਂ ਸੋਢੀਆਂ ,ਮਨਮੀਤ ਸਿੰਘ ਤਲਵੰਡੀ ਫੱਤੂ, ਹਰਭਗਵੰਤ ਸੱਲਾਂ, ਚੰਨੀ ਭਲਵਾਨ ਭਰੋਲੀ,ਤਰਸੇਮ ਸਿੰਘ ਤਾਰਪੁਰ, ਸਤਨਾਮ ਨਾਗਰਾ, ਪਾਲ ਸਿੰਘ ਹੇੜੀਆਂ, ਜਗਤ ਸਿੰਘ ਪਠਲਾਵਾ, ਰਘਬੀਰ ਸਿੰਘ ਬਹੂਆ, ਅਮਰਜੀਤ ਬਹੂਆ, ਸ਼ਿੰਗਾਰਾ ਰਾਮ ਸਰਪੰਚ ਅਟਾਰੀ, ਰਾਣਾ ਬਾਹੜੋਵਾਲ, ਅਮਰਜੀਤ ਭਰੋਲੀ, ਸਾਧੂ ਸਿੰਘ ਭਰੋਲੀ, ਕੁਲਵੀਰ ਸਿੰਘ ਭੁੱਖੜੀ, ਸੱਤਪਾਲ ਬੁਰਜ ਕੰਧਾਰੀ, ਸਰਪੰਚ ਬਲਵੰਤ ਸਿੰਘ ਚੱਕ ਬਿਲਗਾਂ, ਪਰਗਟ ਸਿੰਘ, ਅਮਰਜੀਤ ਸਿੰਘ, ਗੁਰਨਾਮ ਚੱਕ ਕਲਾਲ, ਪ੍ਰਸ਼ੋਤਮ ਬੰਗਾ ,ਮੇਵਾ ਸਿੰਘ ਚੱਕ ਰਾਮੂੰ, ਰਮਨ ਕੁਮਾਰ ਬੰਗਾ, ਬਲਵੀਰ ਸਿੰਘ ਦਿਓਲ, ਬਲਵੀਰ ਸਿੰਘ ਜੰਡਿਆਲੀ, ਗੁਰਵਿੰਦਰ ਸਿੰਘ ਝੰਡੇਰ ਹੈਪੀ ਕਲੇਰਾਂ,ਤਰਸੇਮ ਸਿੰਘ ਕੱਟ, ਤਲਵਿੰਦਰ ਸਿੰਘ ਕਟਾਰੀਆਂ, ਮੰਜੀਤ ਸਿੰਘ ਬੱਬਲ, ਅਮਰੀਕ ਸਿੰਘ ਸੋਨੀ, ਮੋਹਨ ਲਾਲ ਕੁਲਥਮ, ਗੁਰਮੇਲ ਸਿੰਘ ਉਚਾ, ਜਸਪਾਲ ਸਿੰਘ ਮਾਹਿਲ ਗਹਿਲਾਂ, ਧਰਮਿੰਦਰ ਸਿੰਘ ਮੰਡਾਲੀ, ਦੀਪਾ ਮਜਾਰੀ, ਨਰਿੰਦਰ ਸਿੰਘ ਖਾਨਖਾਨਾ, ਕਮਲਜੀਤ ਸਿੰਘ ਮੇਹਲੀ ਇਕਬਾਲ ਸਿੰਘ ਮਜਾਰੀ,ਦੀਪਾ ਮੇਹਲੀ, ਮਲਕੀਤ ਸਿੰਘ ਮਜਾਰੀ, ਜਸਵਿੰਦਰ ਸਿੰਘ ਪੱਦੀ ਮੱਟਵਾਲੀ, ਬਲਜਿੰਦਰ ਰਾਮਪੁਰ, ਬਲਵੀਰ ਸਿੰਘ ਬੱਲੋਵਾਲ, ਜਗਤਾਰ ਸਿੰਘ ਭਰੋਮਜਾਰਾ ਰਾਣੂਆਂ, ਬਿਸ਼ਨ ਸਿੰਘ ਝਿੰਗੜਾਂ, ਗੁਰਮੇਜ ਸਿੰਘ ਲਿੱਦੜਾਂ, ਪਰਮਜੀਤ ਗੁਣਾਚੌਰ, ਕਮਲੇਸ਼ ਰਾਣੀ ਸਰਪੰਚ ਗੁਣਾਚੌਰ, ਭੁਪਿੰਦਰ ਸਿੰਘ ਤੇਜਾ, ਸੁਰਜੀਤ ਸਿੰਘ ਝਿੰਗੜਾਂ, ਹਰਪ੍ਰੀਤ ਸ਼ੇਰਗਿੱਲ, ਇੰਦਰਜੀਤ ਕਮਾਮ, ਸਤਨਾਮ ਮਜਾਰਾ ਨੌਅਬਾਦ, ਮਲਕੀਤ ਸਿੰਘ ਮੁਕੰਦਪੁਰ, ਬਹਾਦਰ ਸਿੰਘ ਗੜ੍ਹੀ, ਅਮਰੀਕ ਸਿੰਘ ਗੜ੍ਹੀ, ਹਰਮਨ ਸਿੰਘ ਰਾਏਪੁਰ ਡੱਬਾ, ਗੁਰਪ੍ਰੀਤ ਸਿੰਘ ਸਾਹਲੋਂ, ਸਰਪੰਚ ਜਰਨੈਲ ਸਿੰਘ ਸਾਹਲੋਂ, ਮਨਜੀਤ ਸਿੰਘ ਲੰਬਰਦਾਰ ਸਕੋਹਪੁਰ, ਅਮੋਲਕ ਸਿੰਘ ਘਟਾਰੋਂ, ਸੁਰਿੰਦਰ ਪਾਲ ਸਿੰਘ ਭੋਲਾ ਸਾਬਕਾ ਸਰਪੰਚ ਮੁਸਾਪੁਰ ਆਦਿ ਹਾਜ਼ਰ ਸਨ।

# ਖਟਕੜ੍ਹ ਕਲਾਂ ਵਿਖੇ ਪੰਚਾਇਤ ਯੂਨੀਅਨ ਵਲੋਂ ਸ਼ਹੀਦਾਂ ਨੂੰ ਫੁੱਲ ਮਾਲ਼ਾਵਾਂ ਭੇਂਟ

**ਬੰਗਾ 23 ਮਾਰਚ–** ਸ਼ਹੀਦ–ਏ–ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਖਟਕੜ੍ਹ ਕਲਾਂ ਵਿਖੇ ਸ਼ਰਧਾ ਦੇ ਫੁੱਲ ਬੜੇ ਅਦਬ ਅਤੇ ਸਤਿਕਾਰ ਨਾਲ ਭੇਂਟ ਕੀਤੇ ਗਏ। ਪੰਚਾਇਤ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ



ਨਗਰ ਦੇ ਸੀਨੀਅਰ ਆਗੂ ਅਤੇ ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਦੇ ਪ੍ਰਧਾਨ ਸ਼੍ਰੀ ਸੰਤੋਖ ਸਿੰਘ ਜੱਸੀ ਨੇ ਕਿਹਾ ਕਿ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਭਾਰਤ ਵਾਸੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਆਜ਼ਾਦੀ ਨੂੰ ਕਾਇਮ ਰੱਖਣ ਲਈ ਸਾਨੂੰ ਰੰਗ, ਲਿੰਗ, ਨਸਲ, ਜਾਤ, ਬਰਾਦਰੀ ਤੋਂ ਉੱਪਰ ਉੱਠਣ ਦੀ ਲੋੜ ਹੈ। ਸ਼੍ਰੀ ਜੱਸੀ ਨੇ ਕਿਹਾ ਕਿ ਅੱਜ ਸਿੱਖਿਆ, ਸਿਹਤ, ਰੁਜ਼ਗਾਰ ਦੀ ਸਭ ਨੂੰ ਲੋੜ ਹੈ। ਇਸ ਬਾਬਤ ਸਰਕਾਰਾਂ ਨੂੰ ਲੋਕ ਪੱਖੀ ਫੈਸਲੇ ਲੈਣ ਦੀ ਤੁਰੰਤ ਲੋੜ ਹੈ। ਇਸ ਮੌਕੇ ਮੀਡੀਆ ਇੰ–ਚਾਰਜ ਹਰਮੇਸ਼ ਵਿਰਦੀ, ਜਗਤਾਰ ਸਿੰਘ ਸ਼ੋਕਰ ਸਰਪੰਚ ਮਜਾਰੀ, ਮਨੋਹਰ ਲਾਲ ਸਰਪੰਚ ਕਮਾਮ, ਅਵਤਾਰ ਸਿੰਘ ਸਰਪੰਚ ਗੋਸਲ, ਭੁਪਿੰਦਰ ਸਿੰਘ ਸਰਪੰਚ ਕੰਗਰੌੜ੍ਹ, ਹਰਪਾਲ ਸਿੰਘ ਸਰਪੰਚ ਪਠਲਾਵਾ, ਮਨਦੀਪ ਸਿੰਘ ਸਰਪੰਚ ਮਹਿਰਮਪੁਰ, ਵਿਜੈ ਸਿੰਘ ਸਰਪੰਚ ਕਰੀਹਾ, ਅਸ਼ੋਕ ਕੁਮਾਰ ਸਰਪੰਚ ਖੋਥੜ੍ਹਾਂ, ਤਰਸੇਮ ਲਾਲ ਝੱਲੀ ਹੀਉਂ, ਹਰਪਾਲ ਸਿੰਘ ਸਰਪੰਚ ਸੋਤਰਾਂ, ਕੁਲਵਰਨ ਸਿੰਘ ਸਰਪੰਚ ਥਾਂਦੀਆਂ, ਰਾਜਵਿੰਦਰ ਸਿੰਘ ਨੰਬਰਦਾਰ ਲੱਖਪੁਰ, ਗੁਰਮੀਤ ਸਿੰਘ ਜੱਸੀ ਨੰਬਰਦਾਰ ਚੱਕ ਕਲਾਲ, ਰਣਜੀਤ ਸਿੰਘ ਮੱਲੂਪੋਤਾ, ਰਾਜਵਿੰਦਰ ਸਿੰਘ ਨੰਬਰਦਾਰ ਬੀਕਾ ਆਦਿ ਹਾਜਰ ਸਨ।

# ਸ਼ਹੀਦ ਸੁਖਦੇਵ ਦੇ ਘਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਆਈ ਡੀ ਪੀ ਦਾ ਚੇਤਨਾ ਮਾਰਚ ਖਟਕੜ ਕਲਾਂ ਲਈ ਰਵਾਨਾ

ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ (ਆਈ ਡੀ ਪੀ) ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਤੇ ਉਨਾਂ ਸੈਂਕੜੇ ਸਿਰਲੱਥ ਯੋਧਿਆਂ ਦੀ ਸ਼ਹਾਦਤ ਨੂੰ ਸਮਰਪਿਤ ਮੋਟਰਸਾਈਕਲ ਮਾਰਚ ਲੁਧਿਆਣਾ ਤੋਂ ਖਟਕੜ ਕਲਾਂ, ਨਾਭਾ, ਸੰਗਰੂਰ ਤੋਂ ਹੁੰਦਾ ਹੋਇਆ ਪਿੰਡ ਉਭਾਵਾਲ ਵਿਖੇ ਮਿਤੀ 25 ਮਾਰਚ ਨੂੰ ਸਮਾਪਤ ਹੋਵੇਗਾ ।ਕਿਉਂਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਅਤੇ ਦੇਸ਼ ਅੰਦਰ ਬਰਾਬਰੀ, ਇਨਸਾਫ਼ ਅਤੇ ਸੱਤਾ ਵਿੱਚ ਲੋਕਾਂ ਦੀ ਹਿੱਸੇਦਾਰੀ ਵਾਲਾ ਸਮਾਜ ਸਿਰਜਣ ਦੇ ਵਾਸਤੇ 23 ਮਾਰਚ 1931ਵਾਲੇ ਦਿਨ ਫਾਂਸੀ ਦੇ ਰੱਸੇ ਨੂੰ ਚੁੰਮਿਆ ਸੀ। ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਆਈ ਡੀ ਪੀ ਦੇ ਸੂਬਾਈ ਆਗੂਆਂ ਕਰਨੈਲ ਸਿੰਘ ਜਖੇਪਲ, ਦਰਸ਼ਨ ਸਿੰਘ ਧਨੇਠਾ, ਤਰਲੋਚਨ ਸਿੰਘ ਸੂਲਰ ਘਰਾਟ ,ਸਮਸ਼ੇਰ ਸਿੰਘ ਗਿੱਦੜਬਾਹਾ, ਪ੍ਰੀਤਮ ਸਿੰਘ ਫਾਜ਼ਿਲਕਾ, ਤਾਰਾ ਸਿੰਘ ਫੱਗੂਵਾਲਾ ਅਤੇ ਮਨਪ੍ਰੀਤ ਕੌਰ ਰਾਜਪੁਰਾ ਨੇ ਕਿਹਾ ਕਿ ਜੇਕਰ ਪਾੜੋ ਅਤੇ ਰਾਜ ਕਰੋ ਦੀ ਧਾਰਨਾ ਵਾਲੇ ਅੰਗਰੇਜ਼ ਚਲੇ ਗਏ ਅਤੇ ਮੁਸਲਿਮ ਲੀਗ ਵੀ ਚਲੀ ਗਈ ਤਾਂ ਫਿਰ ਅਜਾਦ ਭਾਰਤ ਅੰਦਰ ਹਜਾਰਾਂ ਫਿਰਕੂ ਦੰਗੇ ਕਿਉਂ ਹੋਏ? ਧਾਰਮਿਕ ਘੱਟ ਗਿਣਤੀ ਖਤਰਾ ਕਿਉਂ ਮਹਿਸੂਸ ਕਰ ਰਹੀਆਂ ਹਨ? ਦਰਬਾਰ ਸਾਹਿਬ ਉੱਪਰ ਫੌਜੀ ਹਮਲਾ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਪਿੱਛੋਂ ਦਿੱਲੀ ਅੰਦਰ ਸਿੱਖ ਕਤਲੇਆਮ, 2002 ਵਿੱਚ ਗੁਜਰਾਤ ਅੰਦਰ ਮੁਸਲਿਮ ਵਿਰੋਧੀ ਦੰਗੇ ਅਤੇ 2014 ਵਿੱਚ ਕੇਂਦਰ ਦੀ ਸਤਾ ਤੇ ਭਾਜਪਾ ਦੇ ਕਾਬਜ਼ ਹੋਣ ਤੋਂ ਬਾਅਦ ਨਰਮ ਹਿੰਦੂਤਵ ਨੂੰ ਪੂਰੀ ਤਰ੍ਹਾਂ ਉੱਗਰ ਹਿੰਦੂਤਵ ਦਾ ਐਲ–



ਾਨਿਆ ਬਿਆਨਿਆ ਧਰਮ ਨਿਰਪੱਖ ਦੇਸ਼ ਦੀਆਂ ਮਾਨਤਾਵਾਂ ਅਤੇ ਸੰਵਿਧਾਨ ਦੀ ਭਾਵਨਾ ਨਾਲ ਸ਼ਰੇਆਮ ਖਿਲਵਾੜ ਕਰ ਰਿਹਾ ਹੈ। ਰਾਜ ਪ੍ਰਬੰਧ ਕਿਸ ਤਰ੍ਹਾਂ ਦਾ ਹੋਵੇ ਇਸ ਨੂੰ ਲੈਕੇ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਪੋ ਆਪਣੇ ਨਜ਼ਰੀਏ ਰਹੇ ਹਨ ਅਜ਼ਾਦੀ ਕੇਵਲ ਸੈਂਕੜੇ ਸ਼ਹੀਦਾਂ ਦੀਆਂ ਜਾਨਾਂ ਤੱਕ ਸੀਮਤ ਨਹੀਂ ਰਹੀ ਬਲਕਿ 1947 ਵਿੱਚ ਹੋਈ ਦੇਸ਼ ਦੀ ਵੰਡ ਵੇਲੇ 10 ਲੱਖ ਲੋਕ ਫਿਰਕੂ ਦੰਗਿਆਂ ਦੌਰਾਨ ਮਾਰੇ ਗਏ ਜਿਹਨਾਂ ਵਿੱਚ 8 ਲੱਖ ਪੰਜਾਬੀ ਸਨ।ਇੰਨੇ ਵੱਡੇ ਨੁਕਸਾਨ ਤੋਂ ਬਾਅਦ ਕਿਹਾ ਗਿਆ ਸੀ ਕਿ ਭਾਰਤ ਦੇ ਲੋਕ ਅਪਣੇ ਫੈਸਲੇ ਆਪ ਕਰਨਗੇ ਅਤੇ ਅਪਣੇ ਸੁਪਨਿਆਂ ਦਾ ਸਮਾਜ ਸਿਰਜਣਗੇ। ਪਰੰਤੂ 75 ਸਾਲ ਦੇ ਰਾਜ ਪ੍ਰਬੰਧ ਸਬੰਧੀ ਅਪਣਾ ਪ੍ਰਤੀਕਰਮ ਦਿੰਦਿਆ ਕਿਹਾ ਕਿ ਲੋਕਾਂ ਦੇ ਰਾਜ ਦੀ ਸਥਾਪਤੀ ਲਈ ਨਵੀਂ ਸੁਰੂਆਤ ਕਰਨੀ ਪਵੇਗੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਿਹਾ ਕਿ ਜੇਕਰ ਰਾਜ ਪ੍ਰਬੰਧ ਪਿੰਡਾਂ ਵਿੱਚੋਂ ਚਲਾਉਣ ਦੀ ਕਲਪਨਾ ਕੀਤੀ ਹੈ ਤਾਂ ਪਿੰਡਾਂ ਅੰਦਰ ਗਰਾਮ ਸਭਾ ਨੂੰ ਸਰਗਰਮ ਕਰਕੇ ਤਾਕਤ ਲੋਕਾਂ ਤੱਕ ਤਬਦੀਲ ਕਰਨ, ਮਗਨਰੇਗਾ ਕਾਨੂੰਨ ਤਹਿਤ 100 ਦਿਨ ਦਾ ਰੋਜ਼ਗਾਰ ਹਰ ਮਨਰੇਗਾ ਵਰਕਰ ਨੂੰ ਦੇਣ, 5 ਏਕੜ ਤੱਕ ਦੇ ਕਿਸਾਨਾਂ ਨੂੰ ਅਪਣੇ ਖੇਤ ਅੰਦਰ ਕੰਮ ਕਰਕੇ ਮਗਨਰੇਗਾ ਤਹਿਤ ਰੁਜ਼ਗਾਰ ਹਾਸਲ ਕਰਨ, ਸਿਹਤ ਅਤੇ ਸਿੱਖਿਆ ਹਰ ਵਰਗ ਤੱਕ ਪਹੁੰਚਾਉਣ ਲਈ ਵੱਡੇ ਫੈਸਲੇ ਲੈਣੇ ਪੈਣਗੇ। ਉਨ੍ਹਾਂ ਕਿਹਾ ਕਿ ਐਮ ਐਲ ਏ ਵਿਧਾਨ ਸਭਾ ਅੰਦਰ ਨੀਤੀਆਂ ਬਣਾਉਣ ਦੀ ਅਪਣੀ ਜ਼ਿੰਮੇਵਾਰੀ ਨਿਭਾਉਣ, ਪਿੰਡ ਪੱਧਰ ਦੇ ਫੈਸਲੇ ਗਰਾਮ ਸਭਾ ਰਾਹੀਂ ਲੋਕਾਂ ਦੀ ਸਮੂਹਿਕ ਸ਼ਮੂਲੀਅਤ ਰਾਹੀਂ ਕਰਨ ਦੀ ਪਿਰਤ ਪਾਕੇ ਲੋਕਾਂ ਨੂੰ ਤਾਕਤਵਰ ਬਣਾਇਆ ਜਾਵੇ, ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਵਿੱਚੋਂ ਕੱਢਣ ਅਤੇ ਫੈਡਰਲਿਜਮ ਦੀ ਸੰਵਿਧਾਨਕ ਵਿਦਵਤਾ ਤੇ ਪਹਿਰਾ ਦੇਣ ਦੀ ਲੋੜ ਹੈ, ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਨਾਲ ਇੱਕ ਉਮੀਦ ਬਣੀ ਸੀ ਕਿ ਵਾਹਗਾ, ਹੁਸੈਨੀਵਾਲਾ, ਸਾਦਕੀ ਅਤੇ ਸੁਲੇਮਾਨਕੀ ਸਰਹੱਦਾਂ ਖੁੱਲਣ ਦਾ ਰਾਹ ਪੱਧਰਾ ਹੋ ਰਿਹਾ ਹੈ। ਵਪਾਰ ਗੁਜਰਾਤ ਦੀ ਬੰਦਰਗਾਹ ਦੇ ਵਜਾਏ ਪੰਜਾਬ ਦੀਆਂ ਸਰਹੱਦਾਂ ਰਾਹੀਂ ਹੋਵੇਗਾ ਜਿਸ ਨਾਲ ਪੰਜਾਬ ਵਿਕਸਤ ਹੋਵੇਗਾ , ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਖੁਸ਼ਹਾਲੀ ਆਵੇਗੀ। ਇਸ ਲਈ ਪੰਜਾਬ ਤੇ ਦੇਸ਼ ਦੇ ਉੱਤਰੀ ਖਿੱਤੇ ਵਿੱਚ ਤੇ ਪਾਕਿਸਤਾਨ ਵਾਲੇ ਚਲਦੇ ਵਾਲੇ ਪਾਸੇ ਵੀ ਇਸ ਮੰਗ ਵਾਸਤੇ ਲੋਕ ਰਾਇ ਤਿਆਰ ਕਰਨ ਦੀ ਲੋੜ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਧਰਤੀ ਤੇ ਉਸਾਰੇ ਪ੍ਰੋਜੈਕਟਾਂ ਦਾ ਪ੍ਰਬੰਧ ਅਪਣੇ ਕੰਟਰੋਲ ਹੇਠ ਲੈ ਜਾਣ ਦੇ ਫੈਸਲੇ ਦੇ ਖਿਲਾਫ ਪੰਜਾਬ ਸਰਕਾਰ ਨੂੰ ਪਹਿਲ ਕਰਕੇ ਸਹੀ ਮਾਇਨਿਆਂ ਵਿੱਚ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਈ ਡੀ ਪੀ ਦੇ ਆਗੂਆਂ ਰਾਜ ਕੁਮਾਰ ਸਿੰਘ ਕਨਸੂਹਾ ਖੁਰਦ, ਚੰਦ ਸਿੰਘ ਰੋਗਲਾ, ਹੰਸ ਰਾਜ ਭਵਾਨੀਗੜ੍ਹ, ਦਪਿੰਦਰ ਕੌਰ, ਚਮਕੌਰ ਸਿੰਘ ਅਗੇਤੀ, ਜਗਦੀਪ ਸਿੰਘ ਮਲੌਦ, ਰਾਜ ਕੌਰ ਬੂਹੀ, ਰਾਜਿੰਦਰ ਕੁਮਾਰ ਪਾਤੜਾਂ, ਮਨਿੰਦਰ ਸਿੰਘ ਸਮਾਣਾ ਅਤੇ ਨਿਰਮਲ ਸਿੰਘ ਉਭਿਆ ਆਦਿ ਆਗੂਆਂ ਨੇ ਸਮੂਲੀਅਤ ਕੀਤੀ।

# ਖਟਕੜ ਕਲਾਂ ਵਿਚਾਰ ਚਰਚਾ ਅਤੇ ਨਾਟਕ ਮੇਲੇ ਨੇ ਪੰਜਾਬ ਵਾਸੀਆਂ ਨੂੰ ਲੋਕ ਦੋਖੀ ਤਾਕਤਾਂ ਤੋਂ ਚੌਕੰਨੇ ਰਹਿਣ ਦਾ ਦਿੱਤਾ ਸੱਦਾ

**ਬੰਗਾ (ਜੱਸੀ)–** ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਹੋਇਆ ਪ੍ਰਭਾਵਸ਼ਾਲੀ ਸਮਾਗਮ, ਲੋਕਾਂ ਦੇ ਮਨਾਂ ਤੇ ਅਮਿੱਟ ਛਾਪ ਛੱਡ ਗਿਆ। ਵਰਨਣਯੋਗ ਹੈ ਕਿ 23 ਮਾਰਚ 1931 ਨੂੰ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਦੇ ਤਖ਼ਤੇ ਤੇ ਲਟਕਾਏ ਇਹਨਾਂ ਆਜ਼ਾਦੀ ਅਤੇ ਇਨਕਲਾਬ ਦੇ ਚਿੰਨ੍ਹਾਂ ਦੇ ਯਾਦਗਾਰੀ ਸਮਾਗਮ ਵਿੱਚ 23 ਮਾਰਚ 1988 ਨੂੰ ਸ਼ਹੀਦ ਕੀਤੇ ਗਏ ਨਾਮਵਰ ਕਵੀ ਅਵਤਾਰ ਪਾਸ਼ ਅਤੇ ਉਸਦੇ ਸਮਕਾਲੀ ਸ਼ਹੀਦਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਪਾਸ਼ ਦੀਆਂ ਭੈਣਾਂ ਪਰਮਿੰਦਰ ਪੰਮੀ ਗਿੱਲ ਅਮਰੀਕਾ ਤੋਂ ਅਤੇ ਰਾਜਿੰਦਰ ਕੌਰ ਹਾਲੈਂਡ ਨੇ ਉਚੇਚੇ ਤੌਰ ਤੇ ਖਟਕੜ ਕਲਾਂ ਸਮਾਗਮ ਵਿੱਚ ਪਹੁੰਚਕੇ 23 ਮਾਰਚ ਦੇ ਸ਼ਹੀਦਾਂ ਨੂੰ ਸਿਜਦਾ ਕੀਤਾ। ਪਾਸ਼ ਦੀ ਭੈਣ ਪਰਮਿੰਦਰ ਕੌਰ ਨੇ ਕਿਹਾ ਕਿ ਪਾਸ਼ ਨੇ ਲਿਖਿਆ ਸੀ ਕਿ ਭਗਤ ਸਿੰਘ ਨੇ ਪੰਜਾਬ ਨੂੰ ਪਹਿਲਵਾਨਾਂ ਦੇ ਪੰਜਾਬ ਕਰਕੇ ਜਾਣੇ ਜਾਂਦੇ ਸੂਬੇ ਦੀ ਪਹਿਚਾਣ ਇੱਕ ਚਿੰਤਨਸ਼ੀਲ ਵਿਚਾਰਵਾਨ ਪੰਜਾਬ ਦੇ ਤੌਰ ਤੇ ਕਰਾਉਣ ਦੀ ਇਤਿਹਾਸਕ ਭੂਮਿਕਾ ਨਿਭਾਈ ਹੈ।

ਉਹਨਾਂ ਕਿਹਾ ਕਿ ਅੱਜ ਪੰਜਾਬ ਅੰਦਰ ਕਲਮ, ਕਲਾ ਅਤੇ ਸੰਗਰਾਮ ਦੀ ਮਜ਼ਬੂਤ ਜੋਟੀ ਪੈਣਾ ਬੇਹੱਦ ਮਹੱਤਵਪੂਰਨ ਹੈ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ



ਦੀਆਂ ਮੰਚ ਤੇ ਸ਼ਸ਼ੋਭਿਤ ਤਸਵੀਰਾਂ ਨੂੰ ਪਾਸ਼ ਦੀਆਂ ਭੈਣਾਂ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਸਮੂਹ ਮੈਂਬਰਾਂ, ਸਮਾਗਮ 'ਚ ਪੁੱਜੇ ਸਮੂਹ ਜੱਥੇਬੰਦੀਆਂ ਦੇ ਆਗੂਆਂ ਨੇ ਫੁੱਲ ਭੇਂਟ ਕਰਦੇ ਹੋਏ ਉਹਨਾਂ ਦੀ ਸੋਚ ਤੇ ਸੰਗਰਾਮ ਜਾਰੀ ਰੱਖਣ ਦਾ ਅਹਿਦ ਲਿਆ। ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਅਤੇ ਸਾਥੀਆਂ ਨੇ ਸਾਮਰਾਜ ਅਤੇ ਦੇਸੀ ਦਾਬੇ ਤੋਂ ਮੁਕਤ, ਆਜ਼ਾਦ, ਜਮਹੂਰੀ, ਜਾਤ ਪਾਤੀ ਵਿਤਕਰੇ ਤੋਂ ਮੁਕਤ ਅਤੇ ਬਰਾਬਰੀ ਭਰੇ ਰਾਜ ਅਤੇ ਸਮਾਜ ਦੀ ਸਿਰਜਣਾ ਲਈ ਜੋ ਮਾਰਗ ਰੌਸ਼ਨ ਕੀਤਾ ਉਸ ਲਈ ਲੋਕ ਸੰਗਰਾਮ ਜਾਰੀ ਰੱਖਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੈ। ਉਹਨਾਂ ਕਿਹਾ ਕਿ ਪੰਜਾਬ ਨੂੰ ਫ਼ਿਰਕੂ ਅਤੇ ਹਕੂਮਤੀ ਦਹਿਸਤਗਰਦੀ ਦੇ ਮਾਹੌਲ ਵੱਲ ਧੱਕਣ ਲਈ ਬਣਾਈ ਸਕ੍ਰਿਪਟ ਤੋਂ ਖ਼ਬਰਦਾਰ ਰਹਿੰਦਿਆਂ ਪੰਜਾਬ ਵਾਸੀਆਂ ਨੂੰ ਆਪਣੇ ਹਕੀਕੀ ਲੋਕ ਮੁੱਦਿਆਂ ਤੇ ਜੱਦੋਜਹਿਦ ਨੂੰ ਹੋਰ ਵੀ ਸ਼ਕਤੀਸ਼ਾਲੀ ਕਰਨ ਲਈ ਮਿਲ਼ਕੇ ਤਾਣ ਲਾਉਣ ਦੀ ਲੋੜ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਕਿਹਾ ਕਿ ਮਜ਼ਦੂਰ ਕਿਸਾਨ ਤਾਕ਼ਤ ਦੇ ਕਿਲ੍ਹੇ ਉਸਾਰਨਾ ਸਮੇਂ ਦੀ ਲੋੜ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਆਗੂ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ 23 ਮਾਰਚ ਦੇ ਸ਼ਹੀਦਾਂ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਅੱਜ ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਸੀਖਾਂ ਪਿੱਛੇ ਡੱਕੇ ਜਾਣ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਕਿਸਾਨ ਆਗੂ ਤਲਵਿੰਦਰ ਹੀਰ ਨੇ ਕਿਹਾ ਕਿ ਲੋਕਾਂ ਦੀ ਮੁਕਤੀ ਦਾ ਰਾਹ ਦਰਸਾਵਾ ਇਹਨਾਂ ਸ਼ਹੀਦਾਂ ਦੀ ਦੇਣ ਤੋਂ ਸਬਕ ਸਿੱਖਣ ਦੀ ਲੋੜ ਹੈ। ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਸੂਲਪੁਰੀ ਨੇ ਕਿਹਾ ਕਿ ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਜਾਂ ਪਰਵਾਸ ਦੇ ਰਾਹਾਂ 'ਚ ਭਟਕਣ ਦੀ ਬਜਾਏ ਸ਼ਹੀਦਾਂ ਦੀ ਸੋਚ ਦੇ ਲੜ ਲੱਗਣ ਦੀ ਲੋੜ ਹੈ। ਅਦਾਕਾਰ ਮੰਚ ਮੁਹਾਲੀ ਵੱਲੋਂ ਡਾ ਸਾਹਿਬ ਸਿੰਘ ਦਾ ਲਿਖਿਆ, ਨਿਰਦੇਸ਼ਤ ਕੀਤਾ ਨਾਟਕ ਉਹਨਾਂ ਦੀ ਦਾ ਜਵਾਬ ਅਦਾਕਾਰੀ ਦਾ ਨਮੂਨਾ ਹੋ ਨਿੱਬੜਿਆ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨੇ ਬਹੁਤ ਹੀ ਭਾਵਪੂਰਤ ਕਵੀਸ਼ਰੀਆਂ ਨਾ਼ਲ ਲੋਕਾਂ ਨੂੰ ਜਾਗਰੂਕ ਕੀਤਾ। ਨੌਜਵਾਨ ਕਵੀ ਤਲਵਿੰਦਰ ਸ਼ੇਰਗਿੱਲ, ਕਮਲ ਨੂਰ ਤਲਵੰਡੀ ਅਤੇ ਨੰਨ੍ਹੇ ਮੁੰਨੇ ਬੱਚਿਆਂ ਨੇ ਕਵਿਤਾਵਾਂ ਰਾਹੀਂ ਲੋਕਾਂ ਨਾ਼ਲ ਕਵਿਤਾ ਦੀ ਸਾਂਝ ਪਾਈ। ਮੰਚ ਸੰਚਾਲਨ ਦੀ ਭੂਮਿਕਾ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਮੈਂਬਰ ਖੁਸ਼ੀ ਰਾਮ ਗੁਣਾਚੌਰ ਨੇ ਨਿਭਾਈ।

## ਗਦਰੀ ਬਾਬਿਆਂ ਦੇ ਮੇਲੇ 'ਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ

# ਮਹਾਨ ਸ਼ਹੀਦ ਗਦਰੀ ਬਾਬਾ ਡਾ: ਭਾਈ ਮਥਰਾ ਸਿੰਘ ਜੀ



ਪ੍ਰੋ: ਐਚ.ਐਲ.ਕਪੂਰ

ਮਹਾਨ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸ਼ਹੀਦ ਡਾ: ਮਥਰਾ ਸਿੰਘ ਜੀ ਦਾ ਜਨਮ 16 ਮਾਰਚ, 1883 ਈਸਵੀ ਨੂੰ ਪਿਤਾ ਸਰਦਾਰ ਹਰੀ ਸਿੰਘ ਜੀ ਖੱਤਰੀ ਕੋਹਲੀ ਦੇ ਘਰ, ਪਿੰਡ ਢੂੱਡਿਆਲ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿਖੇ ਹੋਇਆ। ਉਸ ਨੇ ਆਪਣੀ ਦਸਵੀਂ ਤੱਕ ਦੀ ਮੁਢਲੀ ਵਿੱਦਿਆ ਖਾਲਸਾ ਹਾਈ ਸਕੂਲ, ਚੱਕਵਾਲ ਤੋਂ ਪ੍ਰਾਪਤ ਕੀਤੀ। ਉਹ ਬਚਪਨ ਤੋਂ ਹੀ ਬਹੁਤ ਹੋਣਹਾਰ ਤੇ ਪੜ੍ਹਾਈ 'ਚ ਬਹੁਤ ਹੁਸ਼ਿਆਰ ਵਿਦਿਆਰਥੀ ਸਨ। ਉਹ ਦਸਵੀਂ ਤੱਕ ਪੜ੍ਹਦੇ ਸਮੇਂ, ਪੜ੍ਹਾਈ ਦੇ ਨਾਲ ਨਾਲ ਦੂਸਰੇ ਵਿਦਿਆਰਥੀਆਂ ਨੂੰ ਟਿਊਸ਼ਨਾਂ ਵੀ ਪੜ੍ਹਾਉਂਦੇ ਰਹੇ ਤਾਂ ਕਿ ਉਹ ਆਪਣਾ ਪੜ੍ਹਾਈ ਦਾ ਖਰਚਾ ਪੂਰਾ ਕਰ ਸਕਣ ਤੇ ਨਾਲ ਹੀ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਵੀ ਮਦਦ ਕਰ ਸਕਣ। ਉਨ੍ਹਾਂ ਨੇ 18 ਸਾਲਾਂ ਦੀ ਉਮਰ ਵਿਚ ਪੜ੍ਹਾਈ ਛੱਡ ਦਿੱਤੀ ਤੇ ਰਾਵਲਪਿੰਡੀ ਦੀ ਇਕ ਪ੍ਰਾਈਵੇਟ ਦਵਾਈਆਂ ਬਣਾਉਣ ਵਾਲੀ ਫਰਮ 'ਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਪੰਜ ਸਾਲਾਂ 'ਚ ਨੌਕਰੀ ਦੇ ਦੌਰਾਨ ਕਾਫੀ ਦਵਾਈਆਂ ਦੀ ਜਾਣਕਾਰੀ ਹਾਸਲ ਕਰ ਲਈ ਸੀ ਤੇ 1906 ਵਿਚ 'ਕੈਮਿਸਟ ਐਚ. ਡੀ. ਠਾਕਰਦਾਸ ਐਂਡ ਕੰਪਨੀ' ਨੌਸ਼ਹਿਰਾ ਕੰਨਟੋਨਮੈਂਟ ਨਾਮ ਦੀ ਦਵਾਈਆਂ ਬਣਾਉਣ ਵਾਲੀ ਫਰਮ 'ਚ ਆਪਣੀ ਹਿੱਸੇਦਾਰੀ ਪਾ ਲਈ। ਇਸੇ ਕਰਕੇ ਹੀ ਉਹਨਾਂ ਨੂੰ ਉਸ ਤੋਂ ਬਾਅਦ ਆਮ ਕਰਕੇ ਡਾਕਟਰ ਮਥਰਾ ਸਿੰਘ ਦੇ ਨਾਮ ਨਾਲ ਪੁਕਾਰਿਆ ਜਾਣ ਲੱਗ ਪਿਆ। ਉਹਨਾਂ ਨੇ ਕੋਈ ਡਾਕਟਰੀ ਦਾ ਕੋਰਸ ਨਹੀਂ ਸੀ ਪਾਸ ਕੀਤਾ ਹੋਇਆ।

ਸੰਨ 1913 ਵਿਚ ਉਹਨਾਂ ਦੀ ਪਤਨੀ ਤੇ ਲੜਕੀ ਦੀ ਮੌਤ ਤੋਂ ਬਾਅਦ ਡਾ: ਮਥਰਾ ਸਿੰਘ ਜੀ ਨੇ ਅਮਰੀਕਾ ਜਾਣ ਦਾ ਮਨ ਬਣਾ ਲਿਆ ਤਾਂ ਕਿ ਉਹ ਅੰਤਰ ਰਾਸ਼ਟਰੀ ਪੱਧਰ 'ਤੇ ਦਵਾਈਆਂ ਦੀ ਜਾਣਕਾਰੀ ਹਾਸਲ ਕਰ ਸਕਣ। ਦਵਾਈਆਂ ਦੇ ਖੇਤਰ ਵਿਚ ਹੋਰ ਜਾਣਕਾਰੀ ਹਾਸਲ ਕਰਨ ਲਈ ਉਹਨਾਂ ਨੇ ਦਵਾਈਆਂ ਸਬੰਧੀ, ਉਸ ਸਮੇਂ ਛਪਦੇ ਇਕ ਵਿਦੇਸ਼ੀ ਰਸਾਲੇ ਦਾ ਚੰਦਾ ਵੀ ਭਰ ਦਿੱਤਾ। ਉਨ੍ਹਾਂ ਨੇ ਦਵਾਈਆਂ ਦੀ ਫਰਮ 'ਚ ਆਪਣੀ ਹਿੱਸੇਦਾਰੀ ਆਪਣੇ ਸਾਥੀ ਭਾਈਵਾਲ ਨੂੰ ਵੇਚ ਦਿੱਤੀ ਤੇ ਆਪਣੇ ਛੋਟੇ ਭਰਾ ਲਾਭ ਸਿੰਘ ਜਿਹੜਾ ਕਿ ਅਜੇ ਪੜ੍ਹਦਾ ਹੀ ਸੀ, ਨੂੰ ਇਕ ਬੋਰਡਿੰਗ ਵਾਲੇ ਸਕੂਲ 'ਚ ਦਾਖਲ ਕਰਵਾ ਦਿੱਤਾ ਤੇ ਇਸ ਉਪਰੰਤ ਉਹ ਆਪਣੀ ਵਿਦੇਸ਼ ਯਾਤਰਾ ਲਈ ਚੱਲ ਪਏ ਤੇ ਸਭ ਤੋਂ ਪਹਿਲਾਂ ਉਹ ਸ਼ਿੰਘਾਈ ਪਹੁੰਚੇ। ਉਥੇ ਪਹੁੰਚ ਕੇ ਉਹਨਾਂ ਨੇ ਇਕ ਚੀਨੀ ਫਾਰਮੇਸੀ ਦੀ ਮਦਦ ਨਾਲ ਆਪਣੀ ਡਾਕਟਰੀ ਦੀ ਪ੍ਰੈਕਟਿਸ 'ਦੀ ਗਰੇਟ ਈਸਟਰਨ ਡਿਸਪੈਂਸਰੀ' ਨਾਮ ਦਾ ਬੋਰਡ ਲਗਾ ਕੇ ਸ਼ੁਰੂ ਕਰ ਦਿੱਤੀ। ਇੱਥੇ ਹੀ ਉਨ੍ਹਾਂ ਨੂੰ ਪ੍ਰੈਕਟਿਸ ਕਰਦਿਆਂ ਅਮਰੀਕਾ ਜਾਣ ਦਾ ਮੌਕਾ ਮਿਲਿਆ ਤੇ ਉਹ ਇੱਥੋਂ ਇਕ ਅਮਰੀਕਾ ਜਾਣ ਵਾਲੇ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਗਏ। ਇਸੇ ਜਹਾਜ਼ ਵਿਚ ਹੋਰ ਯਾਤਰੂਆਂ ਤੋਂ ਇਲਾਵਾ ਬਹੁਤ ਸਾਰੇ ਹੋਰ ਭਾਰਤੀ ਯਾਤਰੀ ਵੀ ਅਮਰੀਕਾ ਜਾਣ ਲਈ ਸਵਾਰ ਸਨ। ਜਦੋਂ ਜਹਾਜ਼ ਅਮਰੀਕਾ ਦੀ ਸਾਨਫਰਾਂਸਿਸਕੋ ਦੀ ਬੰਦਰਗਾਹ ਤੇ ਪਹੁੰਚਿਆ ਤਾਂ ਸਿਰਫ਼ ਦੋ ਆਦਮੀਆਂ ਨੂੰ ਹੀ ਅਮਰੀਕਾ ਵਿਚ ਦਾਖ਼ਲੇ ਦੀ ਆਗਿਆ ਮਿਲੀ ਤੇ ਬਾਕੀਆਂ ਨੂੰ ਮੈਡੀਕਲ ਗਰਾਊਂਡ ਤੇ ਦੋਸ਼ ਲਾ ਕੇ ਦਾਖ਼ਲੇ ਦੀ ਆਗਿਆ ਨਾ ਦਿੱਤੀ ਤੇ ਡੀਪੋਰਟ ਕਰ ਦਿੱਤਾ। ਦਰਅਸਲ ਇਹ ਸਾਰੇ ਲੋਕ ਅਨਪੜ੍ਹ ਤੇ ਮਾਇਕ ਤੌਰ 'ਤੇ ਇਤਨੇ ਤਕੜੇ ਨਹੀਂ ਸਨ। ਇਸ ਤਰ੍ਹਾਂ ਡਾ: ਮਥਰਾ ਸਿੰਘ ਤੇ ਇਕ ਹੋਰ ਆਦਮੀ ਹੀ ਅਮਰੀਕਾ 'ਚ ਦਾਖਲ ਇਸ ਆਧਾਰ 'ਤੇ ਹੋਏ ਕਿ ਉਹਨਾਂ ਨੇ ਅੱਗੇ ਪੜ੍ਹਾਈ ਕਰਨੀ ਸੀ।

ਡਾ: ਮਥਰਾ ਸਿੰਘ ਤੇ ਉਹਨਾਂ ਦੇ ਦੂਸਰੇ ਸਾਥੀ ਨੇ ਇੱਥੇ ਸਾਂਨਫਰਾਂਸਿਸਕੋ ਦੇ ਗੁਰਦੁਆਰੇ 'ਚ ਪਨਾਹ ਲਈ। ਇੱਥੇ ਪਹੁੰਚ ਕੇ ਡਾ: ਮਥਰਾ ਸਿੰਘ ਜੀ ਨੂੰ 'ਗਦਰ ਪਾਰਟੀ' ਦੀ ਜਾਣਕਾਰੀ ਮਿਲੀ। ਕਿਉਂਕਿ ਉਹਨਾਂ ਦਿਨਾਂ ਵਿਚ ਇਹ ਅਜੇ ਨਵੀਂ-ਨਵੀਂ ਭਾਰਤ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣ ਲਈ ਸਥਾਪਤ ਹੋਈ ਹੀ ਸੀ। ਡਾ: ਮਥਰਾ ਸਿੰਘ ਜੀ 'ਗਦਰ ਪਾਰਟੀ' ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਹਨਾਂ ਨੇ ਆਪਣੀ ਅਗਲੀ ਪੜ੍ਹਾਈ ਕਰਨ ਦਾ ਵਿਚਾਰ ਤਿਆਗ ਦਿੱਤਾ ਤੇ ਗਦਰ ਪਾਰਟੀ ਦੇ ਦਫ਼ਤਰ 'ਚ ਹੀ ਦਿਨ ਰਾਤ ਕੰਮ ਕਰਨ ਲੱਗ ਪਏ ਤਾਂ ਕਿ ਉਹ ਵੀ ਦੇਸ਼ ਦੀ ਆਜ਼ਾਦੀ ਦੇ ਸੰਗਰਾਮ 'ਚ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਦਿਨਾਂ 'ਚ ਗਦਰ ਪਾਰਟੀ ਦੀ 'ਗਦਰ ਦੀ ਗੂੰਜ' ਨਾਂ ਦੀ ਅਖ਼ਬਾਰ ਛਪਦੀ ਸੀ। ਗਦਰ ਪਾਰਟੀ ਨੇ ਇਹ ਫੈਸਲਾ ਲਿਆ ਕਿ ਡਾ: ਮਥਰਾ ਸਿੰਘ ਜੀ ਨੂੰ ਹਾਂਗਕਾਂਗ ਵਿਖੇ 'ਗਦਰ ਪਾਰਟੀ' ਦਾ ਦਫ਼ਤਰ ਖੋਲ੍ਹਣ ਲਈ ਭੇਜਿਆ ਜਾਵੇ ਕਿਉਂਕਿ ਹਾਂਗਕਾਂਗ 'ਗਦਰ ਪਾਰਟੀ' ਦੇ ਲੋਕਾਂ ਲਈ ਭਾਰਤ ਆਉਣ-ਜਾਣ ਦਾ ਮੁੱਖ ਕੇਂਦਰ ਹੋਵੇਗਾ। ਡਾ: ਮਥਰਾ ਸਿੰਘ ਜੀ ਹਾਂਗਕਾਂਗ 'ਚ ਕੁਝ ਹੀ ਦਿਨਾਂ 'ਚ ਪਹੁੰਚ ਗਏ ਤੇ ਉਥੇ ਉਹਨਾਂ ਨੇ ਗੁਰਦੁਆਰੇ 'ਚ 'ਗਦਰ ਪਾਰਟੀ' ਦੀ ਛਪਦੀ ਅਖ਼ਬਾਰ 'ਗਦਰ ਦੀ ਗੂੰਜ' ਦਾ ਦਫ਼ਤਰ ਖੋਲ੍ਹ ਦਿੱਤਾ।

ਡਾ: ਮਥਰਾ ਸਿੰਘ ਜੀ ਸ਼ੁਰੂ ਤੋਂ ਅਖੀਰ ਤੱਕ ਭਾਰਤ 'ਤੇ ਰਾਜ ਕਰ ਰਹੀ ਅੰਗਰੇਜ਼ ਸਰਕਾਰ ਦੇ ਬੜੇ ਸਖ਼ਤ ਆਲੋਚਕ ਰਹੇ। ਜਦੋਂ ਉਹਨਾਂ ਨੇ ਇਹ ਸੁਣਿਆ ਕਿ ਬਾਬਾ ਗੁਰਦਿੱਤ ਸਿੰਘ ਜੀ ਇਕ ਪ੍ਰਾਈਵੇਟ ਸਮੁੰਦਰੀ ਜਹਾਜ਼ ਜਿਸ ਦਾ ਨਾਂ ਸੀ 'ਕਾਮਾਗਾਟਾ ਮਾਰੂ' ਕਿਰਾਏ 'ਤੇ ਲੈ ਕੇ ਉਸ ਨੂੰ ਭਾਰਤੀ ਲੋਕਾਂ ਨਾਲ ਭਰ ਕੇ ਕੈਨੇਡਾ ਲਿਜਾਅ ਰਹੇ ਹਨ ਤਾਂ ਉਹਨਾਂ ਨੇ ਸੋਚਿਆ ਕਿ ਇਸ 'ਚ ਆਪਣੇ ਭਰਾ ਲਾਭ ਸਿੰਘ ਨੂੰ ਵੀ ਕੈਨੇਡਾ ਜਾਣ ਦਾ ਮੌਕਾ ਦਿੱਤਾ ਜਾਵੇ। ਪ੍ਰੰਤੂ ਜਦੋਂ ਇਹ ਆਪਣੇ ਭਰਾ ਨੂੰ ਬੰਦਰਗਾਹ ਤੇ ਲੈ ਕੇ ਗਏ ਤਾਂ ਇਹ 'ਕਾਮਾਗਾਟਾ ਮਾਰੂ' ਜਹਾਜ਼ ਕੈਨੇਡਾ ਲਈ ਰਵਾਨਾ ਹੋ ਚੁੱਕਾ ਸੀ। ਇਸ ਉਪਰੰਤ ਉਨ੍ਹਾਂ ਨੇ ਸੋਚਿਆ ਕਿ ਕਿਸੇ ਦੂਸਰੇ ਜਹਾਜ਼ 'ਚ ਸ਼ਿੰਘਾਈ ਤੱਕ ਸਵਾਰ ਹੋਇਆ ਜਾਵੇ। ਉਹਨਾਂ ਨੂੰ ਉਮੀਦ ਹੈ ਕਿ ਉਥੇ ਉਹਨਾਂ ਦਾ ਭਰਾ ਜ਼ਰੂਰ 'ਕਾਮਾਗਾਟਾ ਮਾਰੂ' ਜਹਾਜ਼ 'ਚ ਕੈਨੇਡਾ ਜਾਣ ਲਈ ਜ਼ਰੂਰ ਚੜ੍ਹ ਜਾਵੇਗਾ ਪਰ ਉਹ ਇਕ ਵਾਰ ਫਿਰ ਲੇਟ ਹੋ ਗਏ ਤੇ ਇਸ ਤਰ੍ਹਾਂ ਸੰਭਵ ਨਾ ਹੋ ਸਕਿਆ। ਫਿਰ ਡਾ: ਮਥਰਾ ਸਿੰਘ ਤੇ ਉਹਨਾਂ ਦੇ ਭਰਾ ਨੇ ਹਾਂਗਕਾਂਗ 'ਚ ਹੀ ਆਪਣੀ ਰਿਹਾਇਸ਼ ਬਣਾ ਲਈ। ਇੱਥੇ ਰਹਿ ਕੇ ਡਾ: ਮਥਰਾ ਸਿੰਘ ਜੀ 'ਗਦਰ ਪਾਰਟੀ' ਦੀ ਅਖ਼ਬਾਰ ਨੂੰ ਭਾਰਤੀ ਲੋਕਾਂ 'ਚ ਤਕਸੀਮ ਕਰ ਰਹੇ ਤੇ ਨਾਲ ਦੀ ਨਾਲ ਭਾਰਤੀ ਲੋਕਾਂ ਨੂੰ ਭਾਰਤ 'ਤੇ ਰਾਜ ਕਰ ਰਹੀ ਅੰਗਰੇਜ਼ ਸਾਮਰਾਜਵਾਦੀ ਸਰਕਾਰ ਦੇ ਖ਼ਿਲਾਫ਼ ਵਿਦਰੋਹ ਕਰਕੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਤਿਆਰ ਵੀ ਕਰਦੇ ਰਹੇ।

ਜਦੋਂ ਡਾਕਟਰ ਮਥਰਾ ਸਿੰਘ ਜੀ ਨੂੰ ਪਤਾ ਲੱਗਾ ਕਿ 'ਕਾਮਾਗਾਟਾ ਮਾਰੂ' ਜਹਾਜ਼ ਦੇ ਬਦਕਿਸਮਤ ਮੁਸਾਫਰਾਂ ਨੂੰ ਕੈਨੇਡਾ 'ਚ ਦਾਖਲ ਨਹੀਂ ਹੋਣ ਦਿੱਤਾ ਗਿਆ ਹੈ ਤੇ ਉਹ ਬਹੁਤ ਮੁਸ਼ਕਿਲ ਭਰੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ ਤਾਂ ਡਾ. ਮਥੁਰਾ ਸਿੰਘ ਜੀ ਬਹੁਤ ਗੁੱਸੇ 'ਚ ਆ ਗਏ ਤੇ ਉਹਨਾਂ ਨੇ ਫੈਸਲਾ ਕੀਤਾ ਕਿ ਕੈਨੇਡਾ ਸਰਕਾਰ ਦੇ ਖ਼ਿਲਾਫ਼ ਮੁਜ਼ਾਹਰਾ ਕੀਤਾ ਜਾਵੇ। ਉਹਨਾਂ ਨੇ ਮੁਜ਼ਾਹਰਾ ਕਰਨ ਲਈ ਸਿੰਗਾਪੁਰ, ਪੀਨਾਂਗ, ਸ਼ਿੰਘਾਈ ਤੇ ਹੋਰ ਕਈ ਥਾਂਵਾਂ 'ਤੇ ਸੁਨੇਹੇ ਭੇਜ ਦਿੱਤੇ। ਇਸ ਕਾਰਵਾਈ 'ਤੇ ਅੰਗਰੇਜ਼ ਬਹੁਤ ਭੈਅ-ਭੀਤ ਹੋ ਗਏ ਤੇ ਸਰਕਾਰ ਨੇ ਡਾ: ਮਥੁਰਾ ਸਿੰਘ ਤੇ ਕੁਝ ਉਹਨਾਂ ਦੇ ਦੂਸਰੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਬਾਅਦ 'ਚ ਡਾ: ਮਥਰਾ ਸਿੰਘ ਜੀ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਬੜਾ ਜ਼ਬਰਦਸਤ ਮੁਜ਼ਾਹਰਾ ਕੀਤਾ। ਇਸ ਜਲਸੇ 'ਚ ਇਕੱਤਰ ਹੋਏ ਲੋਕਾਂ ਨੂੰ ਡਾ: ਮਥਰਾ ਸਿੰਘ ਨੇ ਬੜਾ ਜੋਸ਼ੀਲਾ ਤੇ ਲੋਕਾਂ ਨੂੰ ਉਤੇਜਿਤ ਕਰਨ ਵਾਲਾ ਭਾਸ਼ਣ ਦਿੱਤਾ ਕਿ ਜਦੋਂ 'ਕਾਮਾਗਾਟਾ ਮਾਰੂ' ਜਹਾਜ਼ ਵਾਪਸ ਇੱਥੋਂ ਦੀ ਲੰਘੇ ਤਾਂ ਭਾਰਤੀ ਲੋਕ ਇੱਥੋਂ ਇਸ 'ਚ ਸਵਾਰ ਹੋ ਕੇ ਭਾਰਤ ਪਹੁੰਚਣਗੇ ਤੇ ਉਸ ਜਹਾਜ਼ ਤੇ ਸਵਾਰ ਹੋਏ ਮੁਸਾਫਰਾਂ 'ਤੇ ਕੀਤੇ ਗਏ ਜ਼ੁਲਮਾਂ ਬਾਰੇ ਲੋਕਾਂ ਤੇ ਭਾਰਤ 'ਚ ਬਣੀ ਹੋਈ ਇਸ ਸਬੰਧੀ ਕਮੇਟੀ ਨੂੰ ਦੱਸਣਗੇ। ਹਾਂਗਕਾਂਗ ਸਰਕਾਰ ਨੂੰ ਡਾ. ਮਥੁਰਾ ਸਿੰਘ ਜੀ ਦੀ ਇਸ ਸਾਰੀ ਯੋਜਨਾ ਦੀ ਸੂਹ ਮਿਲ ਗਈ ਤੇ ਵਾਪਸ ਹਾਂਗਕਾਂਗ ਪਹੁੰਚ ਰਹੇ ਇਸ 'ਕਾਮਾਗਾਟਾ ਮਾਰੂ' ਜਹਾਜ਼ ਨੂੰ ਬੰਦਰਗਾਹ 'ਤੇ ਰੁਕਣ ਦੀ ਇਜਾਜ਼ਤ ਨਾ ਦਿੱਤੀ। ਡਾ: ਮਥਰਾ ਸਿੰਘ ਜੀ ਨੇ 50 ਆਦਮੀਆਂ ਦੀ ਸੂਚੀ ਤਿਆਰ ਕੀਤੀ ਹੋਈ ਸੀ। ਜਿਹਨਾਂ ਨੇ ਇਸ ਜਹਾਜ਼ 'ਤੇ ਸਵਾਰ ਹੋ ਕੇ ਪੰਜਾਬ ਵਾਪਸ ਜਾਣਾ ਸੀ ਤੇ ਉਹਨਾਂ ਲੋਕਾਂ ਨੇ ਦੇਸ਼ 'ਚ ਰਾਜਨੀਤਿਕ ਕ੍ਰਾਂਤੀ ਲਿਆਉਣ ਲਈ ਉਥੋਂ ਦੇ ਲੋਕਾਂ ਨਾਲ ਮਿਲ ਕੇ ਕੰਮ ਕਰਨਾ ਸੀ। 'ਕਾਮਾਗਾਟਾ ਮਾਰੂ' ਜਹਾਜ਼ ਦੇ ਇੱਥੇ ਹਾਂਗਕਾਂਗ ਨਾ ਰੁਕਣ ਕਾਰਨ ਲੋਕ ਨਿਰਾਸ਼ ਨਹੀਂ ਹੋਏ ਸਗੋਂ ਉਹਨਾਂ ਨੇ ਹੋਰ ਜਹਾਜ਼ ਦਾ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਪ੍ਰਬੰਧ ਕਰ ਲਿਆ।



ਮਈ, 1914 'ਚ ਵਾਪਸ ਪੰਜਾਬ ਪਹੁੰਚ ਕੇ ਡਾ: ਮਥਰਾ ਸਿੰਘ ਜੀ ਨੇ ਬਿਨਾਂ ਕੋਈ ਦੇਰੀ ਕੀਤਿਆਂ ਕ੍ਰਾਂਤੀਕਾਰੀ ਸਰਗਰਮੀਆਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਸਭ ਲੀਡਰਾਂ ਨੇ ਮਿਲ ਕੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਸਾਜ਼ਿਸ਼ ਨੂੰ ਅਮਲੀ ਰੂਪ ਦੇਣ ਲਈ ਕੰਮ ਕਰਨਾ ਆਰੰਭ ਕਰ ਦਿੱਤਾ। ਸਾਜ਼ਿਸ਼ ਦੀ ਯੋਜਨਾ ਬਣਾਉਂਦੇ ਸਮੇਂ ਉਹਨਾਂ ਨੇ ਇਕ ਗੱਲ ਦਾ ਧਿਆਨ ਰੱਖਿਆ ਕਿ 1857 ਦੇ ਗਦਰ ਵਾਲੀਆਂ ਗਲਤੀਆਂ ਇਸ ਸਾਜ਼ਿਸ਼ ਵਿਚ ਨਾ ਹੋਣ ਦਿੱਤੀਆਂ ਜਾਣ। ਸ ਭ ਤੋਂ ਪਹਿਲਾਂ ਉਨ੍ਹਾਂ ਨੇ ਇਕ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਹਨਾਂ ਵਿਚ ਡਾ: ਮਥਰਾ ਸਿੰਘ, ਸਰਦਾਰ ਅਮਰ ਸਿੰਘ, ਭਾਈ ਪਰਮਾਨੰਦ ਤੇ ਰਾਸ ਬਿਹਾਰੀ ਬੋਸ ਸ਼ਾਮਲ ਸਨ। ਇਸ ਕਮੇਟੀ ਨੇ ਸਭ ਤੋਂ ਪਹਿਲਾਂ ਇਹ ਫੈਸਲਾ ਕੀਤਾ ਕਿ ਸਭ ਮੈਂਬਰਾਂ ਨੂੰ ਇਕ ਰਜਿਸਟਰਡ ਨੰਬਰ ਦਿੱਤਾ ਜਾਵੇਗਾ, ਜਿਸ 'ਤੇ ਉਸ ਦਾ ਨਾਮ ਤੇ ਘਰ ਦਾ ਪਤਾ ਹੋਵੇਗਾ ਜਿਸ ਦੀ ਜਾਣਕਾਰੀ ਕੇਵਲ ਦਫ਼ਤਰ ਤੋਂ ਹੀ ਕੀਤੀ ਜਾ ਸਕਦੀ ਹੈ। ਕੋਈ ਵੀ ਪਾਰਟੀ ਦਾ ਮੈਂਬਰ ਕਿਸੇ ਨੂੰ ਵੀ ਆਪਣਾ ਨਾਮ ਨਹੀਂ ਦੱਸੇਗਾ ਤੇ ਇਸ ਨੂੰ ਗੁਪਤ ਰੱਖਿਆ ਜਾਵੇਗਾ। ਡਾ: ਮਥਰਾ ਸਿੰਘ ਜੀ ਨੇ ਬੰਬ ਬਣਾਉਣ ਦੀ ਜ਼ਿੰਮੇਵਾਰੀ 'ਤੇ ਆਪਣੇ ਹਸਤਾਖਰ ਕਰ ਦਿੱਤੇ। ਭਾਈ ਪਰਮਾਨੰਦ ਤੇ ਦੂਸਰੇ ਆਦਮੀ ਬੰਬ ਬਣਾਉਣ ਲਈ ਕੱਚਾ ਮਾਲ ਮੁਹੱਈਆ ਕਰਵਾਉਣਗੇ ਤੇ ਇਸ ਕੰਮ 'ਚ ਪੂਰੀ ਸਹਾਇਤਾ ਕਰਨਗੇ।

'ਗਦਰ ਪਾਰਟੀ' ਦੇ ਸਾਰੇ ਮੈਂਬਰਾਂ ਨੂੰ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਨੂੰ ਰਵਾਨਾ ਕਰ ਦਿੱਤਾ ਗਿਆ ਤਾਂ ਕਿ ਉਹ ਉਥੇ ਵੱਖ-ਵੱਖ ਬਟਾਲੀਅਨਾਂ 'ਚ ਪਹੁੰਚ ਕੇ ਫੌਜੀਆਂ ਨੂੰ ਗਦਰ ਲਈ ਉਕਸਾਉਣ ਦਾ ਕੰਮ ਕਰ ਸਕਣ। ਇਹ ਸਭ ਕੁਝ ਮਿੱਥੇ ਗਏ ਪ੍ਰੋਗਰਾਮ ਦੇ ਅਨੁਸਾਰ ਹੀ ਸੀ। ਗਦਰ ਦੀ ਯੋਜਨਾ, ਇਕ ਬਹੁਤ ਹੀ ਸਾਵਧਾਨੀ ਨਾਲ ਕਰਨ ਵਾਲਾ ਕੰਮ ਸੀ। ਇਸ ਦਾ ਸਾਰਾ ਵੇਰਵਾ ਵੀ ਬੜੀ ਸਾਵਧਾਨੀ ਨਾਲ ਗੁਪਤ ਰੱਖਿਆ ਗਿਆ ਸੀ ਪਰ ਇਹ ਐਨ ਮੌਕੇ ਸਿਰ ਨੇਪਰੇ ਨਾ ਚੜ੍ਹ ਸਕਿਆ ਕਿਉਂਕਿ ਕਿਰਪਾਲ ਸਿੰਘ ਨਾਂ ਦੇ ਇਕ ਗੱਦਾਰ ਨੇ ਗਦਰ ਦੀ ਸਾਰੀ ਸਾਜ਼ਿਸ਼ ਦਾ ਭੇਦ ਅੰਗਰੇਜ਼ ਸਰਕਾਰ ਦੀ ਪੁਲਿਸ ਨੂੰ ਦੇ ਦਿੱਤਾ। ਇਹ ਗੱਦਾਰ, ਗਦਰ ਪਾਰਟੀ ਦੀ ਕਮੇਟੀ ਦੇ ਇਕ ਖਾਸ ਮੈਂਬਰ ਸਰਦਾਰ ਅਮਰ ਸਿੰਘ ਦਾ ਸਕਾ ਭਰਾ ਸੀ। ਇਸ ਗੱਦਾਰ ਨੂੰ ਵੀ 'ਗਦਰ ਪਾਰਟੀ' ਦਾ ਮੈਂਬਰ ਉਸ ਦੇ ਭਰਾ ਦੀ ਸਿਫਾਰਸ਼ ਕਰਨ 'ਤੇ ਹੀ ਬਣਾਇਆ ਗਿਆ ਸੀ। ਇਸ ਗੱਦਾਰ ਦੀ ਪੁਲਿਸ ਨੂੰ ਸੂਚਨਾ ਦੇਣ ਨਾਲ ਪਾਰਟੀ ਦੇ ਕਾਫੀ ਗਿਣਤੀ 'ਚ ਨੇਤਾ ਗ੍ਰਿਫ਼ਤਾਰ ਹੋ ਗਏ ਤੇ ਗ੍ਰਿਫ਼ਤਾਰੀ ਤੋਂ ਸਿਰਫ਼ ਉਹੀ ਬਚ ਸਕੇ, ਜਿਹੜੇ ਨੇਤਾ ਕਿਤੇ ਬਾਹਰ ਡਿਊਟੀ 'ਤੇ ਸਨ। ਡਾ: ਮਥਰਾ ਸਿੰਘ ਜੀ ਉਸ ਸਮੇਂ ਰਾਵਲਪਿੰਡੀ 'ਚ ਹੋਣ ਕਰਕੇ ਗ੍ਰਿਫ਼ਤਾਰੀ ਤੋਂ ਬਚ ਗਏ ਤੇ ਉਹ ਕੋਹਟ ਪਹੁੰਚ ਗਏ। ਉਹ ਉਥੇ ਆਪਣੇ ਪਾਰਟੀ ਨੇਤਾ ਸਰਦਾਰ ਹਰਨਾਮ ਸਿੰਘ ਨੂੰ ਮਿਲੇ ਤੇ ਇਹ ਦੋਵੇਂ ਨੇਤਾ ਕਿਸੇ ਤਰ੍ਹਾਂ ਬਚ ਕੇ ਕਾਬਲ (ਅਫ਼ਗਾਨਿਸਤਾਨ) ਪਹੁੰਚ ਗਏ। ਭਾਵੇਂ ਉਹਨਾਂ ਨੂੰ ਉਥੇ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਜਲਦੀ ਹੀ ਉਥੇ ਤੁਰਕੀ-ਜਰਮਨ ਮਿਸ਼ਨ ਦੇ ਪਹੁੰਚਣ 'ਤੇ, ਤੇ ਇਸ ਮਿਸ਼ਨ ਦੀ ਦਖ਼ਲ-ਅੰਦਾਜ਼ੀ ਨਾਲ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਹ ਮਿਸ਼ਨ ਪਹਿਲੇ ਸੰਸਾਰ ਯੁੱਧ 'ਚ ਅਫ਼ਗਾਨਿਸਤਾਨ ਦੀ ਮਦਦ ਲੈਣ ਲਈ ਆਇਆ ਸੀ ਕਿਉਂਕਿ ਇਹ ਦੇਸ਼ ਬਰਤਾਨੀਆ ਦੇ ਇਸ ਪਹਿਲੇ ਸੰਸਾਰ ਯੁੱਧ 'ਚ ਇਕ ਵਿਰੋਧੀ ਦੇਸ਼ਾਂ ਵਜੋਂ ਲੜ ਰਹੇ ਸਨ। ਇਸ ਮਿਸ਼ਨ ਦੀ ਅਗਵਾਈ ਮੌਲਵੀ ਬਰਕਤਉੱਲਾ ਕਰ ਰਹੇ ਸਨ, ਜਿਹੜੇ ਕਿ ਡਾ: ਮਥਰਾ ਸਿੰਘ ਦੇ ਅਮਰੀਕਾ 'ਚ ਹੁੰਦਿਆਂ, ਦੇ ਸਮੇਂ ਤੋਂ ਹੀ ਸੰਪਰਕ ਵਿਚ ਸਨ। ਮੌਲਵੀ ਬਰਕਤਉੱਲਾ ਦੇ ਇਕੱਲੇ ਯਤਨਾਂ ਨਾਲ ਦੋਵਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਪਿੱਛੋਂ ਡਾ: ਮਥੁਰਾ ਸਿੰਘ ਜੀ ਨੂੰ ਭਾਰਤ ਦੀ 'ਜਲਾਵਤਨੀ ਸਰਕਾਰ' ਦਾ ਕਾਬਲ (ਅਫ਼ਗਾਨਿਸਤਾਨ) ਵਿਖੇ ਸਰਵ-ਅਧਿਕਾਰਾਂ ਵਾਲਾ ਮੰਤਰੀ ਨਿਯੁਕਤ ਕਰ ਦਿੱਤਾ ਗਿਆ। ਇਸ ਸਰਵ-ਅਧਿਕਾਰਾਂ ਵਾਲਾ ਮੰਤਰੀ ਹੋਣ ਦੀ ਅਹਿਮੀਅਤ 'ਚ ਮਥੁਰਾ ਸਿੰਘ ਜੀ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਮਦਦ ਲੈਣ ਵਾਸਤੇ ਇਰਾਨ, ਰੂਸ ਤੇ ਜਰਮਨੀ ਆਦਿ ਦੇਸ਼ਾਂ ਦੀ ਕਈ ਵਾਰ ਯਾਤਰਾ ਕੀਤੀ। ਡਾ: ਮਥੁਰਾ ਸਿੰਘ ਜੀ ਦੀ ਇਕ ਯਾਤਰਾ ਤਾਸ਼ਕੰਦ (ਰੂਸ) ਦੀ ਇਸ ਕਰਕੇ ਸੀ ਕਿ ਉਹ ਰੂਸ ਦੇ ਟੀਸਰ ਨਿਕੋਲਸ ਦੂਜਾ ਨੂੰ ਭਾਰਤ ਦੀ ਆਜ਼ਾਦੀ ਲਈ 'ਗਦਰ ਪਾਰਟੀ' ਦੀ ਮਦਦ ਕਰਨ ਦਾ ਕਹਿਣ ਗਏ ਸਨ, ਕਿਉਂਕਿ ਉਹਨਾਂ ਨੇ ਇਕ ਸੁਨਹਿਰੀ ਤਖ਼ਤੀ (ਪਲੇਟ) 'ਤੇ ਆਪਣੇ ਦਫ਼ਤਰ ਦੇ ਮੋਹਰੇ, ਭਾਰਤੀ ਸੁਤੰਤਰਤਾ ਘੁਲਾਟੀਆਂ ਦੀ ਮਦਦ ਕਰਨ ਦਾ, ਲਿਖ ਕੇ ਲਾਇਆ ਹੋਇਆ ਸੀ। ਡਾ: ਮਥਰਾ ਸਿੰਘ ਜੀ ਨੂੰ ਤੁਰਕੀ ਦੇ ਤਰਮੇਜ਼ ਸ਼ਹਿਰ 'ਚ ਇਸ ਲਈ ਗ੍ਰਿਫ਼ਤਾਰ ਕਰ ਲਿਆ ਗਿਆ ਕਿਉਂਕਿ ਉਥੇ ਉਹਨਾਂ ਦੇ ਕਿਸੇ ਵਾਕਫ਼ਕਾਰ ਨੇ ਜਿਹੜਾ ਕਿ ਤਾਸ਼ਕੰਦ 'ਚ ਸੀ, ਨੇ ਸ਼ਿਕਾਇਤ ਕੀਤੀ ਕਿ ਇਹ ਭਾਰਤ 'ਚ ਬਰਤਾਨਵੀ ਸਰਕਾਰ ਦਾ ਇਕ ਗੱਦਾਰ ਹੈ। ਡਾ: ਮਥਰਾ ਸਿੰਘ ਜੀ ਨੂੰ ਉਥੋਂ ਉਹਨਾਂ ਨੂੰ ਲਾਹੌਰ (ਉਦੋਂ ਭਾਰਤ) ਦੇ ਸ਼ਹਿਰ ਲਿਆਂਦਾ ਗਿਆ।

ਲਾਹੌਰ ਵਿਖੇ ਡਾ: ਮਥਰਾ ਸਿੰਘ ਜੀ 'ਤੇ ਤੀਸਰਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ, ਜਿਸ ਦਾ ਨੰਬਰ 3470 ਮਿਤੀ 19 ਫਰਵਰੀ, 1917 ਸੀ, ਕਰਾਊਨ ਵਰਸਿਸ ਡਾ: ਮਥਰਾ ਸਿੰਘ ਉਰਫ ਸ਼ਮਸ਼ੇਰ ਸਿੰਘ ਸਪੁੱਤਰ ਸਰਦਾਰ ਹਰੀ ਸਿੰਘ, ਪਿੰਡ ਢੁੱਡਿਆਲ, ਪੁਲਿਸ ਸਟੇਸ਼ਨ ਚੱਕਵਾਲ, ਜ਼ਿਲ੍ਹਾ ਜਿਹਲਮ ਤੇ ਸੈਕਸ਼ਨ 4 (1) ਡੀਫੈਂਸ ਆਫ਼ ਇੰਡੀਆ ਐਕਟ 1915 ਦੇ ਤਹਿਤ ਜ਼ਿਲ੍ਹਾ ਸੈਸ਼ਨ ਜੱਜ ਮਿਸਟਰ ਸੀ. ਏ. ਬੈਰਨ, ਜ਼ਿਲ੍ਹਾ ਸੈਸ਼ਨ ਜੱਜ ਮੇਜਰ ਜੇ. ਫਰਿਨਜਾਈਲੀ ਤੇ ਰਾਏ ਬਹਾਦਰ ਲਾਲਾ ਗੋਪਾਲ ਦਾਸ ਭੰਡਾਰੀ, ਤਿੰਨਾਂ ਜੱਜਾਂ ਦਾ ਇਕ ਟ੍ਰਿਬਿਊਨਲ ਬਣਾ ਕੇ ਕੇਸ ਚਲਾਇਆ ਗਿਆ।

ਇਸ ਉਕਤ ਟ੍ਰਿਬਿਊਨਲ ਨੇ ਡਾ: ਮਥਰਾ ਸਿੰਘ 'ਤੇ ਭਾਰਤੀ ਦੰਡਾਵਲੀ ਦੇ ਸੈਕਸ਼ਨ ਅਧੀਨ 121, 121-ਏ, 122, 122/109, 124-ਏ/109, 131, 132, 302/109, 111, 395, 109, 396 ਇੰਡੀਅਨ ਪੈਨਲ ਕੋਡ ਦੀ ਧਾਰਾ ਅਨੁਸਾਰ ਇਹ ਦੋਸ਼ ਲਾਏ ਕਿ ਇਸ ਨੇ ਲੋਕਾਂ ਨੂੰ ਇਕੱਠੇ ਕਰਕੇ, ਹਥਿਆਰਾਂ ਨਾਲ ਲੈਸ ਹੋ ਕੇ ਭਾਰਤ ਅੰਦਰ ਅੰਗਰੇਜ਼ ਸਰਕਾਰ ਦਾ ਤਖ਼ਤਾ ਪਲਟਣ ਲਈ ਸਾਜ਼ਿਸ਼ ਰਚੀ ਹੈ। ਇਸ ਲਈ ਉਕਤ ਕਾਨੂੰਨਾਂ ਦੀਆਂ ਧਾਰਾਵਾਂ ਅਨੁਸਾਰ ਇਹ ਦੋਸ਼ੀ ਹੋਣ ਕਰਕੇ ਇਸ ਨੂੰ ਮਾਣਯੋਗ ਲੈਫਟੀਨੈਂਟ ਗਵਰਨਰ ਪੰਜਾਬ ਵੱਲੋਂ ਨਿਯੁਕਤ ਕੀਤਾ ਗਿਆ ਟ੍ਰਿਬਿਊਨਲ ਫਾਂਸੀ ਦੀ ਸਜ਼ਾ ਦਾ ਹੁਕਮ ਦਿੰਦਾ ਹੈ।

ਇਸ ਤਰ੍ਹਾਂ ਉਕਤ ਕਾਨੂੰਨਾਂ ਦੀਆਂ ਧਾਰਾਵਾਂ ਅਨੁਸਾਰ ਡਾ: ਮਥਰਾ ਸਿੰਘ ਜੀ ਨੂੰ ਮਿਤੀ 27 ਮਾਰਚ, 1917 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਅੰਦਰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਉਹਨਾਂ ਦਾ ਮ੍ਰਿਤਕ ਸਰੀਰ ਵੀ ਉਹਨਾਂ ਦੇ ਪਰਿਵਾਰਕ ਵਾਰਸਾਂ ਨੂੰ ਨਹੀਂ ਦਿੱਤਾ ਗਿਆ ਤੇ ਇਸ ਤਰ੍ਹਾਂ ਭਾਰਤ ਦੇ ਮਹਾਨ ਸ਼ਹੀਦ ਤੇ ਆਜ਼ਾਦੀ ਘੁਲਾਟੀਏ ਦਾ ਸੰਸਕਾਰ ਵੀ ਜੇਲ੍ਹ ਦੇ ਅੰਦਰ ਹੀ ਕਰ ਦਿੱਤਾ ਗਿਆ।

ਠੀਕ ਇਸੇ ਉਕਤ ਭਾਰਤ ਦੇ ਮਹਾਨ ਸ਼ਹੀਦ ਡਾ: ਮਥਰਾ ਸਿੰਘ ਜੀ ਦੇ ਤੀਸਰੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੀ ਤਰ੍ਹਾਂ ਹੀ ਪਹਿਲੇ 1915-16 ਦੇ ਲਾਹੌਰ ਸਾਜ਼ਿਸ਼ ਕੇਸ, ਦੂਸਰੇ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ ਤੇ ਚੌਥੇ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ 'ਚ ਸਰਕਾਰ ਨੇ ਲੋਕਾਂ ਦੇ ਅੱਥਰੂ ਪੂੰਝਣ ਲਈ ਟ੍ਰਿਬਿਊਨਲ ਨਿਯੁਕਤ ਕਰਕੇ ਭਾਰਤ ਦੇ ਮਹਾਨ ਕ੍ਰਾਂਤੀਕਾਰੀਆਂ 'ਤੇ ਪਹਿਲਾਂ ਰੱਜ ਕੇ ਜ਼ੁਲਮ ਕੀਤੇ ਤੇ ਮਗਰੋਂ ਉਹਨਾਂ ਨੂੰ ਉਕਤ ਦੱਸੀਆਂ ਗਈਆਂ ਕਾਨੂੰਨੀ ਧਾਰਾਵਾਂ ਲਾ ਕੇ, ਦੋਸ਼ੀ ਠਹਿਰਾ ਕੇ ਫਾਂਸੀ ਲਾ ਦਿੱਤਾ ਗਿਆ ਤਾਂ ਕਿ ਭਾਰਤੀ ਲੋਕ ਡਰ ਜਾਣ ਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਮੰਗ ਨਾ ਕਰਨ। ਮੈਂ ਉਕਤ ਵਰਣਨ ਕੀਤੇ ਗਏ ਸਾਰੇ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸਾਂ ਦੇ ਮਹਾਨ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੀ ਸੂਚੀ ਅੰਕਿਤ ਕਰ ਰਿਹਾ ਹਾਂ, ਜਿਹਨਾਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ:-

1. ਪਹਿਲਾ ਲਾਹੌਰ ਸਾਜ਼ਿਸ਼ ਕੇਸ 1915-16- ਇਸ ਲਾਹੌਰ ਸਾਜ਼ਿਸ਼ ਕੇਸ 'ਚ ਨਿਮਨ-ਲਿਖ਼ਤ ਭਾਰਤ ਦੇ ਮਹਾਨ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਇਕੋ ਦਿਨ ਮਿਤੀ 18 ਜੂਨ, 1916 ਨੂੰ ਇਕੱਠਿਆਂ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

(1) ਸ਼ਹੀਦ ਭਾਈ ਵੀਰ ਸਿੰਘ ਸਪੁੱਤਰ ਸਰਦਾਰ ਬੂਟਾਂ ਸਿੰਘ, ਪਿੰਡ ਬਾਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ।
(2) ਸ਼ਹੀਦ ਭਾਈ ਈਸ਼ਰ ਸਿੰਘ ਸਪੁੱਤਰ ਸਰਦਾਰ ਸੱਜਣ ਸਿੰਘ, ਪਿੰਡ ਢੁੱਡੀਕੇ, ਜ਼ਿਲ੍ਹਾ ਫਿਰੋਜ਼ਪੁਰ।
(3) ਸ਼ਹੀਦ ਭਾਈ ਰੰਗਾ ਸਿੰਘ ਉਰਫ ਰੋਡਾ ਸਿੰਘ ਸਪੁੱਤਰ ਸਰਦਾਰ ਗੁਰਦਿੱਤ ਸਿੰਘ, ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ।
(4) ਸ਼ਹੀਦ ਭਾਈ ਰੂੜ ਸਿੰਘ ਸਪੁੱਤਰ ਸਰਦਾਰ ਸਮੁੰਦ ਸਿੰਘ, ਪਿੰਡ ਤਲਵੰਡੀ ਦੁਸਾਂਝ, ਜ਼ਿਲ੍ਹਾ ਅੰਮ੍ਰਿਤਸਰ।
(5) ਸ਼ਹੀਦ ਭਾਈ ਉਤਮ ਸਿੰਘ ਸਪੁੱਤਰ ਸਰਦਾਰ ਜੀਤਾ ਸਿੰਘ, ਪਿੰਡ ਹਾਂਸ, ਜ਼ਿਲ੍ਹਾ ਲੁਧਿਆਣਾ।

(2) ਦੂਸਰਾ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ:
ਇਸ ਸਾਜ਼ਿਸ਼ ਕੇਸ ਵਿਚ ਵੀ ਨਿਮਨ-ਲਿਖ਼ਤ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਇਕੱਠਿਆਂ ਮਿਤੀ 29 ਮਾਰਚ, 1917 ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

(1) ਸ਼ਹੀਦ ਭਾਈ ਨਾਮਾ ਰਾਮ ਸਪੁੱਤਰ ਸ੍ਰੀ ਗੁਪਾਲ, ਪਿੰਡ ਫਤਿਹਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ।
(2) ਸ਼ਹੀਦ ਭਾਈ ਬਾਬੂ ਰਾਮ ਸਪੁੱਤਰ ਸ੍ਰੀ ਗਾਂਧੀ, ਪਿੰਡ ਫਤਿਹਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ।
(3) ਸ਼ਹੀਦ ਭਾਈ ਹਾਫਿਜ਼ ਅਬਦੁਲਾ ਸਪੁੱਤਰ ਸ੍ਰੀ ਨਿਜ਼ਾ-ਮੁਦੀਨ, ਪਿੰਡ ਜਗਰਾਉਂ, ਜ਼ਿਲ੍ਹਾ ਲੁਧਿਆਣਾ।
(4) ਸ਼ਹੀਦ ਭਾਈ ਬਲਵੰਤ ਸਿੰਘ ਸਪੁੱਤਰ ਸਰਦਾਰ ਬੁੱਧ ਸਿੰਘ, ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ।
(5) ਸ਼ਹੀਦ ਭਾਈ ਰੂੜ ਸਿੰਘ ਸਪੁੱਤਰ ਸਰਦਾਰ ਅਰਜਨ ਸਿੰਘ, ਪਿੰਡ ਸੰਘਵਾਲ, ਜ਼ਿਲ੍ਹਾ ਜਲੰਧਰ।

(3) ਤੀਸਰਾ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ:
ਇਸ ਸਾਜ਼ਿਸ਼ ਕੇਸ ਵਿਚ ਸਿਰਫ਼ ਇਕੱਲੇ ਸ਼ਹੀਦ ਭਾਈ ਡਾ: ਮਥਰਾ ਸਿੰਘ ਉਰਫ ਸ਼ਮਸ਼ੇਰ ਸਿੰਘ ਸਪੁੱਤਰ ਸਰਦਾਰ ਹੀਰਾ ਸਿੰਘ, ਪਿੰਡ ਢੁੱਡਿਆਲ, ਜ਼ਿਲ੍ਹਾ ਜਿਹਲਮ ਨੂੰ ਹੀ ਮਿਤੀ 27 ਮਾਰਚ, 1917 ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

(4) ਚੌਥਾ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ:
ਇਸ ਸਾਜ਼ਿਸ਼ ਕੇਸ 'ਚ ਮਿਤੀ 27 ਮਾਰਚ, 1915 ਨੂੰ ਭਾਰਤ ਦੇ ਛੇ ਮਹਾਨ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਇਕੱਠਿਆਂ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ, ਜਿਹਨਾਂ ਦੇ ਨਾਮ ਹਨ:

(1) ਸ਼ਹੀਦ ਭਾਈ ਜਵੰਦ ਸਿੰਘ ਸਪੁੱਤਰ ਸਰਦਾਰ ਨਰਾਇਣ ਸਿੰਘ, ਪਿੰਡ ਨੰਗਲ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ।
(2) ਸ਼ਹੀਦ ਭਾਈ ਕਾਲਾ ਸਿੰਘ ਸਪੁੱਤਰ (ਪਿਤਾ ਦਾ ਨਾਮ ਪਤਾ ਨਹੀਂ ਲੱਗ ਸਕਿਆ) ਪਿੰਡ ਜਗਤਪੁਰ, ਜ਼ਿਲ੍ਹਾ ਅੰਮ੍ਰਿਤਸਰ।
(3) ਸ਼ਹੀਦ ਭਾਈ ਹਰਨਾਮ ਸਿੰਘ ਸਪੁੱਤਰ ਸਰਦਾਰ ਸੰਤਾ ਸਿੰਘ, ਪਿੰਡ ਠੱਠੀ ਖਾਰਾ, ਜ਼ਿਲ੍ਹਾ ਅੰਮ੍ਰਿਤਸਰ।
(4) ਸ਼ਹੀਦ ਭਾਈ ਆਤਮਾ ਸਿੰਘ ਸਪੁੱਤਰ ਸਰਦਾਰ ਝੰਡਾ ਸਿੰਘ, ਪਿੰਡ ਠੱਠੀ ਖਾਰਾ, ਜ਼ਿਲ੍ਹਾ ਅੰਮ੍ਰਿਤਸਰ।
(5) ਸ਼ਹੀਦ ਭਾਈ ਬੰਤਾ ਸਿੰਘ ਸਪੁੱਤਰ ਸਰਦਾਰ ਬੂਟਾ ਸਿੰਘ, ਪਿੰਡ ਸੰਘਵਾਲ, ਜ਼ਿਲ੍ਹਾ ਜਲੰਧਰ।
(6) ਸ਼ਹੀਦ ਭਾਈ ਚੰਨਣ ਸਿੰਘ ਸਪੁੱਤਰ ਬੱਲ ਸਿੰਘ, ਪਿੰਡ ਬੂੜ ਚੰਦ, ਜ਼ਿਲ੍ਹਾ ਅੰਮ੍ਰਿਤਸਰ।

ਸਾਡੇ ਸਭ ਪ੍ਰਵਾਸੀ ਭਾਰਤੀਆਂ ਲਈ ਇਹ ਗੱਲ ਬੜੇ ਫਖਰ ਤੇ ਮਾਣ ਵਾਲੀ ਹੈ ਕਿ ਅਮਰੀਕਾ ਦੀ ਧਰਤੀ 'ਤੇ ਕੈਲੇਫੋਰਨੀਆ ਦੇ ਫਰਿਜ਼ਨੋ ਸ਼ਹਿਰ ਵਿਖੇ, ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ 16ਵਾਂ 'ਗਦਰੀ ਬਾਬਿਆਂ ਦਾ ਮੇਲਾ' ਮਿਤੀ 27 ਮਾਰਚ 2016 ਨੂੰ 'ਰੀਜੈਂਸੀ ਪੈਲੇਸ' ਵਿਖੇ ਇੰਡੋ ਅਮੇਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਬੜੀ ਸ਼ਰਧਾ ਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।

ਇਸ ਵਾਰ ਇਹ ਗਦਰੀ ਮੇਲਾ 'ਦੂਜੇ ਲਾਹੌਰ ਸਾਜ਼ਿਸ਼ ਕੇਸ' ਦੀ ਸ਼ਤਾਬਦੀ ਨੂੰ ਸਮਰਪਿਤ ਹੋਣ ਜਾ ਰਿਹਾ ਹੈ। ਇਸ ਵਿਚ ਉਕਤ ਦੱਸੇ ਗਏ ਸਾਰੇ ਲਾਹੌਰ ਸਾਜ਼ਿਸ਼ ਕੇਸਾਂ ਦੇ ਭਾਰਤ ਦੇ ਮਹਾਨ ਸ਼ਹੀਦਾਂ, ਦੇਸ਼ ਭਗਤਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਇਸ ਸ਼ਰਧਾਂਜਲੀ ਸਮਾਰੋਹ ਵਿਚ 'ਜਲੰਧਰ ਦੇਸ਼ ਭਗਤ ਯਾਦਗਾਰ ਹਾਲ' ਦੇ ਜਨਰਲ ਸਕੱਤਰ ਡਾਕਟਰ ਬੀਬੀ ਰਘਵੀਰ ਕੌਰ ਜੀ ਮੁੱਖ ਮਹਿਮਾਨ ਹੋਣਗੇ। ਇਸ ਵਿਚ ਉੱਚ ਕੋਟੀ ਦੇ ਬੁਲਾਰੇ ਆਪਣੇ ਵਿਚਾਰ ਰੱਖਣਗੇ ਤੇ ਇਸ ਤੋਂ ਉਪਰੰਤ ਮਨੋਰੰਜਨ ਭਰਪੂਰ ਪ੍ਰੋਗਰਾਮ ਵੀ ਹੋਣਗੇ। ਇਸ ਗਦਰੀ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਗਾਉਣ ਲਈ ਹੁੰਮ-ਹੁੰਮਾ ਕੇ ਉਕਤ ਦੱਸੀ ਗਈ ਜਗ੍ਹਾ ਤੇ ਪਹੁੰਚੋ। ਮੇਰੇ ਵੱਲੋਂ ਇਸ ਗਦਰੀ ਮੇਲੇ ਦੀ ਕਾਮਯਾਬੀ ਲਈ 'ਪ੍ਰਬੰਧਕ ਕਮੇਟੀ' ਨੂੰ ਸ਼ੁਭ-ਇੱਛਾਵਾਂ ਤੇ ਭਾਰਤ ਦੇ ਮਹਾਨ ਦੇਸ਼ ਭਗਤਾਂ, ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਦੀ ਕੁਰਬਾਨੀ ਨੂੰ ਸ਼ਰਧਾ-ਸੁੰਮਨ ਪੇਸ਼ ਕਰਦਾ ਹੋਇਆ, ਉਹਨਾਂ ਨੂੰ ਸਲਾਮ ਕਰਦਾ ਹਾਂ।

## ਸਾਂਡਰਸ ਕਤਲ ਤੇ ਅਸੈਂਬਲੀ 'ਚ ਬੰਬ ਸੁੱਟਣ ਵਾਲਾ ਦਾ ਮੁੱਖ ਸੰਚਾਲਕ

# ਮਹਾਨ ਕ੍ਰਾਂਤੀਕਾਰੀ ਸ਼ਹੀਦ 'ਸੁਖਦੇਵ ਥਾਪਰ'



ਪ੍ਰੋ: ਐਚ.ਐਲ.ਕਪੂਰ

ਸੁਖਦੇਵ ਥਾਪਰ ਦਾ ਜਨਮ ਲੁਧਿਆਣਾ 'ਚ ਪੰਜਾਬ ਵਿਖੇ ਹੋਇਆ। ਉਹ ਭਾਰਤ ਦੇਸ਼ ਦਾ ਇਕ ਮਹਾਨ ਕ੍ਰਾਂਤੀਕਾਰੀ, ਆਜ਼ਾਦੀ ਘੁਲਾਟੀਆ ਸੀ। ਉਸਦਾ ਜਨਮ 15 ਮਈ 1907 ਨੂੰ ਹੋਇਆ ਤੇ ਉਹਨਾਂ ਨੂੰ 23 ਮਾਰਚ 1931 ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਉਹ ਇਕ ਅੰਗਰੇਜ਼ ਪੁਲਿਸ ਅਫਸਰ ਜੇ. ਪੀ. ਸਾਂਡਰਸ ਨੂੰ ਮਾਰਨ ਸਮੇਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਮਹਾਨ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ ਦੇ ਨਾਲ ਸੀ। ਉਹਨਾਂ ਨੇ ਇਸ ਪੁਲਿਸ ਅਫਸਰ ਦੀ ਇਸ ਕਰਕੇ ਗੋਲੀਆਂ ਮਾਰ ਕੇ ਹੱਤਿਆ ਕੀਤੀ ਕਿਉਂਕਿ ਪੁਲਿਸ ਦੀਆਂ ਲਾਠੀਆਂ ਨਾਲ 1928 'ਚ ਬਹੁਤ ਜ਼ਿਆਦਾ ਜ਼ਖਮੀ ਹੋਣ ਉਪਰੰਤ, ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਸੀ ਤੇ ਇਨ੍ਹਾਂ ਤਿੰਨਾਂ ਨੌਜਵਾਨਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਵੱਲੋਂ ਉਸ ਅੰਗਰੇਜ਼ ਪੁਲਿਸ ਅਫਸਰ ਨੂੰ ਮਾਰ ਕੇ ਬਦਲਾ ਲੈਣ ਦੀ ਡਿਊਟੀ ਲਾਈ ਗਈ ਸੀ ਜਿਸ ਦੇ ਹੁਕਮਾਂ ਨਾਲ ਲਾਲਾ ਲਾਜਪਤ ਰਾਏ ਜੋ ਕਿ 'ਸਾਈਮਨ ਕਮਿਸ਼ਨ' ਦੇ ਖਿਲਾਫ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਸਨ 'ਤੇ ਲਾਠੀਚਾਰਜ ਕਰਨ ਦਾ ਹੁਕਮ ਦਿੱਤਾ ਸੀ।

ਇਨ੍ਹਾਂ ਉਕਤ ਭਾਰਤ ਦੇ ਮਹਾਨ ਤਿੰਨਾਂ ਕ੍ਰਾਂਤੀਕਾਰੀ ਘੁਲਾਟੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ 'ਚ ਮਿਤੀ 23 ਮਾਰਚ, 1931 ਨੂੰ ਸ਼ਾਮ ਦੇ 7.33 ਵਜੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ, ਤਾਂ ਕਿ ਉਹ ਜਲਦੀ ਜਲ਼ ਜਾਣ, ਬੋਰੀਆਂ 'ਚ ਪਾ ਕੇ ਜੇਲ੍ਹ ਦੇ ਪਿਛਵਾੜਿਉਂ ਲੋਕਾਂ ਤੋਂ ਚੋਰੀ ਕੱਢ ਕੇ, ਲਾਹੌਰ ਤੋਂ ਕੋਈ 50 ਮੀਲ ਦੂਰ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਲਿਜਾਅ ਕੇ, ਸਤਲੁਜ ਦਰਿਆ ਦੇ ਕਿਨਾਰੇ 'ਤੇ ਸਾੜ ਦਿੱਤਾ ਗਿਆ ਸੀ। ਜਦੋਂ ਲੋਕਾਂ ਨੇ ਰਾਤ ਨੂੰ ਦਰਿਆ ਦੇ ਕਿਨਾਰੇ 'ਤੇ ਅੱਗ ਬਲਦੀ ਦੇਖੀ ਤਾਂ ਉਹ ਇਕੱਠੇ ਹੋ ਗਏ ਤੇ ਪੁਲਿਸ ਅੱਧ ਜਲੇ ਲਾਸ਼ਾਂ ਦੇ ਟੁਕੜੇ ਦਰਿਆ 'ਚ ਸੁੱਟਣ ਦਾ ਯਤਨ ਕਰਨ ਲੱਗ ਪਈ ਤੇ ਇਕੱਤਰ ਹੋਈ ਭੀੜ ਨੂੰ ਦੇਖ ਕੇ ਪੁਲਿਸ ਮੌਕੇ ਤੋਂ ਦੌੜ ਗਈ ਤੇ ਲੋਕਾਂ ਨੇ ਲਾਸ਼ਾਂ ਦੇ ਅੱਧਜਲੇ ਟੁਕੜੇ ਇਕੱਤਰ ਕਰਕੇ ਸੁਖਦੇਵ ਥਾਪਰ, ਸ਼ਿਵਰਾਮ ਰਾਜਗੁਰੂ ਤੇ ਭਗਤ ਸਿੰਘ ਦਾ ਸੰਸਕਾਰ ਕਰ ਦਿੱਤਾ।

ਸੁਖਦੇਵ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦਾ ਬਹੁਤ ਹੀ ਸਰਗਰਮ ਮੈਂਬਰ ਸੀ ਤੇ ਉਹ ਆਪਣੀ ਪਾਰਟੀ ਦੇ ਬਹੁਤ ਸਾਰੇ ਨੇਤਾਵਾਂ ਨਾਲੋਂ ਸੀਨੀਅਰ ਸੀ। ਜਦੋਂ ਉਹ ਅਜੇ ਲਾਹੌਰ ਦੇ ਨੈਸ਼ਨਲ ਕਾਲਜ 'ਚ ਪੜ੍ਹਦਾ ਹੀ ਸੀ ਤਾਂ ਉਸ ਦੇ ਸਾਥੀਆਂ ਦੇ ਕਥਨ ਅਨੁਸਾਰ ਉਸ ਨੇ ਦੁਨੀਆਂ ਦੇ ਕਈ ਦੇਸ਼ਾਂ ਦਾ ਕ੍ਰਾਂਤੀਕਾਰੀ ਸਾਹਿਤ ਤੇ ਇਤਿਹਾਸ ਪੜ੍ਹ ਲਿਖਿਆ ਸੀ ਤੇ ਰੂਸ ਦੇ ਇਨਕਲਾਬ ਸਣੇ, ਇਸ ਸਾਰੇ ਕ੍ਰਾਂਤੀਕਾਰੀ ਸਾਹਿਤ ਤੇ ਇਤਿਹਾਸ ਦਾ ਆਲੋਚਨਾਤਮਕ ਅਧਿਐਨ ਬੜੀ ਡੂੰਘਾਈ ਨਾਲ ਕਰ ਲਿਆ ਸੀ ਤੇ ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਗਿਆ ਸੀ ਤੇ ਭਗਤ ਸਿੰਘ ਵੀ ਇਸੇ ਕਾਲਜ 'ਚ ਇਹਨਾਂ ਦੇ ਨਾਲ ਹੀ ਪੜ੍ਹਦਾ ਸੀ।


ਉਸ ਨੇ ਲਾਹੌਰ ਵਿਖੇ ਭਗਤ ਸਿੰਘ, ਕਾਮਰੇਡ ਰਾਮ ਚੰਦਰ ਤੇ ਭਗਵਤੀ ਚਰਨ ਵੋਹਰਾ ਦੇ ਸਹਿਯੋਗ ਨਾਲ 'ਨੌਜਵਾਨ ਭਾਰਤ ਸਭਾ' ਨਾਮ ਦੀ ਜਥੇਬੰਦੀ ਬਣਾ ਕੇ ਭਾਰਤ ਨੂੰ ਆਜ਼ਾਦ ਕਰਾਉਣ ਦੇ ਆਪਣੇ ਸੁਪਨੇ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਜਥੇਬੰਦੀ ਦਾ ਮੁੱਖ ਉਦੇਸ਼ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਸੀ ਤਾਂ ਕਿ ਉਹ ਇਸ 'ਚ ਸ਼ਾਮਲ ਹੋ ਕੇ ਆਪਣੀ ਆਜ਼ਾਦੀ ਲਈ ਵਿਚਾਰਧਾਰਾ ਨੂੰ ਵਿਗਿਆਨਕ ਤੇ ਤਰਕਸੰਗਤ ਬਣਾ ਸਕਣ ਤੇ ਫਿਰਕਾਪ੍ਰਸਤੀ ਤੇ ਛੂਤ-ਛਾਤ ਦੇ ਖਿਲਾਫ ਲੜ ਕੇ ਇਸ ਨੂੰ ਖਤਮ ਕਰ ਸਕਣ।

ਸੁਖਦੇਵ ਖਾਸ ਤੌਰ ਤੇ ਪੰਡਤ ਰਾਮ ਪ੍ਰਸਾਦ ਬਿਸਮਿਲ ਤੇ ਚੰਦਰ ਸ਼ੇਖਰ ਆਜ਼ਾਦ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ।

ਸੁਖਦੇਵ ਨੇ ਸੰਨ 1929 'ਚ ਜੇਲ੍ਹ 'ਚ ਰਾਜਨੀਤਿਕ ਕੈਦੀਆਂ ਦੀ ਹੋਈ ਭੁੱਖ ਹੜਤਾਲ 'ਚ ਵੱਧ ਚੜ੍ਹ ਕੇ ਹਿੱਸਾ ਲਿਆ ਕਿਉਂਕਿ ਜੇਲ੍ਹ 'ਚ ਕੈਦੀਆਂ ਨਾਲ ਅਣਮਨੁੱਖੀ ਵਤੀਰਾ ਕੀਤਾ ਜਾਂਦਾ ਸੀ।

ਸੁਖਦੇਵ ਨੇ ਫਾਂਸੀ ਲੱਗਣ ਤੋਂ ਥੋੜ੍ਹਾ ਸਮਾਂ ਪਹਿਲਾਂ ਮਾਰਚ 1931 'ਚ ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਮਹਾਤਮਾ ਗਾਂਧੀ ਜੀ ਨੂੰ ਇਕ ਖੁੱਲ੍ਹਾ ਪੱਤਰ ਅੰਗਰੇਜ਼ੀ ਵਿਚ ਲਿਖਿਆ ਸੀ ਤੇ ਉਸ ਵਿਚ ਲਿਖਿਆ ਕਿ, "ਸਾਡਾ ਦੇਸ਼ ਨੂੰ ਆਜ਼ਾਦ ਕਰਾਉਣ ਦਾ ਨਿਸ਼ਾਨਾ ਇਕ ਹੈ ਪਰ ਮੈਂ ਇਸ ਆਜ਼ਾਦੀ ਦੀ ਲੜਾਈ 'ਚ ਵਰਤੇ ਜਾਂਦੇ ਅਲੱਗ-ਅਲੱਗ ਦੋ ਵਿਚਾਰਧਾਰਕ ਤਰੀਕਿਆਂ ਨਾਲ ਸਹਿਮਤ ਨਹੀਂ ਹਾਂ। ਇਸ ਨਾਲ ਸਾਡੀ ਦੇਸ਼ 'ਚ ਕ੍ਰਾਂਤੀ ਲਿਆਉਣ ਦੀ ਲਹਿਰ 'ਚ ਅਸਮਾਨਤਾ ਆ ਗਈ ਹੈ। ਤੁਹਾਡੇ ਇਸ ਉਕਤ ਸਮਝੌਤੇ ਤੋਂ ਬਾਅਦ, ਤੁਸੀਂ ਆਪਣਾ ਅੰਦੋਲਨ ਬੰਦ ਕਰ ਦਿੱਤਾ ਹੈ ਤੇ ਇਸ ਨਾਲ ਤੁਹਾਡੇ ਸਾਰੇ ਕੈਦੀ ਜੇਲ੍ਹਾਂ 'ਚੋਂ ਬਾਹਰ ਆ ਗਏ ਹਨ, ਪਰ ਕ੍ਰਾਂਤੀਕਾਰੀ ਕੈਦੀਆਂ ਦਾ ਕੀ ਬਣੇਗਾ, ਉਹ ਅਜੇ ਸਾਰੇ ਜੇਲ੍ਹਾਂ 'ਚ ਹੀ ਹਨ? 1915 ਦੇ ਗਦਰ ਅੰਦੋਲਨ ਦੇ ਬਾਅਦ ਆਪਣੀ ਜੇਲ੍ਹ ਦੀ ਸਜ਼ਾ ਪੂਰੀ ਕਰ ਲੈਣ ਵਾਲੇ ਸੈਂਕੜੇ ਕੈਦੀ ਅੱਜ ਵੀ ਜੇਲ੍ਹਾਂ 'ਚ ਸੜ ਰਹੇ ਹਨ! ਮਾਰਸ਼ਲ ਲਾਅ ਦੇ ਅਨੇਕਾਂ ਕੈਦੀ, ਅੱਜ ਵੀ ਜ਼ਿੰਦਾ ਕਬਰਾਂ 'ਚ ਦਫਨਾਏ ਹੋਏ ਹਨ। ਇਹੋ ਹੀ ਹਾਲ ਬੱਬਰ ਅਕਾਲੀ ਕੈਦੀਆਂ ਦਾ ਹੈ। ਦੇਵਗੜ੍ਹ, ਕਾਕੋਰੀ, ਮਛੂਆ ਬਾਜ਼ਾਰ ਤੇ ਲਾਹੌਰ ਸਾਜ਼ਿਸ਼ ਕੇਸ ਦੇ ਕੈਦੀ, ਅਜੇ ਤੱਕ ਜੇਲ੍ਹ ਦੀ ਚਾਰ ਦੀਵਾਰੀ 'ਚ ਬੰਦ ਬਹੁਤ ਸਾਰੇ ਕੈਦੀ ਉਹਨਾਂ ਵਿਚ ਹਨ। ਇਸ ਤਰ੍ਹਾਂ ਦੇ ਹਾਲਾਤ 'ਚ ਤੁਹਾਡੀਆਂ ਪ੍ਰਾਰਥਨਾਵਾਂ ਦਾ ਇਹੀ ਮਤਲਬ ਨਿਕਲਦਾ ਹੈ ਕਿ ਤੁਸੀਂ ਸਾਡੇ ਇਸ ਕ੍ਰਾਂਤੀਕਾਰੀ ਅੰਦੋਲਨ ਨੂੰ, ਕੁਚਲ ਦੇਣ ਲਈ ਨੌਕਰਸ਼ਾਹੀ ਦੀ ਮਦਦ ਕਰ ਰਹੇ ਹੋ ਅਤੇ ਤੁਹਾਡੀ ਬੇਨਤੀ ਦਾ ਅਰਥ, ਉਹਨਾਂ ਦੇ ਦਲ ਨੂੰ ਧਰੋਹ-ਸਾਜ਼ਿਸ਼ ਦੀ ਯੋਜਨਾ ਕਹਿ ਕੇ ਉਨ੍ਹਾਂ ਨਾਲ ਵਿਸ਼ਵਾਸਘਾਤ ਕਰਨ ਦਾ ਉਪਦੇਸ਼ ਦੇਣਾ ਹੈ। ਮੇਰੀ ਆਪ ਜੀ ਨੂੰ ਪ੍ਰਾਰਥਨਾ ਹੈ ਕਿ ਤੁਸੀਂ ਮੇਰੀ ਇਸ ਬੇਨਤੀ 'ਤੇ ਜ਼ਰੂਰ ਵਿਚਾਰ ਕਰੋਗੇ ਤੇ ਇਸ ਸਬੰਧੀ ਆਪਣਾ ਸਪਸ਼ਟੀਕਰਨ ਲੋਕਾਂ ਸਾਹਮਣੇ ਰੱਖੋਗੇ।

ਸਮੇਂ ਦੇ ਨਾਲ-ਨਾਲ ਸੁਖਦੇਵ ਥਾਪਰ ਦਾ ਨਾਮ ਵੀ ਦੂਸਰੇ ਮਹਾਨ ਵੱਡੇ ਨੇਤਾਵਾਂ ਦੇ ਨਾਮ ਨਾਲ ਹੀ ਉਭਰਿਆ ਹੈ ਤੇ ਉਹਨਾਂ ਦੀ ਸੌ ਸਾਲਾ ਬਰਸੀ 15 ਮਈ, 2007 ਨੂੰ ਮਨਾਈ ਗਈ ਸੀ। ਉਹਨਾਂ ਦਾ ਜਨਮ ਉਹਨਾਂ ਦੀ ਮਾਤਾ ਸ੍ਰੀਮਤੀ ਰਲੀ ਦੇਵੀ ਦੀ ਕੁੱਖੋਂ ਤੇ ਪਿਤਾ ਸ੍ਰੀ ਰਾਮ ਲਾਲ ਥਾਪਰ ਦੇ ਘਰ ਮੁਹੱਲਾ ਆਰੀਆ ਸਮਾਜ, ਲਾਇਲਪੁਰ (ਹੁਣ ਪਾਕਿਸਤਾਨ 'ਚ) ਵਿਖੇ 1907 ਨੂੰ ਹੋਇਆ। ਸੁਖਦੇਵ ਥਾਪਰ ਤੇ ਉਹਨਾਂ ਦੇ ਦੋ ਸਾਥੀ ਸ: ਭਗਤ ਸਿੰਘ ਤੇ ਰਾਜਗੁਰੂ, ਤਿੰਨਾਂ ਦੀ ਤਿੱਕੜੀ ਵਜੋਂ ਅੰਗਰੇਜ਼ ਰਾਜ ਦੇ ਸਮੇਂ, ਮਾਨੋ ਢੋਲ ਤੇ ਮਾਰੇ ਡੱਗੇ ਦੀ ਆਵਾਜ਼ ਦੀ ਤਰ੍ਹਾਂ ਬੁਲੰਦ ਤੇ ਮਸ਼ਹੂਰ ਹੋਈ, ਜਿਹਨਾਂ ਨੇ ਅੰਗਰੇਜ਼ੀ ਰਾਜ ਦੀਆਂ ਨੀਹਾਂ ਹਿਲਾਅ ਕੇ ਰੱਖ ਦਿੱਤੀਆਂ।



ਇਤਿਹਾਸਕ ਅੰਕੜੇ ਦੱਸਦੇ ਹਨ ਕਿ ਸੁਖਦੇਵ ਥਾਪਰ ਖਾਸ ਤੌਰ 'ਤੇ ਆਪਣੀ ਫਾਂਸੀ ਤੋਂ ਪਹਿਲਾਂ, ਇਕੱਲਾ ਅਜਿਹਾ ਨੇਤਾ ਹੈ ਜਿਸ ਦੀ ਪ੍ਰਸ਼ੰਸਾ ਕਰਨਾ ਉਚਿਤ ਹੋਵੇਗਾ ਕਿ ਉਸ ਨੇ 23 ਮਾਰਚ 1931 ਨੂੰ ਆਪਣੀ ਫਾਂਸੀ 'ਤੇ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਭਾਰਤ ਦੇ ਕੌਮੀ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਨੂੰ ਪੱਤਰ ਲਿਖਿਆ ਤੇ ਕਿਹਾ, "ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਕੈਦੀ ਜਿਹਨਾਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ ਤੇ ਕਿਹਾ, "ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਕੈਦੀ ਜਿਹਨਾਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ, ਜਿਹਨਾਂ ਨੇ ਸਾਰੇ ਭਾਰਤ ਵਰਸ਼ 'ਚ ਇਸ ਨਾਲ ਇਤਫਾਕਨ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਪਰ ਉਹ ਕ੍ਰਾਂਤੀਕਾਰੀ ਪਾਰਟੀ ਵਿਚ ਸਭ ਕੁਝ ਨਹੀਂ ਹਨ। ਅਸਲ 'ਚ ਉਹਨਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਨਾਲ, ਦੇਸ਼ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ।''

ਲਾਹੌਰ 'ਚ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਦੀ ਬੰਬ ਬਣਾਉਣ ਵਾਲੀ ਫੈਕਟਰੀ ਦਾ ਅਚਨਚੇਤ ਸਰਕਾਰ ਨੂੰ ਪਤਾ ਲੱਗ ਜਾਂਦਾ ਹੈ ਤੇ ਉਸ 'ਚ ਸੁਖਦੇਵ ਗ੍ਰਿਫ਼ਤਾਰ ਹੋ ਜਾਂਦਾ ਹੈ। ਤੇ ਉਸ ਦੀਆਂ ਸਾਰੀਆਂ ਗੁਪਤ ਗਤੀਵਿਧੀਆਂ ਦਾ ਪਰਦਾਫਾਸ਼ ਹੋ ਜਾਂਦਾ ਹੈ ਤੇ ਇਸ 'ਤੇ ਉਹ ਬਹੁਤ ਖੁਸ਼ ਹੁੰਦਾ ਹੈ। ਉਹ ਦੁਬਾਰਾ ਫਿਰ ਖੁਸ਼ ਹੁੰਦਾ ਹੈ ਕਿ ਹਫੜਾ-ਦਫੜੀ ਮੱਚ ਗਈ ਹੈ ਤੇ ਇਸ ਦੇ ਕਿਰਿਆਤਮਕ ਨਤੀਜੇ ਜ਼ਰੂਰ ਨਿਕਲਣਗੇ ਅਤੇ ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਕਿ, "ਇਹ ਚੰਗਾ ਹੋਇਆ ਕਿ ਸਭ ਕੁਝ ਉਜਾਗਰ ਹੋ ਗਿਆ ਹੈ। ਮੈਂ ਸੋਚਦਾ ਹਾਂ ਕਿ ਇਸੇ ਕਰਕੇ ਗ੍ਰਿਫ਼ਤਾਰੀ ਮੇਰੀ ਖੁਸ਼ਕਿਸਮਤੀ ਹੈ। ਸੁਖਦੇਵ ਭਾਵੇਂ ਆਪਣੇ ਪਰਮ ਮਿੱਤਰ ਭਗਤ ਸਿੰਘ ਤੋਂ ਘੱਟ ਪ੍ਰਸਿੱਧ ਸੀ ਤੇ ਉਹ ਲਿਖਦਾ ਵੀ ਘੱਟ ਸੀ ਪਰ ਉਹ ਇਕ ਬਹੁਤ ਹੀ ਨਿਡਰ ਤੇ ਨੇਕ ਨੀਤੀ ਵਾਲਾ ਵਿਅਕਤੀ ਸੀ। ਇਹ ਗੁਣ ਬਹੁਤ ਘੱਟ ਤੇ ਵਿਸ਼ੇਸ਼ ਵਿਅਕਤੀਆਂ 'ਚ ਹੀ ਹੁੰਦਾ ਹੈ। ਉਹ ਆਪਣੀ ਪਾਰਟੀ ਦੀਆਂ ਤੇ ਪਾਰਟੀ ਦੇ ਮੈਂਬਰਾਂ ਦੀਆਂ ਛੋਟੀਆਂ-ਛੋਟੀਆਂ ਜ਼ਰੂਰਤਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਸੀ। ਕਾਮਰੇਡ ਸ਼ਿਵ ਵਰਮਾ, ਜਿਸ ਨੂੰ ਲਾਹੌਰ ਸਾਜ਼ਿਸ਼ ਕੇਸ 'ਚ ਉਮਰ ਕੈਦ ਦੀ ਸਜ਼ਾ ਹੋਈ ਸੀ, ਉਹ ਆਪਣੀਆਂ ਲਿਖਤਾਂ 'ਸੰਸਮਰਿਤੀਆਂ' 'ਚ ਜਿਹੜੀਆਂ ਕਿ 'ਕੌਮੀ ਦਿੱਲੀ ਦਫਤਰਨਾਮਾ' (ਪੁਰਾਣੀਆਂ ਲਿਖਤਾਂ ਦੀ ਸੰਭਾਲ ਦਾ ਦਫਤਰ) 'ਚ ਸੰਭਾਲੀਆਂ ਪਈਆਂ ਹਨ 'ਚ ਸੁਖਦੇਵ ਬਾਰੇ ਲਿਖਦੇ ਹਨ ਕਿ, "ਦਰਅਸਲ 'ਚ ਸਰਦਾਰ ਭਗਤ ਸਿੰਘ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਦਾ ਭਰੋਸੇਯੋਗ ਸਲਾਹਕਾਰ ਸੀ ਤੇ ਸੁਖਦੇਵ ਇਕ ਵਧੀਆ ਪ੍ਰਬੰਧਕ ਸੀ, ਮਾਨੋ ਉਹਨਾਂ ਨੂੰ ਉਹਨਾਂ ਨੇ ਇਕ-ਇਕ ਇੱਟ ਇਕੱਠੀ ਕਰਕੇ, ਇਕ ਮਹਿਲ ਦੇ ਰੂਪ 'ਚ ਬਣਾਇਆ ਹੋਵੇ।'

ਉਸ ਸਮੇਂ ਸੁਖਦੇਵ ਬਾਰੇ ਬਹੁਤਾ ਕਿਸੇ ਨੇ ਲਿਖਿਆ ਨਹੀਂ ਸੀ। ਉਸ ਸਮੇਂ ਦੇ ਜਿਹੜੇ ਅਸਲ ਦਸਤਾਵੇਜ਼ ਉਸ ਸਬੰਧਤ ਮਿਲਦੇ ਵੀ ਹਨ, ਉਹਨਾਂ 'ਚ ਇਸ ਬਾਰੇ ਕਿਸੇ ਨੇ ਲਿਖਣ ਦੀ ਬਹੁਤੀ ਗੰਭੀਰਤਾ ਨਹੀਂ ਦਿਖਾਈ। ਉਸ ਸਮੇਂ ਦੇ ਬਹੁਤੇ ਸ਼ਹੀਦ ਹੋਏ ਕ੍ਰਾਂਤੀਕਾਰੀਆਂ ਦੀ ਜੀਵਨੀ ਬਾਰੇ ਬਹੁਤਾ ਕਿਸੇ ਨੇ ਲਿਖਿਆ ਹੀ ਨਹੀਂ। ਉਨ੍ਹਾਂ ਕ੍ਰਾਂਤੀਕਾਰੀਆਂ ਦੀ ਅਗਿਆਤ ਸੂਚੀ 'ਚ ਸੁਖਦੇਵ ਦਾ ਨਾਮ ਵੀ ਆਉਂਦਾ ਹੈ। ਅਸਲ 'ਚ ਲਾਹੌਰ ਸਾਜ਼ਿਸ਼ ਕੇਸ 'ਚ ਸੁਖਦੇਵ ਹੀ, ਇਕ ਪ੍ਰਮੁੱਖ ਅਪਰਾਧੀ ਠਹਿਰਾਇਆ ਗਿਆ ਸੀ, ਕਿਉਂਕਿ ਉਸ ਸਮੇਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਆਰਮੀ' ਦਾ ਪ੍ਰਮੁੱਖ ਚੀਫ ਸੀ। ਸਾਂਡਰਸ ਦੇ ਕਤਲ ਤੇ ਅਸੈਂਬਲੀ 'ਚ ਬੰਬ ਸੁੱਟਣ ਦੀ ਯੋਜਨਾ ਨੂੰ ਅੰਜ਼ਾਮ ਦੇਣ ਦੀ ਯੋਜਨਾ ਉਸੇ ਦੀ ਹੀ ਵਿਉਂਤੀ ਹੋਈ ਸੀ।

ਲਾਹੌਰ ਸਾਜ਼ਿਸ਼ ਕੇਸ ਦੀ ਪਹਿਲੀ ਐਫ. ਆਈ. ਆਰ. ਜਿਹੜੀ ਕਿ ਸੀਨੀਅਰ ਸੁਪਰਡੈਂਟ ਆਫ ਪੋਲੀਸ, ਹਾਮਿਲਟਨ, ਹਾਰਡਿੰਗ ਨੇ ਆਰ. ਐਸ. ਪੰਡਤ ਸਪੈਸ਼ਲ ਮੈਜਿਸਟ੍ਰੇਟ ਦੀ ਅਦਾਲਤ 'ਚ ਅਪ੍ਰੈਲ 1929 'ਚ ਪੇਸ਼ ਕੀਤੀ ਸੀ। ਉਸ 'ਚ ਸੁਖਦੇਵ ਥਾਪਰ ਨੂੰ ਹੀ ਪਹਿਲਾਂ ਨੰਬਰ ਇਕ 'ਤੇ ਦੋਸ਼ੀ ਬਣਾਇਆ ਗਿਆ ਸੀ। ਇਸ 'ਚ ਉਸ ਦਾ ਨਾਮ ਸਵਾਮੀ ਉਰਫ ਇਕ ਪੇਂਡੂ, ਪਿਤਾ ਦਾ ਨਾਮ ਸ੍ਰੀ ਰਾਮ ਲਾਲ, ਜਾਤ ਥਾਪਰ ਖੱਤਰੀ ਦਰਜ ਹੈ। 25 ਦੋਸ਼ੀਆਂ ਦੀ ਸੂਚੀ 'ਚ ਸਰਦਾਰ ਭਗਤ ਸਿੰਘ ਦਾ ਨਾਮ 12ਵੇਂ ਸਥਾਨ 'ਤੇ ਆਉਂਦਾ ਹੈ ਤੇ ਰਾਜਗੁਰੂ ਦਾ ਨਾਮ 20ਵੇਂ ਸਥਾਨ 'ਤੇ ਹੈ। ਇਹ ਸੁਖਦੇਵ ਥਾਪਰ ਹੀ ਸੀ ਜਿਸ ਨੇ ਇਹ ਸਾਰਾ ਗਿਰੋਹ ਗਠਿਤ ਕੀਤਾ ਤੇ ਸਾਰੀ ਯੋਜਨਾ ਨੂੰ ਅੰਜਾਮ ਦੇਣ ਲਈ ਅਗਵਾਈ ਵੀ ਕੀਤੀ।

ਇਹ ਗੱਲ ਵੀ ਬੜੀ ਪੱਕੀ ਤੇ ਦਰੁੱਸਤ ਹੈ ਕਿ ਸ਼ਹੀਦ ਸੁਖਦੇਵ ਥਾਪਰ ਲਾਹੌਰ ਸਾਜ਼ਿਸ਼ ਕੇਸ 1930 'ਚ ਪ੍ਰਮੁੱਖ ਦੋਸ਼ੀ ਹੈ। ਇਸ ਸਾਜ਼ਿਸ਼ ਕੇਸ ਦਾ ਮੁੱਖ ਸਿਰਲੇਖ ਵੀ ਅਦਾਲਤ 'ਚ 'ਦੀ ਲਾਹੌਰ ਸਾਜ਼ਿਸ਼ ਕੇਸ ਟ੍ਰਿਬਿਊਨਲ, ਲਾਹੌਰ, ਜਿਹੜਾ ਕਿ ਆਰਡੀਨੈਂਸ ਨੰਬਰ 111 ਆਫ 1930 ਅਧੀਨ ਬਣਿਆ ਸੀ, 'ਦੀ ਕਰਾਊਨ-ਮੁਦਈ ਵਰਸਿਸ ਸੁਖਦੇਵ ਬਨਾਮ ਹੋਰ' ਹੀ ਸੀ।'' ਦਰਅਸਲ 'ਚ ਇਸ ਸਭ ਦੇ ਬਾਵਜੂਦ ਇਸ ਸਾਜ਼ਿਸ਼ ਕੇਸ 'ਚ ਉਹ ਅਸਿੱਧੇ ਰੂਪ 'ਚ ਸ਼ਾਮਲ ਸੀ ਪਰ ਮੁਕੱਦਮਾ ਇਕ ਪ੍ਰਮੁੱਖ ਦੋਸ਼ੀ ਦੇ ਤੌਰ ਤੇ ਉਸ ਦੇ ਨਾਮ 'ਤੇ ਹੀ ਚੱਲਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਸਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' 'ਚ ਪ੍ਰਮੁੱਖਤਾ ਕਰਕੇ ਬਹੁਤ ਅਹਿਮੀਅਤ ਸੀ। ਪਾਰਟੀ ਦੇ ਵੱਡੇ ਫੈਸਲਿਆਂ 'ਚ ਪ੍ਰਮੁੱਖ ਤੇ ਆਖਰੀ ਫੈਸਲਾ ਵੀ ਉਸ ਦਾ ਹੀ ਹੁੰਦਾ ਸੀ।

ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਉਸ ਨੂੰ ਇਕ ਨਵੇਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਸੰਗਠਨ 'ਚ ਰੱਖਦਾ ਹੈ। ਆਖੀਰ ਸੱਤ ਦਹਾਕਿਆਂ ਬਾਅਦ ਇਸ ਕੇਸ ਦੀ ਫਾਈਲ 'ਤੇ ਭਾਰਤ ਦੀ 'ਕੌਮੀ ਪੁਰਾਤਨ ਲਿਖਤਾਂ ਦੇ ਦਫਤਰਖਾਨੇ' 'ਚ ਧੂੜ ਨਾਲ ਭਰੀ ਪਈ ਇਸ ਫਾਈਲ ਦੀ ਕਿਤਾਬ ਦੇ ਰੂਪ 'ਚ ਛਪਾਈ, ਸੰਨ 2005 'ਚ ਵੜੈਚ ਤੇ ਗੁਰਦੇਵ ਸੰਧੂ ਨੇ ਕਰਵਾਈ। ਇਸ ਕਿਤਾਬ ਦੇ, ਭਗਤ ਸਿੰਘ ਨੂੰ ਫਾਂਸੀ ਦੇ ਹੁਕਮਾਂ ਵਾਲੇ ਪੰਨਿਆਂ 'ਤੇ ਬੜੀ ਸੁੰਦਰਤਾ ਨਾਲ, ਇਸ ਸਾਜ਼ਿਸ਼ ਕੇਸ 'ਚ ਸੁਖਦੇਵ ਥਾਪਰ ਦੀ ਭੂਮਿਕਾ ਦਾ ਵਰਣਨ ਹੈ। ਇੱਥੇ ਸੁਖਦੇਵ ਇਸ ਸਾਜ਼ਿਸ਼ ਦਾ ਮੁੱਖ ਸੰਚਾਲਕ (ਮਾਸਟਰ ਮਾਈਂਡ) ਹੈ। ਸਾਡੀ ਸਾਜ਼ਿਸ਼ ਦਾ ਕਰਤਾ-ਧਰਤਾ ਵੀ ਉਹੀ ਹੈ। ਉਹ ਇਸ ਸੰਗਠਨ 'ਚ ਨਵੇਂ ਮੈਂਬਰ ਲੱਭ ਕੇ ਭਰਤੀ ਕਰਦਾ ਹੈ ਤੇ ਉਹਨਾਂ ਦੀ ਯੋਗਤਾ ਅਨੁਸਾਰ ਉਹਨਾਂ ਸਾਰਿਆਂ ਨੂੰ ਕੰਮ ਸੌਂ-ਪਦਾ ਹੈ। ਉਹ ਹਿੰਸਾ ਦੀਆਂ ਸਭ ਵਾਰਦਾਤਾਂ 'ਚ ਆਪ ਭਾਗ ਨਹੀਂ ਲੈਂਦਾ, ਸਗੋਂ ਵਾਰਦਾਤਾਂ ਕਰਨ ਵਾਲਿਆਂ ਦੀ ਪਿੱਠ ਤੇ ਸਹਾਇਕ ਵਜੋਂ ਡੱਟ ਕੇ ਖੜ੍ਹਾ ਹੁੰਦਾ ਹੈ ਪ੍ਰੰਤੂ ਫਿਰ ਵੀ ਉਹ ਇਹਨਾਂ ਸਭ ਹਿੰਸਕ ਵਾਰਦਾਤਾਂ 'ਤੇ ਆਪਣੀ ਪਕੜ ਬਣਾਈ ਰੱਖਦਾ ਹੈ ਤੇ ਆਪਣੀ ਜ਼ਿੰਮੇਵਾਰੀ ਲਈ ਰੱਖਦਾ ਹੈ ਤੇ ਇਸ ਤਰ੍ਹਾਂ ਉਸਦਾ ਦਿਮਾਗ ਇਹਨਾਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਕੰਮ ਕਰਦਾ ਹੈ, ਜਿਹੜੀ ਕਿ ਇਸ ਦੇ ਸੰਗਠਨ ਨੂੰ, ਇਸ ਦੀ ਇਕ ਮਹੱਤਵਪੂਰਨ ਦੇਣ ਹੈ।''

ਅਸਲ 'ਚ ਸੁਖਦੇਵ ਇਕੱਲੇ ਦੀ ਦੇਣ ਸੀ ਕਿ ਉਸ ਨੇ ਉਕਤ ਸੰਗਠਨ ਬਣਾਇਆ ਤੇ ਉਹ ਇਸ ਸੰਗਠਨ ਦੀ ਕੇਂਦਰੀ ਕਮੇਟੀ ਦਾ ਮੈਂਬਰ ਵੀ ਸੀ। ਪਾਰਟੀ ਦੇ ਸਿਧਾਂਤਾਂ ਨੂੰ ਲਾਗੂ ਕਰਨ 'ਚ ਉਸ ਨੇ ਜ਼ਰਾ ਵੀ ਆਪਣੇ ਦੋਸਤਾਂ ਨੂੰ ਕਹਿਣ 'ਚ ਹਿਚਕਿਚਾਹਟ ਮਹਿਸੂਸ ਨਹੀਂ ਕੀਤੀ ਤੇ ਆਪਣੇ ਸੰਗਠਨ ਦੇ ਸਿਧਾਂਤਾਂ ਦੀ ਪੂਰਤੀ ਲਈ ਤੇ ਪਾਰਟੀ ਦੇ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਦਿਨ ਦੂਣੀ ਤੇ ਰਾਤ ਚੌਗਣੀ ਮਿਹਨਤ ਕੀਤੀ।

ਕੇਂਦਰੀ ਅਸੈਂਬਲੀ ਹਾਲ 'ਚ ਅਪ੍ਰੈਲ 1929 ਨੂੰ ਫੋਕੇ ਬੰਬ ਸੁੱਟਣ ਦੀ ਯੋਜਨਾ ਬਾਰੇ, ਇਹ ਲੋਕਾਂ ਨੂੰ ਬੜੀ ਘੱਟ ਜਾਣਕਾਰੀ ਹੈ ਕਿ ਪਹਿਲਾ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਸਰਦਾਰ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਬਾਰੇ, ਭੇਜਣ ਲਈ ਮਨਾ ਕਰ ਦਿੱਤਾ ਸੀ। ਸੁਖਦੇਵ ਇਸ ਫੈਸਲੇ ਵੇਲੇ ਪਾਰਟੀ ਦੀ ਸਭਾ 'ਚ ਗੈਰ ਹਾਜ਼ਰ ਸੀ ਕਿਉਂਕਿ ਪਾਰਟੀ ਡਰਦੀ ਸੀ ਕਿ ਪੰਜਾਬ ਪੁਲਿਸ ਦੇ ਰਿਕਾਰਡ 'ਚ ਸਾਂਡਰਸ ਦੇ ਕਤਲ ਕੇਸ 'ਚ ਭਗਤ ਸਿੰਘ ਦਾ ਨਾਮ ਸੀ, ਇਸ ਲਈ ਉਸ ਨੂੰ ਇਸ ਕੰਮ 'ਚ ਨਹੀਂ ਭੇਜਣਾ ਚਾਹੀਦਾ, ਅਗਰ ਉਸਦੀ ਗ੍ਰਿਫ਼ਤਾਰੀ ਹੁੰਦੀ ਹੈ ਤਾਂ ਸਮਝੋ ਇਸ ਦਾ ਮਤਲਬ ਹੈ ਉਸ ਦੀ ਮੌਤ।

ਸ੍ਰੀ ਸ਼ਿਵਰਾਮ ਜੀ ਵਰਮਾ ਆਪਣੀਆਂ ਯਾਦਾਂ 'ਚ ਲਿਖਦੇ ਹਨ ਕਿ ਸੁਖਦੇਵ ਨਹੀਂ ਚਾਹੁੰਦਾ ਸੀ ਕਿ ਭਗਤ ਸਿੰਘ ਤੋਂ ਬਿਨਾਂ ਇਸ ਵਧੀਆ ਕੰਮ ਲਈ ਕੋਈ ਹੋਰ ਹੋਵੇ। ਸੁਖਦੇਵ ਤਿੰਨਾਂ ਦਿਨਾਂ ਬਾਅਦ ਆਇਆ ਤੇ ਉਸ ਨੇ ਅਸੈਂਬਲੀ 'ਚ ਬੰਬ ਸੁੱਟਣ ਦੀ ਯੋਜਨਾ ਦਾ, ਕਮੇਟੀ ਦੇ ਫੈਸਲੇ ਦਾ ਵਿਰੋਧ ਕਰਕੇ, ਫੈਸਲਾ ਬਦਲ ਦਿੱਤਾ। ਉਹ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸ ਕੰਮ ਲਈ ਭਗਤ ਸਿੰਘ ਹੀ ਯੋਗ ਤੇ ਵਧੀਆ ਆਦਮੀ ਹੈ, ਜਿਹੜਾ ਸੰਗਠਨ ਦੇ ਉਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਸੁਖਦੇਵ, ਭਗਤ ਸਿੰਘ ਕੋਲ ਗਿਆ ਤੇ ਉਸ ਨੂੰ ਕਿਹਾ ਕਿ, ''ਤੂੰ ਡਰਪੋਕ ਹੈ ਜਿਹੜਾ ਕਿ ਮਰਨ ਤੋਂ ਡਰਦਾ ਹੈਂ।'' ਸੁਖਦੇਵ ਹੋਰ ਸਖਤ ਹੋ ਗਿਆ। ਅਖੀਰ ਭਗਤ ਸਿੰਘ ਨੇ ਸੁਖਦੇਵ ਨੂੰ ਕਿਹਾ ਕਿ, "ਉਹ ਉਸ ਦੀ ਇਹ ਗੱਲ ਆਖ ਕੇ ਬੇਇੱਜ਼ਤੀ ਕਰਦਾ ਹੈ।'' ਸੁਖਦੇਵ ਨੇ ਫਿਰ ਮੁੜ ਕੇ ਕਿਹਾ ਕਿ, ''ਉਹ ਆਪਣੇ ਦੋਸਤ ਨੂੰ ਸਿਰਫ ਉਸ ਦੀ ਡਿਊਟੀ ਕਹਿ ਰਿਹਾ ਹੈ।'' ਭਗਤ ਸਿੰਘ ਇਹ ਸੁਣ ਕੇ ਸੁਖਦੇਵ ਨੂੰ ਕਹਿੰਦਾ ਹੈ ਕਿ, "ਉਹ ਉਸ ਨਾਲ ਗੱਲ ਨਾ ਕਰੇ। ਭਗਤ ਸਿੰਘ ਇਹ ਕਹਿ ਕੇ ਉਥੋਂ ਚਲੇ ਗਿਆ।

ਸੁਖਦੇਵ ਦੇ ਉਕਤ ਭਾਸ਼ਣ ਨੇ ਆਪਣੇ ਪਿਆਰੇ ਮਿੱਤਰ ਨੂੰ ਮੌਤ ਦੇ ਜੁਬਾੜ੍ਹਿਆਂ 'ਚ ਸੁੱਟ ਦਿੱਤਾ। ਸ਼ਿਵਰਾਮ ਜੀ ਵਰਮਾ ਅੱਗੇ ਲਿਖਦੇ ਹਨ, ਕੇਂਦਰੀ ਕਮੇਟੀ ਨੇ ਆਪਣਾ ਪਹਿਲਾ ਫੈਸਲਾ ਪਲਟ ਕੇ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਲਈ ਚੁਣ ਲਿਆ। ਸੁਖਦੇਵ ਇਸ ਫੈਸਲੇ 'ਤੇ ਕੋਈ ਸ਼ਬਦ ਨਾ ਕਹਿੰਦਾ ਹੋਇਆ ਉਸੇ ਸਮੇਂ ਸ਼ਾਮ ਨੂੰ ਲਾਹੌਰ ਚਲੇ ਗਿਆ। ਦੁਰਗਾਭਾਵੀ ਦੇ ਕਥਨ ਅਨੁਸਾਰ ਜਦੋਂ ਦੂਸਰੇ ਦਿਨ ਸੁਖਦੇਵ ਲਾਹੌਰ ਪਹੁੰਚਿਆ ਤਾਂ ਉਸ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਉਹ ਸਾਰੀ ਰਾਤ ਭੁੱਬਾਂ ਮਾਰ-ਮਾਰ ਕੇ ਭਗਤ ਸਿੰਘ ਬਾਰੇ ਇਸ ਫੈਸਲੇ 'ਤੇ ਰੋਂਦਾ ਰਿਹਾ। ਸੁਖਦੇਵ ਇਸ ਤਰ੍ਹਾਂ ਫੁੱਲਾਂ ਨਾਲੋਂ ਨਾਜ਼ੁਕ ਤੇ ਪੱਥਰ ਨਾਲੋਂ ਵੀ ਸਖਤ ਦਿਲ ਇਨਸਾਨ ਸੀ। ਲੋਕਾਂ ਨੇ ਸਿਰਫ ਉਸ ਦੀ ਕਰੱਖਤੀ ਹੀ ਦੇਖੀ ਸੀ ਪ੍ਰੰਤੂ ਉਸ ਨੇ ਆਪਣੇ ਇਸ ਰੁਖ ਦੀ ਕਦੇ ਵੀ ਕਿਸੇ ਕੋਲ ਸ਼ਿਕਾਇਤ ਜਾਂ ਅਰਜੋਈ ਨਹੀਂ ਕੀਤੀ ਸੀ। ਉਸ ਨੇ ਆਪਣੀਆਂ ਭਾਵਨਾਵਾਂ ਨੂੰ ਹਮੇਸ਼ਾ ਛੁਪਾਈ ਰੱਖਿਆ ਸੀ।

ਉਹ ਕਈ ਵਾਰੀ ਕਿਸੇ ਗੱਲ ਦੇ ਗਲਤ ਮਤਲਬ ਵੀ ਕੱਢ ਲੈਂਦਾ ਸੀ, ਖਾਸ ਤੌਰ 'ਤੇ ਉਦੋਂ ਜਦੋਂ ਉਸ ਨੇ ਦੋ-ਵਾਰ ਬਿਨਾਂ ਆਪਣੇ ਕਿਸੇ ਸਾਥੀ ਨਾਲ ਸਲਾਹ ਮਸ਼ਵਰਾ ਕੀਤਿਆਂ ਆਪਣੀ ਭੁੱਖ ਹੜਤਾਲ ਤੋੜ ਦਿੱਤੀ। (ਸ਼ਿਵਰਾਮ ਵਰਮਾ ਦੀਆਂ ਲਿਖਤਾਂ ਦੇ ਹਵਾਲੇ ਨਾਲ) ਸੁਖਦੇਵ ਦੀ ਹਮੇਸ਼ਾ ਤੁਲਨਾ, ਭਗਤ ਸਿੰਘ ਦੀਆਂ ਆਪਣੇ ਸੰਗਠਨ 'ਚ ਤੇ ਆਪਣੇ ਸਾਥੀਆਂ 'ਚ, ਯੋਗਤਾਵਾਂ ਦੇ ਆਧਾਰ ਤੇ ਕੀਤੀ ਜਾਂਦੀ ਸੀ। ਅਕਸਰ ਸੁਖਦੇਵ ਦੇ ਦੋਸਤ ਸਨ- "ਸੁਖਦੇਵ ਉਸ ਸਮੇਂ ਆਪਣੀ ਬਾਹਰੀ ਦਿੱਖ 'ਚ ਅਲੱਗ ਨਜ਼ਰ ਆਉਂਦਾ ਸੀ, ਜਦੋਂ ਉਹ ਆਪਣੇ ਦੋਸਤਾਂ ਨੂੰ ਖੁਸ਼ੀ ਨਾਲ ਸੰਬੋਧਨ ਕਰਿਆ ਕਰਦਾ ਸੀ। ਇਸ ਤਰ੍ਹਾਂ ਉਹ ਭਗਤ ਸਿੰਘ ਦੀ ਉਲਟਤਾ ਦਾ ਰੂਪ ਨਜ਼ਰ ਆਉਂਦਾ ਸੀ। ਉਹ ਇਕੋ ਜਿਹਾ ਭਾਵ ਬਰਾਬਰ ਦਾ ਸਿਰੜੀ ਤੇ ਮਨਮੌਜੀ ਨਜ਼ਰ ਆਉਂਦਾ ਸੀ। ਵੜੈਚ ਕਹਿੰਦਾ ਹੈ ਕਿ, ''ਸੁਖਦੇਵ ਦੇ ਸੰਗਠਨ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਦਾ ਇਕ ਸਾਥੀ ਲਿਖਦਾ ਹੈ ਕਿ ਜੋ 'ਓਮ' ਦਾ ਚਿੱਤਰ ਉਸ ਨੇ ਆਪਣੀ ਬਾਂਹ 'ਤੇ ਇਕ ਟੈਟੂ ਵਜੋਂ ਉਕਰਵਾਇਆ ਹੋਇਆ ਸੀ, ਉਸ ਨੂੰ ਮਿਟਵਾਉਣ ਲਈ ਉਸ ਨੇ ਆਪਣੀ ਖੱਬੀ ਬਾਂਹ 'ਤੇ ਸ਼ੋਰੇ ਦਾ ਤੇਜ਼ਾਬ ਪਾ ਕੇ ਮਿਟਾਉਣ ਦਾ ਯਤਨ ਕੀਤਾ। ਇਹ ਸਿਰਫ ਉਸ ਨੇ ਆਪਣੀ ਸਹਿਣਸ਼ੀਲਤਾ ਨੂੰ ਪਰਖਣ ਲਈ ਹੀ ਕੀਤਾ ਸੀ। ਬਾਕੀ ਰਹਿੰਦੇ ਬਚੇ-ਖੁਚੇ ਨਿਸ਼ਾਨਾਂ 'ਤੇ ਜ਼ਖ਼ਮਾਂ ਨਾਲ ਪਈ ਪੀਕ ਨੂੰ ਖਤਮ ਕਰਨ ਲਈ ਉਸ ਨੇ ਜ਼ਖ਼ਮਾਂ 'ਤੇ ਬਲਦੀ ਹੋਈ ਮੋਮਬੱਤੀ ਦੀ ਲਾਟ ਲਾ ਕੇ ਖਤਮ ਕਰ ਦਿੱਤੇ।

ਸੁਖਦੇਵ ਇਕ ਬਹੁਤ ਹੀ ਕਰੱਖਤ ਕਿਸਮ ਦਾ ਦੇਸ਼ ਭਗਤ ਕ੍ਰਾਂਤੀਕਾਰੀ ਸੀ ਤੇ ਉਹ ਆਪਣੇ ਇਰਾਦੇ ਦਾ ਬੜਾ ਪੱਕਾ ਸੀ, ਜਿਹੜਾ ਕਿ ਹਰ ਕੰਮ ਨੂੰ ਅਮਲੀ ਰੂਪ ਦੇਣ 'ਚ ਵਿਸ਼ਵਾਸ ਰੱਖਦਾ ਸੀ। ਇਹ ਸਾਰੇ ਉਸ 'ਚ ਗੁਣ, ਇਕ ਜਾਦੂ ਦੀ ਤਰ੍ਹਾਂ ਲੱਗਦੇ ਸਨ ਤੇ ਉਹ ਇਕ ਸੱਚਾ ਤੇ ਇਮਾਨਦਾਰ ਸਮਾਜਵਾਦੀ ਨੇਤਾ ਸੀ। ਉਸ ਨੇ ਆਪਣੇ ਸਾਥੀਆਂ ਨੂੰ ਆਖਰੀ ਚਿੱਠੀ ਜਿਹੜੀ ਕਿ ਉਸ ਨੇ 7 ਅਕਤੂਬਰ 1930 ਨੂੰ (ਅਦਾਲਤ ਦੇ ਫੈਸਲੇ( ਵਾਲੇ ਦਿਨ ਲਿਖੀ, ਤੇ ਉਨ੍ਹਾਂ ਬੁੱਧੀਹੀਣ ਹਿੰਸਕ ਅਮਲਾਂ ਦੀ ਆਲੋਚਨਾ ਕੀਤੀ ਤੇ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦੇ ਅਮਲਾਂ ਨੂੰ ਜਾਇਜ਼ ਠਹਿਰਾਇਆ, ਜਿਹਨਾਂ ਨੇ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਹਥਿਆਰਬੰਦ ਹੋ ਕੇ ਲੜਨ ਲਈ ਪ੍ਰੇਰਿਆ।

ਸੁਖਦੇਵ ਨੇ ਇਹ ਵੀ ਲਿਖਿਆ ਕਿ ਤੁਸੀਂ ਸਾਂਡਰਸ ਕਤਲ ਕੇਸ ਨੂੰ ਦੇਖ ਲਵੋ, ਜਦੋਂ ਲਾਲਾ ਲਾਜਪਤ ਰਾਏ ਜੀ 'ਤੇ ਅਣਗਿਣਤ ਲਾਠੀਆਂ ਦੇ ਵਾਰ ਹੋਏ ਤਾਂ ਸਾਰੇ ਦੇਸ਼ 'ਚ ਬੇਚੈਨੀ ਛਾ ਗਈ ਸੀ। ਇਹ ਇਕ ਚੰਗਾ ਮੌਕਾ ਸੀ ਕਿ ਸਾਡਾ ਸੰਗਠਨ ਭਾਵ ਸਾਡੀ ਪਾਰਟੀ ਸਾਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਦੀ। ਇਸ ਕਰਕੇ ਹੀ ਸਾਂਡਰਸ ਦਾ ਕਤਲ ਕਰਨ ਦੀ ਯੋਜਨਾ

(ਬਾਕੀ ਅਗਲੇ ਸਫੇ ਤੇ)

## ਸ਼ਹੀਦੀ ਦਿਨ ’ਤੇ ਵਿਸ਼ੇਸ਼

# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ

## ”ਅਧਿਆਤਮਵਾਦੀ ਨਹੀਂ, ਸਗੋਂ ਵਿਗਿਆਨਕ, ਸਮਾਜਵਾਦੀ-ਯਥਾਰਥਵਾਦੀ’




ਪ੍ਰੋ: ਐਚ. ਐਲ. ਕਪੂਰ

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਨ੍ਹਾਂ ਮਹਾਂ-ਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਨ੍ਹਾਂ ਨੇ ਦੇਸ਼ ਪ੍ਰੇਮ ਦੇ ਰਾਹ ’ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ, ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ ’ਤੇ ਝਾਤ ਮਾਰਦੇ ਹਾਂ ਤਾਂ ਉਨ੍ਹਾਂ ਵਿਚ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮੀ ਮਹਾਂ-ਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ ਵਿਚ ਪਾਇਆ ਯੋਗਦਾਨ ਕਿਸੇ ਹੋਰ ਕੌਮੀ ਮਹਾਂ-ਨਾਇਕ, ਜਿਵੇਂ- ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਇਹਨਾਂ ਕੌਮੀ ਮਹਾਂ ਨਾਇਕਾਂ ਦੇ ਬਰਾਬਰ ਹੀ ਬੁਲੰਦ ਹੈ। ਇਹਨਾਂ ਕੌਮੀ ਮਹਾਂ ਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉੱਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗਰਿਤ ਕੀਤਾ, ਜੇਲ੍ਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਤਾਂ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਂ-ਨਾਇਕ ਅਖਵਾਉਂਦੇ ਹਨ। ਇਹਨਾਂ ਦੇ ਮਾਣ-ਸਨਮਾਨ ਤੇ ਵਿਅਕਤੀਤਵ ਨੂੰ ਸਮੇਂ ਦੀ ਕੋਈ ਵੀ ਹਨੇਰੀ ਭਾਰਤ ਵਾਸੀਆਂ ਦੀ ਚੇਤਨਾ ’ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ ’ਤੇ ਮਾਣ ਹੈ।

ਆਮ ਤੌਰ ਤੇ ਅੰਗਰੇਜ਼ ਸਰਕਾਰ ਤੇ ਉਥੋਂ ਦੇ ਵਿਦਵਾਨ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਤੇ ਉਹਨਾਂ ਵਰਗੇ, ਉਹਨਾਂ ਦੇ ਹੋਰ ਸਾਥੀ ਕ੍ਰਾਂਤੀਕਾਰੀਆਂ ਨੂੰ, ਆਜ਼ਾਦੀ ਲਈ ਮਰ ਮਿਟਣ ਵਾਲੇ ਪਰਵਾਨੇ ਕਹਿਣ ਦੀ ਬਜਾਏ ਇਕ ਉਗਰਵਾਦੀ ਵਰਗੇ ਸ਼ਬਦ ਵਰਤ ਕੇ ਪੁਕਾਰਦੀ ਸੀ। ਉਹ ਇਨ੍ਹਾਂ ਨੌਜਵਾਨਾਂ ਦੀ ਸਮਾਜਵਾਦੀ, ਪ੍ਰਗਤੀਵਾਦੀ, ਕ੍ਰਾਂਤੀਕਾਰੀ, ਵਿਗਿਆਨਕ ਸੋਚ ਤੇ ਭਾਵਨਾਵਾਂ ਨੂੰ ਸਮਝਦੇ ਹੋਏ ਵੀ ਅੱਖੋਂ ਪਰੋਖੇ ਕਰਕੇ, ਭਾਰਤੀ ਜਨਤਾ ਨੂੰ ਗੁੰਮਰਾਹ ਕਰਨ ਲਈ, ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਦੀ ਸੀ। ਵੈਸੇ ਵੀ ਅਸੀਂ ਜਦੋਂ ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਸੀ। ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ ਉਗਰਵਾਦੀ ਨਹੀਂ ਆਖੇਗਾ ਸਗੋਂ ਉਸ ਨੂੰ ਇਕ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ ਇਕ ਪ੍ਰਗਤੀਸ਼ੀਲ ਤੇ ਸੂਝਵਾਨ ਮਹਾਂ-ਪੁਰਸ਼ ਹੀ ਆਖੇਗਾ, ਜਿਸ ਨੇ ਆਪਣੀ ਨਿੱਕੀ ਉਮਰੇ ਹੀ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ, ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫ਼ਲਸਫ਼ੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ਼ ਇਕ ਤੇਈ ਸਾਲਾਂ ਦੇ ਨੌਜਵਾਨ ਵਿਚ ਉਹ ਕਿਹੜੀ ਖਾਸ ਗੱਲ ਹੈ, ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਂ ਨਾਇਕ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਿਰ ਕਿਹੜੀ ਅਜਿਹੀ ਗੱਲ ਹੈ ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਤਨੀ ਹੀ ਜਵਾਨ ਹੈ, ਜਿਤਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੇ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ ਵਿਚ ਸਮਾਜਵਾਦ ਦੀ ਸਥਾਪਨਾ ਕਰਨ ਦਾ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਹਿੰਦੂ-ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ, ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ, ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਂ ਨਾਇਕ ਹੋ ਨਿੱਬੜਿਆ ਹੈ।



ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਤੇ ਸੰਘਰਸ਼ ਮਈ ਜੀਵਨ ਦੀਆਂ ਤਹਿਆਂ ਵਿਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ਼ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜਨਤਕ ਆਈਨੇ ਵਿਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।

ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜਨਤਕ-ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰ ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਕਾਰੀਆਂ ਦੇ ਹਿਮਾਤੀਆਂ ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਮਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ।

ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰ ਯੁਕਤ ਤੇ ਤਰਕਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ ’ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ’ ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ ’ਓਮ’ ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤਿਤਵ ਤੇ ਜਤ-ਸਤ ਦਾ ਪੁੰਗਰ ਰਿਹਾ ਇਹ ਸੋਮਾ ਨਿਸ਼ਚਿਤ ਤੌਰ ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰਧਾਰਾ ਮੰਨ ਬੈਠਦੇ ਹਨ।

ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ ਉੱਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ ਤੇ ਪਹੁੰਚਦਿਆਂ, ਉਹ ਐਲਾਨੀਆ ਤੌਰ ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ ਜਾਂ ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਚਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਬਿ ਨੂੰ ਇਸੇ ਵਿਚਾਰਧਾਰਾ ’ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਖਰ ਮੰਨ ਲੈਂਦੇ ਹਨ ਤੇ ਜਿਸ ਉੱਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ ਵਿਚ ਭਗਤ ਸਿੰਘ ਜੀ ਸਿਰਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪਸ਼ਟ ਸ਼ਬਦਾਂ ਵਿਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ? ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਵਾਦ ਦੇ ਰੂਪ ਵਿਚ ਹੋਇਆ ਹੈ। ਉਨ੍ਹਾਂ ਦੇ ਬੌਧਿਕ ਤੇ ਵਿਚਾਰਧਾਰਕ ਫੁਰਮਾਨਾਂ ਨਾਲੋਂ, ਉਹਨਾਂ ਦੇ ਅਮਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ ਜੋ ਬੜੇ ਪੇਤਲੇ ਪੱਧਰ ਤੇ ਮਨ ਵਿਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸ ਦੀ ਉਸਾਰੀ ਮਾਨਵ ਮਨ ਆਪਣੀ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ, ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁਖ ਖ਼ਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ। ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ। ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ ਜੋ ਅੱਜ ਵੀ ਸਾਡੇ ਕੋਲ ਲਿਖ਼ਤ ਰੂਪ ਵਿਚ ਉਪਲਬਧ ਹਨ। ਬੰਗਾਲ ਵਿਚ ਇਨਕਲਾਬੀ ਸਾਥੀਆਂ ਨਾਲ ਰਹਿੰਦਿਆਂ ’ਵਿਅਕਤੀਗਤ ਸਿਆਸੀ ਕਤਲਾਂ’ ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ ਵਿਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਹੀ ਹੈ। ਅਸੈਂਬਲੀ ਵਿਚ ਸੁੱਟੇ ਗਏ ਪੈਂਫਲਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ।

ਇਸ ਲਈ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ-ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿਧ ਦੇ ਰੂਪ ਵਿਚ ਸਵੀਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਅਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਗੰਧਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰਧਾਰਕ ਉਡਾਰੀ ਇਤਨੀ ਵਿਸ਼ਾਲ ਹੈ ਜੋ ਇਕ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਅਤੇ ਭਾਸ਼ਾ ਦਾ ਨਾਇਕ ਨਾ ਹੋਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦੀ ਮਹਾਨਤਾ ਤੇ ਉਸ ਦੇ ਵਿਅਕਤਿਤਵ ਨੂੰ ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਖੁਦ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ। ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੂਰਜ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨੇਰੇ ’ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ। ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ-ਸਰਦਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦੀ ਪੁਰਬ ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ-ਸੁੰਮਨ ਪੇਸ਼ ਕਰਦਾ ਹਾਂ।

# ਮਹਾਨ ਕ੍ਰਾਂਤੀਕਾਰੀ ਸ਼ਹੀਦ ‘ਸੁਖਦੇਵ ਥਾਪਰ’

ਉਲੀਕੀ ਗਈ ਸੀ। ਉਸਦਾ ਕਤਲ ਕਰਕੇ ਸਾਡਾ ਉਸ ਜਗ੍ਹਾ ਤੋਂ ਦੌੜ ਜਾਣ ਦਾ ਮੰਤਵ ਨਹੀਂ ਸੀ। ਅਸੀਂ ਭਾਰਤੀ ਲੋਕਾਂ ’ਚ ਇਹ ਸੰਦੇਸ਼ ਪਹੁੰਚਾਉਣਾ ਚਾਹੁੰਦੇ ਸਾਂ ਕਿ ਇਹ ਇਕ ਰਾਜਨੀਤਿਕ ਕਤਲ ਹੈ ਅਤੇ ਇਹ ਅਪਰਾਧ ਕਰਨ ਵਾਲੇ ਭਾਰਤੀ ਕ੍ਰਾਂਤੀਕਾਰੀ ਹਨ। ਸਾਡੇ ਅਮਲ ਹਮੇਸ਼ਾ ਭਾਰਤੀ ਲੋਕਾਂ ਦੀਆਂ ਤਕਲੀਫ਼ਾਂ ਵੱਲ, ਧਿਆਨ ਖਿੱਚਣ ਵੱਲ ਤੇ ਉਹਨਾਂ ਵੱਲੋਂ ਮਿਲਦੇ ਹੁੰਗਾਰੇ ਵੱਲ ਰਹਿੰਦੇ ਸਨ।

ਅਸੀਂ ਚਾਹੁੰਦੇ ਸਾਂ ਕਿ ਭਾਰਤੀ ਲੋਕਾਂ ’ਚ ਕ੍ਰਾਂਤੀਕਾਰੀ ਵਿਚਾਰਾਂ ਦੀ ਰੂਹ ਫੂਕੀ ਜਾਵੇ ਤੇ ਸਾਨੂੰ ਲੋਕਾਂ ’ਚ ਸਾਡੇ ਇਸ ਪ੍ਰਭਾਵ ਦੀ ਕਿਰਨ ਨਜ਼ਰ ਆਵੇ ਤੇ ਅਜਿਹੇ ਵਿਚਾਰਾਂ ਦਾ ਪ੍ਰਭਾਵ ਸਾਡੀ ਸ਼ਾਨ ਨੂੰ ਹੋਰ ਵਧਾਵੇ।

ਜਦੋਂ ਕੋਈ ਕ੍ਰਾਂਤੀਕਾਰੀ ਇਹਨਾਂ ਵਿਚਾਰਾਂ ’ਤੇ ਚੱਲਦਾ ਹੋਇਆ ਤੇ ਅਮਲ ਕਰਦਾ ਹੋਇਆ, ਦੇਸ਼ ਦੀ ਆਜ਼ਾਦੀ ਦੀ ਖਾਤਰ ਫਾਂਸੀ ਦੇ ਰੱਸੇ ਨੂੰ ਚੁੰਮੇ ਤੇ ਆਪਣਾ ਜੀਵਨ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਲਾ ਦੇਵੇ। ’’ ਇਸ ਚਿੱਠੀ ਦੀ ਸਰਟੀਫਾਈਡ ਕਾਪੀ ਪੰਜਾਬ ਸੀ. ਆਈ. ਡੀ. ਵੱਲੋਂ ਗ੍ਰਹਿ ਵਿਭਾਗ ਨੂੰ ਭੇਜੀ ਗਈ ਸੀ। ਭਾਰਤੀ ਮਾਂ ਦੇ ਮਹਾਨ ਸਪੂਤ ਸੁਖਦੇਵ ਦਾ ਮਹਾਤਮਾ ਗਾਂਧੀ ਜੀ ਨੂੰ ਲਿਖਿਆ ਖ਼ਤ ਵੀ ਉਹਨਾਂ ਦੇ ਵਿਚਾਰਾਂ ਦੇ ਪ੍ਰਭਾਵ ਦੀ ਤਰਜ਼ਮਾਨੀ ਕਰਦਾ ਹੈ, “ਕ੍ਰਾਂਤੀਕਾਰੀਆਂ ਦਾ ਉਦੇਸ਼ ਭਾਰਤ ’ਚ ਸਮਾਜਵਾਦੀ ਗਣਤੰਤਰ ਦੀ ਸਿਰਜਣਾ ਕਰਨ ਦਾ ਹੈ। ਸਾਡਾ ਉਦੇਸ਼ ਹੈ ਕਿ ਸਾਡੇ ਇਸ ਸਮਾਜਵਾਦੀ ਨਿਜ਼ਾਮ ’ਚ ਜ਼ਰਾ ਜਿੰਨਾ ਵੀ ਪਰਿਵਰਤਨ ਨਾ ਕੀਤਾ ਜਾਵੇ।

ਮੈਂ ਸੋਚਦਾ ਹਾਂ ਕਿ ਤੁਸੀਂ ਮੇਰੀ ਗੱਲ ’ਤੇ ਵਿਸ਼ਵਾਸ ਕਰੋਗੇ ਕਿ ਕ੍ਰਾਂਤੀਕਾਰੀ ਦੇਸ਼ ਭਗਤ ਲੋਕ ਭਾਰਤ ’ਚ ਭਾਰੀ ਸੰਖਿਆ ’ਚ ਹਨ, ਜਿਹੜੇ ਤਬਾਹਕੁੰਨ ਅਮਲਾਂ ’ਚ ਵਿਸ਼ਵਾਸ ਰੱਖਦੇ ਹਨ। ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਚਾਈ ਇੱਕਦਮ ਇਸ ਦੇ ਉਲਟ ਹੈ।

ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹਨ ਤੇ ਉਹਨਾਂ ਦੇ ਕ੍ਰਾਂਤੀਕਾਰੀ ਸੰਵਿਧਾਨ ’ਚ ਬੜੇ ਉਸਾਰੂ ਤੇ ਰਚਨਾਤਮਕ ਤੱਤ ਹਨ, ਇੱਥੋਂ ਤੱਕ ਕਿ ਮੌਜੂਦਾ ਹਾਲਾਤ ’ਚ ਵੀ ਉਹਨਾਂ ਪਾਸ ਤਬਾਹਕੁੰਨੀ ਦੇ ਬੜੇ ਮੌਕੇ ਹਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਸ਼ਹੀਦੀ ਦਿਨ ’ਤੇ ਵਿਸ਼ੇਸ਼

# ‘ਮਹਾਨ ਕ੍ਰਾਂਤੀਕਾਰੀ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ’



ਪ੍ਰੋ: ਐਚ.ਐਲ.ਕਪੂਰ

ਭਾਰਤ ਇਕ ਮਹਾਨ ਤੇ ਬੜਾ ਵਿਸ਼ਾਲ ਦੇਸ਼ ਹੈ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਦੇਸ਼ ’ਚ ਹਜ਼ਾਰਾਂ ਲੋਕਾਂ ਨੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ ਤੇ ਜੇਲ੍ਹਾਂ ’ਚ ਉਮਰ ਕੈਦਾਂ ਦੀ ਸਜਾ ਭੁਗਤੀ। ਇਹਨਾਂ ਦੇਸ਼ ਭਗਤ ਕ੍ਰਾਂਤੀਕਾਰੀ ਯੋਧਿਆਂ ਨੇ ਅੰਗਰੇਜ਼ ਸਰਕਾਰ ਦੇ ਜ਼ਬਰ-ਜ਼ੁਲਮ ਦਾ ਸਾਹਮਣਾ ਕੀਤਾ ਪਰ ਉਹ ਅੰਗਰੇਜ਼ ਹਕੂਮਤ ਦੇ ਇਸ ਜਬਰ ਤੋਂ ਡਰੇ ਨਹੀਂ ਸਗੋਂ ਫਾਂਸੀ ਦੇ ਰੱਸਿਆਂ ਨੂੰ ਆਪਣੇ ਗ਼ਲਾਂ ’ਚ ਆਪ ਪਾਇਆ ਤੇ ’ਇਨਕਲਾਬ ਜ਼ਿੰਦਾਬਾਦ’ ਦੇ ਜੈਕਾਰੇ ਛੱਡਦੇ ਹੋਏ ਸ਼ਹੀਦੀ ਜਾਮ ਪੀ ਗਏ। ਅਜਿਹੇ ਹੀ ਇਕ ਭਾਰਤੀ ਮਾਂ ਦੇ ਮਹਾਨ ਸਪੂਤ, ਮਹਾਨ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਨ ‘ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ’। ਉਹ ਮਹਾਰਾਸ਼ਟਰ ਦੀ ਧਰਤੀ ’ਤੇ ਪੈਦਾ ਹੋਏ ਇਕ ਮਹਾਨ ਇਨਕਲਾਬੀ ਯੋਧੇ ਸਨ, ਜਿਸ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਸਾਥੀ ਹੋਣ ਕਰਕੇ ਅਤੇ ਇਕ ਬ੍ਰਿਟਿਸ਼ ਪੁਲਿਸ ਅਧਿਕਾਰੀ ‘ਸਾਂਡਰਸ’ ਦੇ ਕਤਲ ਵਿਚ ਉਸ ਦੀ ਸ਼ਮੂਲੀਅਤ ਲਈ ਮੁੱਖ ਤੌਰ ਤੇ ਜਾਣਿਆ ਜਾਂਦਾ ਹੈ। ਅਸੀਂ ਜਿਸ ਤਰ੍ਹਾਂ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਆਜ਼ਾਦੀ ਲਈ ਕੀਤੀ ਕੁਰਬਾਨੀ ਨੂੰ ਮਾਣ ਤੇ ਸਤਿਕਾਰ ਦਿੰਦੇ ਹਾਂ, ਠੀਕ ਇਸੇ ਹੀ ਤਰ੍ਹਾਂ ਮਹਾਰਾਸ਼ਟਰ ਦੇ ਲੋਕ ਵੀ ਆਪਣੇ ਮਹਾਨ ਯੋਧੇ ਕ੍ਰਾਂਤੀਕਾਰੀ ‘ਸ਼ਿਵਰਾਮ ਹਰੀ ਰਾਜਗੁਰੂ’ ਨੂੰ ਮਾਣ ਸਤਿਕਾਰ ਦਿੰਦੇ ਤੇ ਉਸ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੀ ਸ਼ਹਾਦਤ ’ਤੇ ਫ਼ਖ਼ਰ ਮਹਿਸੂਸ ਕਰਦੇ ਹਨ।

ਰਾਜਗੁਰੂ ਦਾ ਪਿਤਾ ਹਰੀ ਨਰਾਇਣ ਕੰਮ ਦੀ ਭਾਲ ਕਰਦਾ-ਕਰਦਾ ਆਪਣੇ ਪਿੰਡ ਚਾਕਨ ਤੋਂ ਜਾ ਕੇ ਪਿੰਡ ਖੇਡ (ਨਜ਼ਦੀਕ ਪੁਣੇ, ਮਹਾਰਾਸ਼ਟਰ) ਵਿਚ ਵੱਸ ਗਿਆ ਸੀ। ਇੱਥੇ ਹੀ ਰਾਜਗੁਰੂ ਦਾ ਜਨਮ 24 ਅਗਸਤ 1908 ਨੂੰ ਹੋਇਆ। ਉਹ ਹਾਲੇ ਛੇ ਵਰ੍ਹਿਆਂ ਦਾ ਹੀ ਸੀ ਜਦੋਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਦੀ ਪਰਵਰਿਸ਼ ਉਸ ਦੇ ਵੱਡੇ ਭਰਾ ਨੇ ਕੀਤੀ। ਉਸ ਨੂੰ ਸਕੂਲ ਦਾਖਲ ਕਰਵਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ ’ਚ ਨਹੀਂ ਲੱਗਦਾ ਸੀ। ਉਹ ਤਾਂ ਹਰ ਸਮੇਂ ਖੇਡਣ ’ਚ ਮਸਤ ਰਹਿੰਦਾ ਸੀ। ਜਦੋਂ ਉਸ ਦੇ ਵੱਡੇ ਭਰਾ ਨੇ ਉਸ ’ਤੇ ਪੜ੍ਹਾਈ ਕਰਨ ਲਈ ਜ਼ੋਰ ਪਾਇਆ ਤਾਂ ਉਹ ਖਾਲੀ ਹੱਥ ਘਰੋਂ ਭੱਜ ਗਿਆ। ਰਾਜਗੁਰੂ ਕਈ ਦਿਨਾਂ ਤੱਕ ਭੁੱਖਾ-ਪਿਆਸਾ ਰਿਹਾ। ਆਖਿਰ ਉਹ ਬਨਾਰਸ ਪਹੁੰਚ ਗਿਆ। ਉਥੇ ਸੰਸਕ੍ਰਿਤ ਦੇ ਇਕ ਅਧਿਆਪਕ ਨੇ ਉਸ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਹ ਅਧਿਆਪਕ ਉਸ ਨੂੰ ਪੜ੍ਹਾਉਂਦਾ ਘੱਟ ਸੀ, ਘਰ ’ਚ ਨੌਕਰਾਂ ਦੀ ਤਰ੍ਹਾਂ ਕੰਮ ਜ਼ਿਆਦਾ ਲੈਂਦਾ ਸੀ। ਰਾਜਗੁਰੂ ਉਥੇ ਵੀ ਟਿਕ ਨਾ ਸਕਿਆ। ਉਸ ਤੋਂ ਬਾਅਦ ਉਸ ਨੂੰ ਬਨਾਰਸ ਦੇ ਇਕ ਸਕੂਲ ਵਿਚ ਪੀ. ਟੀ. ਮਾਸਟਰ ਦੀ ਨੌਕਰੀ ਮਿਲ ਗਈ। ਇਹ ਨੌਕਰੀ ਉਸ ਦੀ ਮਨਪਸੰਦ ਵੀ ਸੀ। ਵਿਦਿਆਰਥੀਆਂ ਨਾਲ ਰਚ-ਮਿਚ ਗਿਆ।

ਇੱਥੇ ਬਨਾਰਸ ’ਚ ਰਹਿੰਦਿਆਂ ਹੀ ਭਾਰਤ ਦੇ ਮਹਾਨ ਕ੍ਰਾਂਤੀਕਾਰੀ, ਸ਼ਿਵ ਵਰਮਾ ਨੇ ਉਸ ਨਾਲ ਸੰਪਰਕ ਕੀਤਾ ਤੇ ਰਾਜਗੁਰੂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਚੱਲ ਰਹੇ ਸੰਘਰਸ਼ ’ਚ ਸ਼ਾਮਲ ਹੋਣ ਲਈ ਪ੍ਰੇਰਿਆ। ਰਾਜਗੁਰੂ ਆਜ਼ਾਦੀ ਦੇ ਸੰਘਰਸ਼ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋਇਆ। ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਝ ਕਰਨਾ ਚਾਹੁੰਦਾ ਸੀ। ਉਸ ਨੇ ਗਰੀਬੀ ਦੀ ਜਹਾਲਤ ਤੇ ਭੁੱਖਮਰੀ ਦੇਖੀ ਸੀ ਤੇ ਉਹ ਭੁੱਖ ਨੂੰ ਬਰਦਾਸ਼ਤ ਕਰਨਾ ਜਾਣਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਦੇਸ਼ ਦੀ ਇਸ ਤਰ੍ਹਾਂ ਦੀ ਭੈੜੀ ਹਾਲਤ ਦਾ ਕਾਰਨ ਅੰਗਰੇਜ਼ਾਂ ਵੱਲੋਂ ਕੀਤੀ ਜਾਂਦੀ ਲੁੱਟ ਸੀ ਤੇ ਭਾਰਤ ਦਾ ਸਾਰਾ ਸਰਮਾਇਆ ਲੁੱਟ ਕੇ ਉਹ ਇੰਗਲੈਂਡ ਲਿਜਾ ਰਹੇ ਸਨ। ਉਹ ਜਲਦੀ ਹੀ ਕ੍ਰਾਂਤੀਕਾਰੀ ਦਲ ਵਿਚ ਸ਼ਾਮਲ ਹੋ ਗਿਆ ਤੇ ਲਾਹੌਰ ਪਹੁੰਚ ਗਿਆ। ਉਥੇ ਕ੍ਰਾਂਤੀਕਾਰੀ ਲਹਿਰ ’ਚ ਕੰਮ ਕਰਦਿਆਂ ਉਹ ਸਰਦਾਰ ਭਗਤ ਸਿੰਘ ਦਾ ਨਜ਼ਦੀਕੀ ਸਾਥੀ ਤੇ ਵਧੀਆ ਦੋਸਤ ਬਣ ਗਿਆ। ਉਹ ਸਰਦਾਰ ਭਗਤ ਸਿੰਘ ਜੀ ਦੀ ਬਹੁਤ ਪ੍ਰਸੰਸਾ ਕਰਦਾ ਸੀ। ਰਾਜਗੁਰੂ ’ਚ ਸ਼ੌਂਕ-ਏ-ਸ਼ਹਾਦਤ ਦਾ ਅਥਾਹ ਜਜ਼ਬਾ ਸੀ। ਉਹ ਹਰ ਸਮੇਂ, ਹਰ ਗੱਲ ’ਚ ਆਪਣਾ ਮੁਕਾਬਲਾ ਸਰਦਾਰ ਭਗਤ ਸਿੰਘ ਨਾਲ ਕਰਦਾ ਸੀ। ਉਹ ਚਾਹੁੰਦਾ ਸੀ ਕਿ ਦੇਸ਼ ਹਿੱਤ ਕੁਰਬਾਨ ਹੋਣ ’ਚ ਜੇ ਉਹ ਸਰਦਾਰ ਭਗਤ ਸਿੰਘ ਤੋਂ ਅੱਗੇ ਨਹੀਂ ਜਾ ਸਕਦਾ ਤਾਂ ਉਸ ਤੋਂ ਕਿਸੇ ਵੀ ਹਾਲਾਤ ਵਿਚ ਪਿੱਛੇ ਨਾ ਰਹੇ। ਜੋ ਕੰਮ ਭਗਤ ਸਿੰਘ ਕਰਦਾ ਸੀ, ਉਹੀ ਕੰਮ ਰਾਜਗੁਰੂ ਕਰਨਾ ਲੋਚਦਾ ਸੀ।



ਸਰਦਾਰ ਭਗਤ ਸਿੰਘ ਤੇ ਰਾਜਗੁਰੂ ਦੋਵੇਂ ਬਹੁਤ ਪੱਕੇ ਨਿਸ਼ਾਨੇਬਾਜ਼ ਸਨ। ਸੰਨ 1928 ’ਚ ਜਦੋਂ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਉਪਰੰਤ ’ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ’ ਨੇ ਅੰਗਰੇਜ਼ਾਂ ਤੋਂ ਇਸ ਅਪਮਾਨ ਦਾ ਬਦਲਾ ਲੈਣ ਦਾ ਫੈਸਲਾ ਲਿਆ ਤਾਂ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦੀ ਜ਼ਿੰਮੇਵਾਰੀ ਰਾਜਗੁਰੂ ਤੇ ਭਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਥਾਣੇ ’ਚੋਂ ਮੋਟਰ ਸਾਇਕਲ ਉੱਤੇ ਨਿਕਲ ਰਹੇ ਅੰਗਰੇਜ਼ ਅਫਸਰ ਉੱਤੇ ਰਾਜਗੁਰੂ ਨੇ ਗੋਲੀ ਚਲਾ ਦਿੱਤੀ ਪਰ ਇਹ ਸਕਾਟ ਨਹੀਂ ਸਾਂਡਰਸ ਸੀ। ਉਹ ਮੋਟਰ ਸਾਈਕਲ ਤੋਂ ਡਿੱਗ ਪਿਆ। ਡਿੱਗੇ ਪਏ ਅਫਸਰ ਉੱਤੇ ਦੋ ਗੋਲੀਆਂ ਭਗਤ ਸਿੰਘ ਨੇ ਵੀ ਚਲਾ ਦਿੱਤੀਆਂ। ਉਹ ਸਾਰੇ ਉਥੋਂ ਨਿਕਲ ਗਏ। ਜਦੋਂ ਸਾਰੇ ਇਕ ਥਾਂ ਇਕੱਠੇ ਹੋਏ ਤਾਂ ਸਭ ਰਾਜਗੁਰੂ ਦੀ ਤਾਰੀਫ਼ ਕਰਨ ਲੱਗੇ ਕਿ ਉਸ ਨੇ ਅਫਸਰ ਦੇ ਢਿੱਡ ’ਚ ਗੋਲੀ ਮਾਰੀ। ‘ਨਹੀਂ, ਮੈਂ ਤਾਂ ਪੁੜਪੁੜੀ ਦਾ ਨਿਸ਼ਾਨਾ ਲਿਆ ਸੀ- ਪਿਸਤੌਲ ਹੀ ਨਿਕੰਮਾ ਸੀ- ਜਿਹੜਾ ਹਿੱਲ ਗਿਆ।’ ਰਾਜਗੁਰੂ ਨੇ ਕਿਹਾ। ਉਹ ਬਹੁਤ ਹੀ ਸਿੱਧੇ ਸੁਭਾਅ ਦਾ ਪਰ ਮਘਦੇ ਜਜ਼ਬੇ ਵਾਲਾ ਕ੍ਰਾਂਤੀਕਾਰੀ ਸੀ। ਜਦੋਂ ਭਗਤ ਸਿੰਘ ਨੂੰ ਦਿੱਲੀ ਅਸੈਂਬਲੀ ’ਚ ਬੰਬ ਸੁੱਟਣ ਲਈ ਨਾਮਜ਼ਦ ਕੀਤਾ ਗਿਆ ਤਾਂ ਕਮੇਟੀ ਵਿਚ ਰਾਜਗੁਰੂ ਨੇ ਬਹੁਤ ਜ਼ੋਰ ਲਾਇਆ ਸੀ ਕਿ ਇਹ ਡਿਊਟੀ ਭਗਤ ਸਿੰਘ ਦੀ ਥਾਂ ਉਸ ਨੂੰ ਸੌਂਪੀ ਜਾਵੇ ਜਾਂ ਘੱਟੋ-ਘੱਟ ਉਸ ਨੂੰ ਭਗਤ ਸਿੰਘ ਦਾ ਸਾਥੀ ਬਣਾ ਕੇ ਉਥੇ ਭੇਜਿਆ ਜਾਵੇ। ਦੂਜੇ ਕ੍ਰਾਂਤੀਕਾਰੀਆਂ ਨੇ ਕਿਹਾ ਕਿ ਗ੍ਰਿਫਤਾਰੀ ਹੋਣ ਦੀ ਸੂਰਤ ਵਿਚ ਉਹ ਪਾਰਟੀ ਦਾ ਪੱਖ ਪੂਰੀ ਤਰ੍ਹਾਂ ਪੇਸ਼ ਨਹੀਂ ਕਰ ਸਕੇਗਾ ਕਿਉਂਕਿ ਉਸ ਨੂੰ ਅੰਗਰੇਜ਼ੀ ਨਹੀਂ ਆਉਂਦੀ। ਉਹ ਝਾਂਸੀ ਗਿਆ। ਚੰਦਰ ਸ਼ੇਖਰ ਆਜ਼ਾਦ ਨਾਲ ਗੱਲ ਕੀਤੀ, ਮੈਨੂੰ ਅੰਗਰੇਜ਼ੀ ਵਿਚ ਬਿਆਨ ਤਿਆਰ ਕਰ ਦੇਣਾ, ਮੈਂ ਉਸ ਨੂੰ ਰੱਟ ਕੇ ਬੋਲ ਦੇਵਾਂਗਾ।’ ਅਕਸਰ ਸੰਸਕ੍ਰਿਤ ਨੂੰ ਵੀ ਮੈਂ ਘੋਟਾ ਹੀ ਲਾਉਂਦਾ ਹਾਂ। ਪਰ ਰਾਜਗੁਰੂ ਦੀ ਇਹ ਮੰਗ ਪ੍ਰਵਾਨ ਨਾ ਹੋਈ। ਮਿਤੀ 6 ਅਪ੍ਰੈਲ 1929 ਨੂੰ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਬੰਬ ਸੁੱਟਣ ਦੇ ਨਾਲ-ਨਾਲ ਲਾਹੌਰ ਸਾਜ਼ਿਸ਼ ਕੇਸ ਅਧੀਨ ਸੁਖਦੇਵ, ਭਗਤ ਸਿੰਘ, ਸ਼ਿਵ ਵਰਮਾ, ਗਯਾ ਪ੍ਰਸਾਦ, ਜਤਿੰਦਰਨਾਥ ਦਾਸ, ਜੈਦੇਵ ਕਪੂਰ, ਬਟੁਕੇਸ਼ਵਰ ਦੱਤ, ਕਮਲ-ਨਾਥ, ਭਗਵਾਨ ਦਾਸ ਮਹੌਰ, ਜਤਿੰਦਰ ਨਾਥ ਸਾਨਿਆਲ, ਆਸ਼ਾ ਰਾਮ, ਪ੍ਰੇਮ ਦੱਤ, ਦੇਸ਼ ਰਾਜਾ, ਮਹਾਂਬੀਰ ਸਿੰਘ, ਸੁਰੇਂਦਰ ਪਾਂਡੇ, ਅਜੈ ਘੋਸ਼ ਅਤੇ ਰਾਜਗੁਰੂ ਖਿਲਾਫ ਮੁਕੱਦਮਾ ਚੱਲਿਆ। ਚੰਦਰ ਸ਼ੇਖਰ ਫਰਾਰ ਆਜ਼ਾਦ ਸਨ। ਇਹ ਮੁਕੱਦਮਾ ਲਾਹੌਰ ਚੱਲਿਆ। ਅਕਤੂਬਰ 1930 ਨੂੰ ਮੁਕੱਦਮੇ ਦਾ ਫੈਸਲਾ ਸੁਣਾ ਦਿੱਤਾ ਗਿਆ। ਸੁਖਦੇਵ ਅਤੇ ਭਗਤ ਸਿੰਘ ਦੇ ਨਾਲ-ਨਾਲ ਰਾਜਗੁਰੂ ਨੂੰ ਵੀ ਫਾਂਸੀ ਦੀ ਸਜਾ ਸੁਣਾਈ ਗਈ। ਰਾਜਗੁਰੂ ਬੇਹੱਦ ਖੁਸ਼ ਸੀ ਕਿਉਂਕਿ ਉਸ ਦੀ ਭਗਤ ਸਿੰਘ ਨਾਲ ਸ਼ਹੀਦ ਹੋਣ ਦੀ ਸੱਧਰ ਪੂਰੀ ਹੋਣ ਵਾਲੀ ਸੀ। ਲੋਕਾਂ ’ਚ ਇਹਨਾਂ ਸਜ਼ਾਵਾਂ ਵਿਰੁੱਧ ਪਾਰੀ ਰੋਸ ਸੀ। ਉਹਨਾਂ ਨੇ ਜਲਸੇ ਕੀਤੇ, ਜਲੂਸ ਕੱਢੇ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਨਾ ਦਿੱਤੀ ਜਾਵੇ ਪਰ ਪ੍ਰੀਵੀ ਕੌਂਸਲ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਉਨ੍ਹਾਂ ਨੂੰ 23 ਮਾਰਚ 1931 ਨੂੰ ਸ਼ਾਮ ਵੇਲੇ ਲਾਹੌਰ ਜੇਲ੍ਹ ਅੰਦਰ ਫਾਂਸੀ ’ਤੇ ਚੜ੍ਹਾਉਣ ਦੀ ਵਿਉਂਤ ਬਣਾਈ ਗਈ। ਭਾਰਤ ਮਾਂ ਦੇ ਇਹ ਤਿੰਨੋਂ ਲਾਲ ਕਾਲ-ਕੋਠੜੀ ਤੋਂ ’ਇਨਕਾਬ ਜ਼ਿੰਦਾਬਾਦ’ ਦੇ ਨਾਅਰੇ ਲਾਉਂਦਿਆਂ ਫਾਂਸੀ ਘਰ ਵੱਲ ਵਧੇ ਅਤੇ ਉਹਨਾਂ ਨੇ ਹੱਸਦਿਆਂ-ਹੱਸਦਿਆਂ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ ਤੇ ਦੇਸ਼ ਲਈ ਸ਼ਹੀਦ ਹੋ ਗਏ।

ਫਾਂਸੀ ਲੱਗਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਮ੍ਰਿਤਕ ਸਰੀਰ ਇਹਨਾਂ ਦੇ ਵਾਰਸਾਂ ਨੂੰ ਨਹੀਂ ਦਿੱਤੇ ਕਿਉਂਕਿ ਹਜ਼ਾਰਾਂ ਦੀ ਗਿਣਤੀ ’ਚ ਲੋਕਾਂ ਨੇ ਜੇਲ੍ਹ ਦਾ ਘਿਰਾਓ ਕੀਤਾ ਹੋਇਆ ਸੀ ਤੇ ਜੇਲ੍ਹ ਦੇ ਬਾਹਰ ਸਰਕਾਰ ਦੇ ਖਿਲਾਫ ਨਾਅਰੇ ਵੱਜ ਰਹੇ ਸਨ ਤੇ ਸਰਕਾਰ ਨੂੰ ਡਰ ਸੀ ਕਿ ਜੇਕਰ ਇਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ ਗਈਆਂ ਤਾਂ ਲੋਕ ਜ਼ਿਆਦਾ ਭੜਕਣਗੇ ਤੇ ਹੋ ਸਕਦਾ ਹੈ ਕਿ ਸਾਰੇ ਦੇਸ਼ ’ਚ ਅੰਗਰੇਜ਼ ਸਰਕਾਰ ਦੇ ਖਿਲਾਫ ਲੋਕ ਸੜਕਾਂ ਤੇ ਆ ਜਾਣਗੇ ਤੇ ਸਰਕਾਰ ਲਈ ਹਾਲਾਤ ’ਤੇ ਕਾਬੂ ਪਾਉਣਾ ਮੁਸ਼ਕਿਲ ਹੋਵੇਗਾ। ਇਸੇ ਗੱਲੋਂ ਡਰਦਿਆਂ ਸਰਕਾਰ ਨੇ ਫਾਂਸੀ ਦੀ ਅਸਲ ਤਾਰੀਖ ਜਿਹੜੀ ਕਿ 24 ਮਾਰਚ 1931 ਸੀ, ਪਰ ਉਕਤ ਡਰੋਂ, ਉਸਨੇ ਇਕ ਦਿਨ ਪਹਿਲਾਂ ਹੀ 23 ਮਾਰਚ 1931 ਨੂੰ ਇਹਨਾਂ ਤਿੰਨਾਂ ਨੂੰ ਫਾਂਸੀ ’ਤੇ ਚਾੜ੍ਹ ਦਿੱਤਾ ਤੇ ਇਹਨਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ ਤਾਂ ਕਿ ਇਹ ਜਲਦੀ ਜ਼ਲ ਜਾਣ, ਬੋਰਿਆਂ ’ਚ ਪਾ ਲਿਆ ਤੇ ਲਾਸ਼ਾਂ ਜੇਲ੍ਹ ਦੇ ਪਿਛਵਾੜਿਉਂ ਦੀ, ਲੋਕਾਂ ਤੋਂ ਅੱਖ ਬਚਾਅ ਕੇ ਕੱਢ ਲਿਆ ਤੇ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਤਲੁਜ ਦਰਿਆ ਦੇ ਕਿਨਾਰੇ ਤੇਲ ਪਾ ਕੇ ਜ਼ਲਾ ਦਿੱਤਾ। ਜਦੋਂ ਉਥੋਂ ਦੇ ਸਥਾਨਕ ਲੋਕਾਂ ਨੂੰ ਦਰਿਆ ਦੇ ਕਿਨਾਰੇ ਅੱਗ ਬਲਦੀ ਦੇਖੀ ਤਾਂ ਲੋਕ ਇਕੱਤਰ ਹੋ ਗਏ ਤੇ ਪੁਲਿਸ ਅੱਧ ਜਲੀਆਂ ਲਾਸ਼ਾਂ ਨੂੰ ਦਰਿਆ ’ਚ ਸੁੱਟਣ ਦਾ ਯਤਨ ਕਰਦੀ ਹੋਈ, ਦੌੜ ਗਈ। ਲੋਕਾਂ ਨੇ ਲਾਸ਼ਾਂ ਦੇ ਟੁਕੜੇ ਇਕੱਠੇ ਕਰਕੇ ਤਿੰਨਾਂ ਹੀ ਮਹਾਨ ਕ੍ਰਾਂਤੀਕਾਰੀਆਂ ਦਾ ਅੰਤਿਮ ਸੰਸਕਾਰ ਉਥੇ ਹੀ ਦਰਿਆ ਸਤਲੁਜ ਦੇ ਕਿਨਾਰੇ ’ਤੇ ਕਰ ਦਿੱਤਾ। ਇਸ ਘਟਨਾ ਤੋਂ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੰਗਰੇਜ਼ ਸਰਕਾਰ ਆਜ਼ਾਦੀ ਦੀ ਮੰਗ ਕਰਨ ਵਾਲੇ ਦੇਸ਼ ਭਗਤ, ਕ੍ਰਾਂਤੀਕਾਰੀਆਂ ਪ੍ਰਵਾਨਿਆਂ ’ਤੇ ਕਿੰਨੀ ਬਰਬਰਤਾ ਤੇ ਕਰੂਰ ਵਤੀਰੇ ਨਾਲ ਪੇਸ਼ ਆਉਂਦੀ ਸੀ। ਇਸੇ ਜਗ੍ਹਾ ਤੇ ਇਹਨਾਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਯਾਦ ’ਚ ਇਹਨਾਂ ਤਿੰਨਾਂ ਦੀਆਂ ਸਮਾਧਾਂ, ਇਸ ਗੱਲ ਦਾ ਪ੍ਰਤੀਕ ਹਨ।

## ਡਾ. ਵਰਿਆਮ ਸਿੰਘ ਸੰਧੂ ਦੀ ਪੁਸਤਕ ਬਾਰੇ ਵਿਚਾਰ-ਚਰਚਾ 28 ਨੂੰ

**ਜਲੰਧਰ–** ਪੰਜਾਬੀ ਦੇ ਸਿਰਮੌਰ ਲੇਖਕ ਡਾ. ਵਰਿਆਮ ਸਿੰਘ ਸੰਧੂ ਦੀ ਵਾਰਤਕ ਪੁਸਤਕ ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ ਬਾਰੇ ਵਿਚਾਰ-ਚਰਚਾ ਹਿੱਤ ਇੱਕ ਸਮਾਗਮ 28 ਮਾਰਚ ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ, ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਤੇ ਸੈਮੀਨਾਰ ਹਾਲ ਦੇ ਕਨਵੀਨਰ ਪ੍ਰੋ. ਡਾ. ਗੋਪਾਲ ਸਿੰਘ ਬੁੱਟਰ ਨੇ ਦੱਸਿਆ ਕਿ ਪੁਸਤਕ ਬਾਰੇ ਬਤੌਰ ਮੁੱਖ ਵਕਤਾ ਕਾ. ਮੰਗਤ ਰਾਮ ਪਾਸਲਾ, ਜਨਰਲ ਸਕੱਤਰ ਆਰ.ਐਮ.ਪੀ.ਆਈ. ਆਪਣੇ ਵਿਚਾਰ ਰੱਖਣਗੇ। ਉਹਨਾਂ ਉਪਰੰਤ ਹਾਜ਼ਰ ਵਿਦਵਾਨ ਚਰਚਾ ਨੂੰ ਅੱਗੇ ਤੋਰਨਗੇ।

ਸਮਾਗਮ ਵਿੱਚ ਕਾ. ਅਜਮੇਰ ਸਿੰਘ ਸਮਰਾ, ਪ੍ਰਧਾਨ ਦੇਸ਼ ਭਗਤ ਯਾਦਗਾਰ ਜਲੰਧਰ, ਜਨਰਲ ਸਕੱਤਰ ਕਾ. ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਾ. ਜਸਵੀਰ ਸਿੰਘ ਸ਼ੀਰਾ ਜੌਹਲ, ਕਾ. ਕੁਲਬੀਰ ਸਿੰਘ ਸੰਘੇੜਾ (ਇੰਡੀਅਨ ਵਰਕਰਜ਼ ਐਸੋਸੀਏਸ਼ਨ ਬਰਮਿੰਘਮ) ਤੇ ਪੁਸਤਕ ਦੇ ਲੇਖਕ ਡਾ. ਵਰਿਆਮ ਸਿੰਘ ਸੰਧੂ ਵਿਚਾਰ-ਚਰਚਾ ਵਿੱਚ ਸ਼ਿਰਕਤ ਕਰਨਗੇ। ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸਮੂਹ ਰਾਜਸੀ, ਸਮਾਜਕ ਤੇ ਵਿੱਦਿਅਕ ਸੰਸਥਾਵਾਂ ਨਾਲ ਸਬੰਧਿਤ ਪਾਠਕਾਂ ਤੇ ਚਿੰਤਕਾਂ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

## ਪ੍ਰਗਤੀ ਕਲਾ ਕੇਂਦਰ (ਰਜਿ।) ਲਾਂਦੜਾ ਜਲੰਧਰ ਵੱਲੋਂ ਛੇਵਾਂ ਦੋ ਰੋਜ਼ਾ ਕ੍ਰਾਂਤੀ ਮੇਲਾ 2023 ਸੰਪੰਨ

**ਜਲੰਧਰ (ਚਰਨਜੀਤ ਸਿੰਘ ਦੀ ਬਿਨਪਾਲਕੇ)–** ਟੀਮ ਪ੍ਰਗਤੀ ਕਲਾ ਕੇਂਦਰ ਲਾਂਦੜਾ (ਰਜਿ) ਵਲੋਂ 6ਵੇਂ ਦੋ ਰੋਜ਼ਾ ਕ੍ਰਾਂਤੀ ਮੇਲੇ ਤਹਿਤ ਪਹਿਲੇ ਦਿਨ ਮਿਤੀ 4 ਮਾਰਚ ਦਿਨ ਸ਼ਨੀਵਾਰ ਨੂੰ ਬਹੁਜਨ ਨਾਇਕਾਂ ਨੂੰ ਸਮਰਪਿਤ ਪੋਰਟਰੇਟ ਚਿੱਤਰਕਲਾ ਮੁਕਾਬਲਾ ਕਰਵਾਇਆ ਗਿਆ।ਜਿਸ ਵਿਚ ਬਾਬਾ ਸਾਹਿਬ ਡਾ।ਭੀਮ ਰਾਓ ਘੜ ਅੰਬੇਡਕਰ, ਸਾਹਿਬ ਕਾਂਸ਼ੀ ਰਾਮ, ਚਰਨ ਦਾਸ ਨਿਧੜਕ, ਮੰਗੂ ਰਾਮ ਮੁੱਗੋਵਾਲੀਆ ਅਤੇ ਰੰਗ-ਮੰਚ ਦੇ ਯੋਧੇ ਮਾਸਟਰ ਮੱਖਣ ਕ੍ਰਾਂਤੀ ਜੀ ਦੇ ਪੋਰਟਰੇਟ ਵੱਖ ਵੱਖ ਵਿਦਿਆਰਥੀਆਂ ਵਲੋਂ ਬਣਾਏ ਗਏ।ਜਿਹਨਾਂ ਵਿੱਚ 18 ਬੱਚਿਆਂ ਨੇ ਭਾਗ ਲਿਆ। ਬੱਚਿਆਂ ਦੇ 'ਏ' ਅਤੇ ' ਬੀ ' ਗਰੁੱਪ ਬਣਾਏ ਗਏ ਜੇਤੂ ਵਿਦਿਆਰਥੀਆਂ ਨੂੰ ਦੂਜੇ ਦਿਨ ਸਨਮਾਨ ਦਿੱਤਾ ਗਿਆ।ਜਿਸ ਵਿਚ ਏ ਗਰੁੱਪ ਵਿਚ ਪਹਿਲਾ ਸਥਾਨ ਬੇਟੀ ਮੂਨ ਵਰਮਾ (ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ) ਨੇ ਪ੍ਰਾਪਤ ਕੀਤਾ ਜਿਹਨਾਂ ਨੇ ਮੱਖਣ ਕ੍ਰਾਂਤੀ ਜੀ ਦਾ ਚਿੱਤਰ ਬਣਾਇਆ। ਜਸਵੰਤ ਸੁਲਤਾਨਪੁਰੀ (ਜਲੰਧਰ) ਨੇ ਚਰਨ ਦਾਸ ਨਿਧੜਕ ਦਾ ਚਿੱਤਰ ਬਣਾ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਤੀਜਾ ਸਥਾਨ ਸੁਮਨ (ਗੌਰਮਿੰਟ ਕਾਲਜ ਹੁਸ਼ਿਆਪੁਰ) ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦਾ ਚਿੱਤਰ ਬਣਾ ਕੇ ਪ੍ਰਾਪਤ ਕੀਤਾ।







ਭ ਗਰੁੱਪ ਦੇ ਵਿਚ ਪਹਿਲਾ ਸਥਾਨ ਸਾਹਿਲ ਕੁਮਾਰ (ਲਾਇਲਪੁਰ ਖ਼ਾਲਸਾ ਕਾਲਜ) ਨੇ ਸਾਹਿਬ ਕਾਂਸ਼ੀ ਰਾਮ ਜੀ ਦਾ ਚਿੱਤਰ ਬਣਾ ਕੇ ਪ੍ਰਾਪਤ ਕੀਤਾ।ਦੂਜਾ ਸਥਾਨ ਆਂਚਲ ਸਲੂਜਾ (ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ) ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਚਿੱਤਰ ਬਣਾ ਕੇ ਪ੍ਰਾਪਤ ਕੀਤਾ। ਤੀਜਾ ਸਥਾਨ ਜਸਲੀਨ ਕੌਰ ਅਰੋੜਾ ਨੂੰ ਪ੍ਰਾਪਤ ਕੀਤਾ ਜਿਹਨਾਂ ਨੇ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦਾ ਚਿੱਤਰ ਬਣਾਇਆ। ਏ ਗਰੁੱਪ ਦੇ ਵਿਦਿਆਰਥੀਆਂ ਨੂੰ ਪਹਿਲਾ ਇਨਾਮ 5100,ਦੂਜਾ ਇਨਾਮ 3100, ਤੀਜਾ ਇਨਾਮ 1500 ਦਿੱਤਾ ਗਿਆ। ਬੀ ਗਰੁੱਪ ਦੇ ਵਿਦਿਆਰਥੀਆਂ ਨੂੰ ਪਹਿਲਾ ਇਨਾਮ 8100,ਦੂਜਾ ਇਨਾਮ 5500,ਤੀਜਾ ਇਨਾਮ 3100 ਦਿੱਤਾ ਗਿਆ। ਇਹ ਇਨਾਮ 5 ਮਾਰਚ ਦਿਨ ਐਤਵਾਰ ਕ੍ਰਾਂਤੀ ਮੇਲੇ ਵਿੱਚ ਵਿਦਿਆਰਥੀਆਂ ਨੂੰ ਦਿੱਤੇ ਗਏ। ਇਸ ਮੁਕਾਬਲੇ ਲਈ ਜੱਜ ਦੀ ਭੂਮਿਕਾ ਆਨੰਦ ਸੀ। ਸ਼ਿੰਦੇ (ਪ੍ਰੋਫੈਸਰ ਗੌਰਮਿੰਟ ਆਰਟ ਕਾਲਜ ਚੰਡੀਗੜ੍ਹ), ਪ੍ਰੋਫੈਸਰ ਪ੍ਰਸਾਦ ਕੁਮਾਰ ਸਵੈਨ (ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ) ਅਤੇ ਵਿਵੇਕ ਆਰਟਿਸਟ (ਜਲੰਧਰ) ਜੀ ਨੇ ਨਿਭਾਈ। ਇਸ ਚਿੱਤਰਕਲਾ ਮੁਕਾਬਲੇ ਦੇ ਮੁੱਖ ਪ੍ਰਬੰਧਕ ਦੀ ਭੂਮਿਕਾ ਨਿਭਾ ਰਹੇ ਕੁਲਪ੍ਰੀਤ ਰਾਣਾ (ਪ੍ਰਗਤੀ ਆਰਟਿਸਟ ਗਰੁੱਪ) ਇਕਾਈ ਪ੍ਰਗਤੀ ਕਲਾ ਕੇਂਦਰ ਲਾਂਦੜਾ ਨੇ ਆਏ ਹੋਏ ਸਾਰੇ ਹੀ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਹ ਚਿੱਤਰਕਲਾ ਮੁਕਾਬਲਾ ਦੀਪਕ ਕੁਮਾਰ,ਰੌਸ਼ਨ ਭਾਰਤੀ,ਸਤਵਿੰਦਰ ਮਦਾਰਾ ਦੇ ਸਹਿਯੋਗ ਨਾ.ਲ ਸੰਪੰਨ ਹੋਇਆ। ਚਿੱਤਰਕਲਾ ਮੁਕਾਬਲਾ ਖਤਮ ਹੋਣ ਉਪਰੰਤ ਵਿਦਿਆਰਥੀਆਂ ਨੂੰ ਪ੍ਰਗਤੀ ਕਲਾ ਕੇਂਦਰ ਦੀਆਂ ਲਘੂ ਕਲਾ ਫ਼ਿਲਮਾਂ ਦਾ ਸ਼ੋਅ ਵੀ ਦਿਖਾਇਆ ਗਿਆ।

# ਉੱਤਰ-ਆਧੁਨਿਕਤਾ ਬਨਾਮ ਜੋਖਮ ਸਮਾਜ

**ਡਾ. ਗੁਰਪ੍ਰੀਤ ਸਿੰਘ**
**ਅਸਿਸਟੈਂਟ ਪ੍ਰੋਫੈਸਰ (ਸਮਾਜ ਵਿਗਿਆਨ ਵਿਭਾਗ)**
**91-99142-63381**

ਬਦਲਾਅ ਅਤੇ ਵਿਕਾਸ ਸਮਾਜ ਦੀ ਹੋਂਦ ਲਈ ਅਵੱਸ਼ਕ ਹਨ. ਤੱਤਕ-ਾਲੀਨ ਸਮਾਜ ਪਹਿਲਾਂ ਐਵੇਂ ਦਾ ਨਹੀ ਸੀ. ਸਗੋਂ ਇਹ ਸਮਾਜ ਸਰਲਤਾ ਤੋਂ ਜਟਿਲਤਾ ਵੱਲ ਹੋਏ ਕ੍ਰਮਕ-ਵਿਕਾਸ ਦਾ ਨਤੀਜਾ ਹੈ. ਇਸ ਪੜਾਅ-ਦਰ-ਪੜਾਅ ਹੋਏ ਕ੍ਰਮਕ-ਵਿਕਾਸ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਦੋਨੋਂ ਹੀ ਪੱਖ ਹਨ। ਇਸ ਵਿਕਾਸ ਦੇ ਸਾਕਾਰਾਤਮਕ ਪੱਖ ਅਨੁਸਾਰ, ਬੇਸ਼ਰਤ, ਬਹੁਤ ਸਾਰੀਆਂ ਵਿਗਿਆਨਕ ਅਤੇ ਤਕਨੀਕੀ ਮਨੁੱਖੀ ਕਾਢਾਂ ਨੇ ਸਮਾਜਿਕ ਉੱਨਤੀ ਲਈ ਅਲੱਗ-ਅਲੱਗ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ ਜਿਵੇਂ ਸੰਚਾਰ, ਆਵਾਜਾਈ, ਸਿੱਖਿਆ, ਭੋਜਨ ਸੰਬੰਧੀ ਆਦਿ। ਨਤੀਜਾ, ਇਨ੍ਹਾਂ ਕਾਢਾਂ ਕਾਰਨ ਮਨੁੱਖੀ ਜੀਵਨ ਸੌਖਾ ਹੋਇਆ ਜਾਪਦਾ ਹੈ।

ਪਰ, ਇਸ ਵਿਕਾਸ ਦੇ ਨਾਕਾਰਾਤਮਕ ਪੱਖ ਅਨੁਸਾਰ, ਸਮ-ਾਜਿਕ ਸੱਭਿਆਚਾਰ ਅਤੇ ਵਾਤਾਵਰਨ ਵਿੱਚ ਨਾ-ਪੂਰਨ ਯੋਗ ਬਦਲਾਅ ਆਏ ਹਨ। ਸਮਾਜ ਵਿੱਚ ਹੋਈਆਂ ਆਧੁਨਿਕ ਵਿਗਿਆਨਕ ਅਤੇ ਤਕਨੀਕੀ ਕਾਢਾਂ ਨੇ ਮਨੁੱਖੀ ਜੀਵਨ ਨੂੰ ਭਾਵੇਂ ਸੌਖਾ ਜਰੂਰ ਕੀਤਾ ਹੈ ਪਰ ਇਨ੍ਹਾਂ ਕਾਢਾਂ ਨੇ ਮਨੁੱਖਤਾ ਲਈ ਬਹੁਤ ਸਾਰੀਆਂ ਬਿਪਤਾਵਾਂ ਪੈਦਾ ਕੀਤੀਆਂ ਹਨ. ਆਧੁਨਿਕ ਮਨੁੱਖ ਜੋਖਮ ਸਮਾਜ (Risk Soicety) ਵਿੱਚ ਰਹਿ ਰਿਹਾ ਹੈ. ਜਰਮਨ ਸਮਾਜ-ਵਿਗਿਆਨੀ ਉਲਰਿਕ ਬੈਕ ਦਾ ਕੰਮ ਆਧੁਨਿਕ ਯੁੱਗ ਵਿੱਚ ਬੇਕਾਬੂਤਾ, ਅਗਿਆਨਤਾ ਅਤੇ ਅਨਿਸ਼ਚਿਤਤਾ ਤੇ ਕੇਂਦ੍ਰਿਤ ਸੀ. ਉਸਨੇ 'ਪੂਰਵ-ਆਧੁਨਿਕਤਾ', 'ਆਧੁਨਿਕਤਾ' ਅਤੇ 'ਉੱਤਰ-ਆਧੁਨਿਕਤਾ ਜਾਂ ਰਿਫਲੈਕਸੀਵਿਟੀ' ਦੇ ਸੰਕਲਪਾਂ ਰਾਹੀਂ ਸਮਾਜ ਦੀ ਪਰਿਵਰਤਨਸ਼ੀਲਤਾ ਨੂੰ ਪੇਸ਼ ਕੀਤਾ ਹੈ. ਪੂਰਵ-ਆਧੁਨਿਕ ਸਮਾਜ ਪਰੰਪਰਾਵਾਦੀ ਸਮਾਜ ਸੀ ਜਿਸ ਵਿੱਚ ਨਾ-ਗਿਣਨਯੋਗ ਜੋਖਮ ਹੋਣ ਕਰਕੇ ਇਹ ਡਰ ਨਹੀਂ ਸੀ ਕਿ ਅਗਲੀ ਬਿਪਤਾ ਕਦੋਂ ਆਵੇਗੀ. ਆਧੁਨਿਕ ਸਮਾਜ ਉਦਯੋਗਿਕ ਸਮਾਜ ਹੋਣ ਕਰਕੇ ਇਸ ਵਿੱਚ ਜੋਖਮ ਗਿਣਨਯੋਗ ਹੋ ਗਿਆ, ਪਰ ਉੱਤਰ-ਆਧੁਨਿਕ ਸਮਾਜ ਵਿੱਚ ਫਿਰ ਦੁਬਾਰਾ ਨਾ-ਗਿਣਨਯੋਗ ਜੋਖਮ ਆਇਆ. ਬੈਕ ਦਲੀਲ ਦਿੰਦਾ ਹੈ ਕਿ ਆਧੁਨਿਕ ਸਮਾਜ ਵਿੱਚ ਮੌਜੂਦ ਜੋਖਮ ਇੱਕ ਵਿਸ਼ਵ-ਵਿਆਪੀ ਜੋਖਮ ਸਮਾਜ ਦੇ ਗਠਨ ਵਿੱਚ ਯੋਗਦਾਨ ਪਾਵੇਗਾ। ਤਕਨਾਲੋਜੀ ਜੋਖਮਾਂ ਦੇ ਨਵੇਂ-ਨਵੇਂ ਰੂਪ ਪੈਦਾ ਕਰਦੀ ਹੈ. ਵਿਅਕਤੀ ਨੂੰ ਹਮੇਸ਼ਾ ਤਬਦੀਲੀਆਂ ਦਾ ਉੱਤਰ ਦੇਣ ਅਤੇ ਉਨ੍ਹਾਂ ਨਾਲ ਅਨੁਕੂਲਤਾ ਦੀ ਜਰੂਰਤ ਹੁੰਦੀ ਹੈ. ਜੋਖਮ ਸਮਾਜ, ਸਿਰਫ ਵਾਤਾਵਰਣ ਅਤੇ ਸਿਹਤ ਨਾਲ ਸਬੰਧਿਤ ਜੋਖਮਾਂ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਇਸ ਵਿੱਚ ਸਮਕਾਲੀ-ਜੀਵਨ ਵਿੱਚ ਅੰਤਰ-ਸਬੰਧਿਤ ਤਬਦੀਲੀਆਂ ਦੀ ਇੱਕ ਪੂਰੀ ਲੜੀ ਸ਼ਾਮਿਲ ਹੁੰਦੀ ਹੈ ਜਿਵੇਂ ਰੁਜਗਾਰ ਸਬੰਧੀ ਅਨਿਸ਼ਚਿਤਤਾ ਅਤੇ ਅਸੁਰੱਖਿਆ, ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਦਾ ਘਟਦਾ ਪ੍ਰਭਾਵ, ਪਰੰਪਰਾਗਤ ਪਰਿਵਾਰ ਦਾ ਖਾਤਮਾ, ਨਮੂਨੇ ਅਤੇ ਨਿੱਜੀ ਸਬੰਧਾਂ ਦਾ ਲੋਕਤੰਤਰੀਕਰਣ ਆਦਿ. ਜਿੰਨੀ ਤੇਜੀ ਨਾਲ ਆਧੁਨਿਕਤਾ ਦਾ ਪ੍ਰਸਾਰ ਅਤੇ ਵਿਸਥਾਰ ਹੋਇਆ ਓਨੀ ਹੀ ਤੇਜੀ ਨਾਲ ਜੋਖਮ ਵੀ ਵਧਿਆ. ਇਹ ਜੋਖਮ ਸਮਾਜ ਵਿੱਚ ਵਿਅਕਤੀਵਾਦ ਦੀ ਧਾਰਣਾ ਮੁੱਖ ਕੇਂਦਰ ਬਿੰਦੂ ਹੈ ਕਿਉਂਕਿ ਹੁਣ ਵਿਅਕਤੀ ਖੁਦ ਬਾਰੇ ਹੀ ਸੋਚਦਾ ਅਤੇ ਫੈਸਲੇ ਕਰਦਾ ਹੈ। ਉਹ ਸਮਾਜ ਅਤੇ ਵਾਤਾਵਰਣ ਨੂੰ ਆਪਣੇ ਤੋਂ ਦੂਰ ਕਰਦਾ ਜਾ ਰਿਹਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਵਿਅਕਤੀ ਖੁਦ ਬਾਰੇ ਹੀ ਸੋਚਦਾ ਅਤੇ ਫੈਸਲੇ ਕਰਦਾ ਹੈ ਤਾਂ ਜੋਖਮ ਕਿੱਥੋਂ ਆਇਆ? ਬੈਕ ਉੱਤਰ ਦਿੰਦਾ ਹੋਇਆ ਕਹਿੰਦਾ ਹੈ ਕਿ ਆਧੁਨਿਕ ਸਮਾਜ ਦੀ ਨੀਂਹ ਅਜਿਹੇ ਲੱਛਣਾਂ ਉੱਤੇ ਸਥਾਪਿਤ ਹੈ ਜਿਸ ਵਿੱਚ ਜੋਖਮ ਅੰਤਰ-ਨਿਹਿਤ ਹੈ. ਹੁਣ ਵਿਅਕਤੀ ਮਨੁੱਖੀ ਛੋਟਵਾਦ ਨਮੂਨੇ (Human Exempitonailsm Paraidgm) ਅਨੁਸਾਰ ਜੀਵਨ-ਗਤੀਵਿਧੀਆਂ ਕਰ ਰਿਹਾ ਹੈ. ਉਹ ਸੋਚਦਾ ਹੈ ਕਿ ਜੋਖਮ ਤਾਂ ਕੇਵਲ ਜੀਵ-ਜੰਤੂਆਂ, ਪਸ਼ੂ, ਪੌਦਿਆਂ ਲਈ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਜੋਖਮ ਤੋਂ ਬਚਾਅ ਅਤੇ ਬਦਲ (alternaitve) ਉਸ ਕੋਲ ਹੈ ਉਦਾਹਰਣ ਵਜੋਂ ਗਰਮੀ ਤੋਂ ਰਾਹਤ ਲਈ ਏ.ਸੀ, ਕੂਲਰ, ਰੈਫਰਿਜਰੇਟਰ ਆਦਿ ਅਤੇ ਸਰਦੀਆਂ ਤੋਂ ਬਚਾਅ ਲਈ ਹੀਟਰ, ਬਲੋਅਰ ਆਦਿ। ਬੈਕ ਇਨ੍ਹਾਂ ਧਾਰਨਾਵਾਂ ਦੇ ਸਬੰਧੀ ਇੱਕ ਪਰਿਕਲਪਨਾ ਵੀ ਰੱਖਦਾ ਹੈ ਕਿ ਜਿਵੇਂ ਧਨ ਦਾ ਸਬੰਧ ਸਮਾਜਿਕ ਵਰਗ (class) ਨਾਲ ਹੁੰਦਾ ਹੈ ਉਸੇ ਤਰ੍ਹਾਂ ਜੋਖਮ ਦਾ ਸਬੰਧ ਸਮਾਜਿਕ ਵਰਗ ਨਾਲ ਵੀ ਹੈ ਪਰ ਇਹ ਸਬੰਧ ਉਲਟਾ ਹੈ, ਕਿਉਂਕਿ ਪੈਸਾ ਸਮਾਜ ਵਿੱਚ ਸੱਭ ਤੋਂ ਉੱਪਰਲੇ ਪੱਧਰ ਤੇ ਹੈ ਅਤੇ ਜੋਖਮ ਸੱਭ ਤੋਂ ਹੇਠਲੇ. ਭਾਵ ਕਿ ਜਿਸ ਵਿਅਕਤੀ ਕੋਲ ਧਨ, ਸ਼ਕਤੀ ਅਤੇ ਹੋਰ ਲੋੜੀਂਦੇ ਸਾਧਨ ਬਹੁਤਾਤ ਵਿੱਚ ਹੁੰਦੇ ਹਨ ਉਹ ਇਨ੍ਹਾਂ ਸਹੂਲਤਾਂ ਦੀ ਮਦਦ ਨਾਲ ਆਪਣੇ ਤੋਂ ਹੇਠਲੇ ਵਰਗਾਂ ਦੇ ਵਿਅਕਤੀਆਂ ਦੇ ਮੁਕਾਬਲੇ ਆਪਣੇ ਜੀਵਨ ਵਿਚਲਾ ਜੋਖਮ ਘੱਟ ਕਰ ਲੈਂਦਾ ਹੈ। ਇਸੇ ਤਰ੍ਹਾਂ ਵਿਕਸਿਤ ਰਾਸ਼ਟਰਾਂ ਦੀ ਤੁਲਨਾ ਵਿਕਾਸਸ਼ੀਲ ਅਤੇ ਅਵਿਕਸਿਤ ਰਾਸ਼ਟਰਾਂ ਵਿੱਚ ਵੀ ਜੋਖਮ ਜਿਆਦਾ ਪਾਇਆ ਜਾਂਦਾ ਹੈ।

ਉਦਯੋਗੀਕਰਣ ਅਤੇ ਤਕਨੀਕੀਕਰਣ ਦੀ ਬਦੌਲਤ ਪ੍ਰਦੂਸ਼ਣ ਵੀ ਪੈਦਾ ਹੁੰਦਾ ਹੈ ਜਿਸ ਨਾਲ ਬਹੁਤ ਸਾਰੀਆਂ ਨਾ-ਸੋਚੀਆਂ ਬਿਮਾਰੀਆਂ ਵੀ ਪੈਦਾ ਹੁੰਦੀਆਂ ਹਨ ਜੋ ਮਨੁੱਖਤਾ ਲਈ ਮਾਰੂ ਸਾਬਤ ਹੁੰਦੀਆਂ ਹਨ ਜਿਵੇਂ ਕਿ ਕਰੋਨਾ ਵਾਇਰਸ. ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਸਾਡੇ ਆਲੇ-ਦੁਆਲੇ ਹਰ ਪਾਸੇ ਜੋਖਮ ਹੀ ਜੋਖਮ ਹੈ। ਜਿਵੇਂ ਮੋਬਾਇਲ ਅਤੇ ਇੰਟਰਨੈੱਟ ਕਾਰਨ ਸਾਡਾ ਖਲਾਅ (space) ਵੀ ਮੱਲਿਆ ਗਿਆ ਹੈ ਅਤੇ ਇਨ੍ਹਾਂ ਨੂੰ ਨੈੱਟਵਰਕ ਦੇਣ ਲਈ ਲੱਗੇ ਰੇਂਜ-ਟਾਵਰਾਂ ਤੋਂ ਨਿੱਕਲ ਰਹੀਆਂ ਨੁਕਸਾਨਦਾਇਕ ਤਰੰਗਾਂ ਕਾਰਣ ਅਸੀਂ ਹੁਣ ਘਰਾਂ ਵਿੱਚ ਵੀ ਸੁਰੱਖਿਅਤ ਨਹੀਂ ਹਾਂ।

ਜੋਖਮ ਨੂੰ ਘੱਟ ਕਰਨ ਲਈ ਸਾਨੂੰ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਦਾ ਸਹਾਰਾ ਲੈਣਾ ਪਵੇਗਾ ਜਿਨ੍ਹਾਂ ਤੋਂ ਅਸੀਂ ਦੂਰ ਹੋ ਕੇ ਵਿਅਕਤੀਵਾਦ ਦੀ ਧਾਰਣਾ ਨੂੰ ਪ੍ਰਫੁੱਲਿਤ ਕੀਤਾ ਹੈ. ਦੂਜਾ ਇਸ ਉਦਯ-ੋਗਿਕ ਅਤੇ ਤਕਨੀਕੀ ਵਿਕਾਸ ਕਾਰਨ ਅਸੀਂ ਝੂਠ ਬੋਲਣ ਨੂੰ ਆਪਣੀ ਜਿੰਦਗੀ ਦਾ ਹਿੱਸਾ ਹੀ ਮੰਨ ਲਿਆ ਹੈ. ਸਾਡੇ ਪੰਜਾਬ ਦੀ ਇੱਕ ਕਹਾਵਤ ਹੈ ਕਿ ਜਦੋਂ ਘਰ ਕੱਚੇ ਸੀ ਉਦੋਂ ਲੋਕ ਸੱਚੇ ਸੀ।

# ਪ੍ਰਵਾਸੀ ਲੇਖਕ ਰਾਏ ਦੀ ਪੁਸਤਕ "ਪੁੱਤ! ਮੈਂ ਇੰਡੀਆ ਜਾਣੈਂ" ਰਿਲੀਜ਼

**ਚੰਡੀਗੜ੍ਹ (ਅਵਤਾਰ ਸਿੰਘ ਭੰਵਰਾ)-** ਪੰਜਾਬੀ ਲੇਖਕ ਸਭਾ (ਰਜਿ.) ਚੰਡੀਗੜ੍ਹ, ਵੱਲੋਂ ਪਰਵਾਸੀ ਪੰਜਾਬੀ ਲੇਖਕ ਸੁਰਿੰਦਰ ਸਿੰਘ ਰਾਏ ਦੀ ਪੁਸਤਕ "ਪੁੱਤ ! ਮੈਂ ਇੰਡੀਆ ਜਾਣੈਂ" ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਲੋਕ-ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਡਾ. ਲਾਭ ਸਿੰਘ ਖੀਵਾ, ਕਹਾਣੀਕਾਰ ਜਸਪਾਲ ਮਾਨਖੇੜਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਡਾ.ਭੀਮਇੰਦਰ ਸਿੰਘ, ਪ੍ਰਿੰਸੀਪਲ (ਡਾ.) ਸੁਨੀਲ ਖੋਸਲਾ , ਪ੍ਰੋ. ਸੁਖਜਿੰਦਰ ਸਿੰਘ, ਅਤੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਪਤੰਗ ਹਾਜ਼ਰ ਹੋਏ। ਸਭ ਤੋਂ ਪਹਿਲਾਂ ਡਾ. ਅਵਤਾਰ ਸਿੰਘ ਪਤੰਗ ਨੇ ਪ੍ਰਧਾਨਗੀ ਮੰਡਲ ਅਤੇ ਹਾਜ਼ਰ ਸਰੋਤਿਆਂ ਨੂੰ ਜੀ -ਆਇਆਂ ਕਹਿੰਦਿਆਂ ਪੁਰਾਤਨ ਧਾਰਮਿਕ ਗ੍ਰੰਥਾਂ ਦਾ ਹਵਾਲਾ ਦਿੰਦਿਆਂ ਸ਼ਬਦ ਦੀ ਮਹੱਤਤਾ ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਸੁਰਿੰਦਰ ਸਿੰਘ ਰਾਏ ਦੀ ਪੁਸਤਕ "ਪੁੱਤ ਮੈਂ ਇੰਡੀਆ ਜਾਣੈਂ" ਲੋਕ -ਅਰਪਣ ਕੀਤਾ ਗਿਆ। ਲਾਲੜੂ ਤੋਂ ਆਏ ਪ੍ਰੋ. ਸੁਖਜਿੰਦਰ ਸਿੰਘ ਨੇ ਪੁਸਤਕ ਉੱਤੇ ਪਰਚਾ ਪੜ੍ਹਦਿਆਂ ਕਿਹਾ ਕਿ ਸ਼੍ਰੀ ਰਾਏ ਨੇ




ਆਪਣੀਆਂ ਕਹਾਣੀਆਂ ਵਿੱਚ ਪੰਜਾਬੀ ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਪ੍ਰਸੰਗ ਬੜੀ ਤੇਜ਼ੀ ਨਾਲ ਬਦਲ ਰਹੇ ਹਨ ਹਨ। ਪੰਜਾਬ ਦੀ ਨੌਜਵਾਨੀ ਅਤੇ ਸਰਮਾਇਆ ਵਿਦੇਸ਼ਾਂ ਵਿੱਚ ਜਾ ਰਿਹਾ ਹੈ। ਪਿੱਛੇ ਰਹਿ ਗਏ ਬਜ਼ੁਰਗ ਇਕਲਾਪੇ ਕਾਰਨ ਡਿਪਰੈਸ਼ਨ ਦਾ ਹੋ ਰਹੇ ਹਨ। ਕਹਾਣੀਕਾਰ ਜਸਪਾਲ ਮਾਨਖੇੜਾ ਨੇ ਕਿਹਾ ਕਿ ਰਾਏ ਦੀਆਂ ਕਹਾਣੀਆਂ ਦੇਸ ਅਤੇ ਪਰਦੇਸ ਵਿੱਚ ਰਹਿ ਰਹੇ ਪੰਜਾਬੀਆਂ ਦੇ ਸੰਤਾਪ ਨੂੰ ਬੜੀ ਸ਼ਿੱਦਤ ਨਾਲ ਬਿਆਨ ਕਰਦੀਆਂ ਹਨ। ਡਾ. ਭੀਮਇੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਰਾਏ ਦੀਆਂ ਕਹਾਣੀਆਂ ਵਿੱਚ ਪੇਂਡੂ ਅਤੇ ਪਰਵਾਸੀ ਰਹਿਤਲ ਵਿੱਚ ਵੱਧ ਰਹੇ ਅੰਤਰਾਲ ਕਾਰਨ ਔਰਤ ਦੀ ਸਥਿਤੀ ਬਦਲ ਰਹੀ ਹੈ।

ਇਸ ਤੋਂ ਇਲਾਵਾ ਡਾ. ਅਵਤਾਰ ਸਿੰਘ ਪਤੰਗ, ਅਵਤਾਰ ਸਿੰਘ ਭੰਵਰਾ, ਪਾਲ ਅਜਨਬੀ ਅਤੇ ਡਾ. ਸੁਨੀਲ ਖੋਸਲਾ ਨੇ ਵੀ ਪੁਸਤਕ ਉੱਤੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਭਾਸ਼ਣ ਕਹਿੰਦਿਆਂ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਰਾਏ ਨੇ ਬਾਜ਼ਾਰ ਦੇ ਲਾਲਚ ਅਤੇ ਬਾਜ਼ਾਰ ਦੇ ਦਬਾਓ ਨੂੰ ਨਹੀਂ ਕਬੂਲਿਆ ਸਗੋਂ ਕਹਾਣੀ ਵਿਧਾ ਵਿੱਚ ਲਿਖਣਾਂ ਜਾਰੀ ਰੱਖਿਆ। ਡਾ. ਖੀਵਾ ਨੇ ਅੱਗੇ ਕਿਹਾ ਕਿ ਤਕਨਾਲੋਜੀ ਦੇ ਬਦਲਣ ਕਰਕੇ ਨਵੀਂ ਪੀੜ੍ਹੀ ਉਸ ਤਰ੍ਹਾਂ ਦੀ ਕਿਰਤ ਤੋਂ ਵਿੱਛੜ ਗਈ ਹੈ ਜਿਸ ਤਰ੍ਹਾਂ ਦੀ ਕਿਰਤ ਉਹਨਾਂ ਦੇ ਬਜ਼ੁਰਗ ਕਰਦੇ ਸਨ। ਉਨ੍ਹਾਂ ਕਿਹਾ ਕਿ ਤਕਨਾਲੋਜੀ ਮਨੁੱਖ ਦੇ ਜਨ-ਜੀਵਨ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਦਾ ਅਸਰ ਸਾਹਿਤ ਤੇ ਵੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਰਾਏ ਦੀਆਂ ਕਹਾਣੀਆਂ ਹਰ ਪੱਖੋਂ ਮੁਕੰਮਲ ਹਨ। ਅੰਤ ਵਿੱਚ ਸਭਾ ਦੀ ਮੀਤ ਪ੍ਰਧਾਨ ਸ਼੍ਰੀਮਤੀ ਮਨਜੀਤ ਕੌਰ ਮੀਤ ਨੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਇਕੱਤਰਤਾ ਵਿੱਚ ਸੁਖਵਿੰਦਰ ਸਿੰਘ ਸਿੱਧੂ, ਡਾ. ਸੁਰਿੰਦਰ ਗਿੱਲ, ਹਰਮਿੰਦਰ ਕਾਲੜਾ, ਮਹਿੰਦਰ ਸਿੰਘ, ਦੀਦਾਰ ਸਿੰਘ ਬਲਾਚੌਰੀਆ, ਪ੍ਰੋ. ਦਿਲਬਾਗ ਸਿੰਘ, ਗੁਰਸ਼ਨਜੀਤ ਬਰਾੜ, ਡਾ. ਸੁਨੀਤਾ ਰਾਣੀ, ਪੱਤਰਕਾਰ ਅਜਾਇਬ ਔਜਲਾ ਅਤੇ ਤਲਵਿੰਦਰ ਸਿੰਘ ਹਾਜ਼ਰ ਸਨ।

# ਭਾਰਤ ਅੰਦਰ ਮੌਤ ਦੇ ਕਾਰਖਾਨੇ : ਹਰ ਰੋਜ ਮੁਨਾਫ਼ੇ ਦੀ ਭੇਂਟ ਚੜ੍ਹਦੇ ਨੇ 3 ਮਜਦੂਰ

ਅੱਜ ਅਸੀਂ ਆਪਣੇ ਆਲ਼ੇ-ਦੁਆਲ਼ੇ ਸੁੱਖ-ਸਹੂਲਤਾਂ ਦੀਆਂ ਜੋ ਵੀ ਚੀਜਾਂ ਦੇਖਦੇ ਹਾਂ ਜਿਨ੍ਹਾਂ ਨੇ ਮਨੁੱਖੀ ਜਿੰਦਗੀ ਸੌਖੀ ਬਣਾਈ ਹੈ ਉਹ ਮਨੁੱਖੀ ਕਿਰਤ ਦੀ ਪੈਦਾਵਾਰ ਹਨ। ਅਸੀਂ ਇਹ ਚੀਜਾਂ ਮੰਡੀ 'ਚੋਂ ਖਰੀਦਦੇ ਹਾਂ ਤੇ ਬਹੁਗਿਣਤੀ ਲੋਕ ਇਹਨਾਂ ਨੂੰ ਬਣਾਉਣ ਵਾਲ਼ੇ ਤੇ ਮੰਡੀ ਤੱਕ ਲਿਆਉਣ ਵਾਲ਼ੇ ਹੱਥਾਂ ਬਾਰੇ ਨਹੀਂ ਜਾਣਦੇ ਕਿਓਂਕਿ ਮੰਡੀ ਦੀ ਚਮਕ-ਦਮਕ ਆਪਣੇ ਪਿੱਛੇ ਪੈਦਾਵਾਰੀ ਪ੍ਰਕਿਰਿਆ ਦਾ ਹਨੇਰਾ ਲੁਕੋ ਲੈਂਦੀ ਹੈ। ਸਾਡੇ ਵੱਲੋਂ ਸਵੇਰੇ ਉੱਠਣ ਤੋਂ ਲੈ ਰਾਤ ਨੂੰ ਸੌਣ ਤੱਕ ਵਰਤੀਆਂ ਜਾਂਦੀਆਂ ਜਰੂਰਤ ਦੀਆਂ ਸਭ ਚੀਜਾਂ ਮਜਦੂਰਾਂ ਦੀ ਕਿਰਤ ਦੀ ਪੈਦਾਵਾਰ ਹਨ। ਇੱਕ ਵਾਕ 'ਚ ਕਹਿਣਾ ਹੋਵੇ ਤਾਂ ਸੂਈ ਤੋਂ ਲੈਕੇ ਜਹਾਜ ਤੱਕ ਮਜਦੂਰ ਬਣਾਉਂਦੇ ਹਨ। ਜਿਸਨੂੰ ਵਿਕਾਸ ਦਾ ਨਾਂ ਦਿੱਤਾ ਜਾਂਦਾ ਹੈ ਉਹ ਮਜਦੂਰਾਂ ਦੀ ਕਿਰਤ ਦੀ ਬਦੌਲਤ ਹੈ। ਪਰ 12 -14 ਘੰਟੇ ਰੋਜਾਨਾ ਹੱਡ ਭੰਨ੍ਹਵੀਂ ਮਿਹਨਤ ਕਰਨ ਵਾਲ਼ੇ ਇਹਨਾਂ ਮਜਦੂਰਾਂ ਨੂੰ ਆਪਣੇ ਹੱਥੀਂ ਪੈਦਾ ਕੀਤੀਆਂ ਸੁੱਖ-ਸਹੂਲਤਾਂ ਦੀਆਂ ਚੀਜਾਂ ਵਰਤਣ ਨੂੰ ਮਿਲ਼ਣਾ ਤਾਂ ਬਹੁਤ ਦੂਰ ਦੀ ਗੱਲ ਹੈ ਉਹਨਾਂ ਨੂੰ ਕਦੇ ਆਪਣੀ ਕੀਤੀ ਮਿਹਨਤ ਦਾ ਪੂਰਾ ਮੁੱਲ ਵੀ ਨਹੀਂ ਮਿਲ਼ਿਆ ਜੇ ਕੁੱਝ ਮਿਲ਼ਿਆ ਹੈ ਤਾਂ ਮਾਲਕਾਂ ਦੀਆਂ ਗਾਲ੍ਹਾਂ, ਹਾਦਸਿਆਂ ਚ ਜਖਮੀ ਹੋਣਾ ਤੇ ਮਰਨਾ।

ਇੱਕ ਰਿਪੋਰਟ ਮੁਤਾਬਕ ਹਰ ਸਾਲ ਸੰਸਾਰ ਭਰ 'ਚ 3 ਲੱਖ 50 ਹਜਾਰ ਮੌਤਾਂ ਕੰਮ ਦੌਰਾਨ ਹਾਦਸੇ ਹੋਣ ਨਾ਼ਲ ਹੁੰਦੀਆਂ ਹਨ 31 ਕਰੋੜ 30 ਲੱਖ ਲੋਕ ਜਖਮੀ ਹੁੰਦੇ ਹਨ। ਕੌਮਾਂਤਰੀ ਮਜਦੂਰ ਸਭਾ ਮੁਤਾਬਕ ਸੰਸਾਰ ਪੱਧਰ 'ਤੇ ਹਾਦਸਿਆਂ ਤੇ ਬਿਮਾਰੀਆਂ ਦੀ ਰੋਕਥਾਮ ਲਈ ਕਿੱਤਾਮੁਖੀ ਸੁਰ-ੱਖਿਆ ਅਤੇ ਸਿਹਤ 'ਤੇ ਕੀਤਾ ਜਾਣ ਵਾ਼ਲਾ ਖਰਚ ਬਹੁਤ ਹੀ ਨਿਗੂਣਾ ਹੈ। ਜੇ ਭਾਰਤ ਦੀ ਗੱਲ ਕਰੀਏ ਤਾਂ ਹਾਲਤ ਹੋਰ ਵੀ ਤਰਸਯੋਗ ਹੈ। ਭਾਰਤ ਦੀ ਮੋਦੀ ਜੁੰਡਲੀ ਨੇ ਮਜਦੂਰਾਂ ਦੇ ਹੱਕ ਕੁਚਲਣ ਤੇ ਸਰਮਾਏਦਾਰਾਂ ਨੂੰ ਮਜਦੂਰਾਂ ਦੀ ਲੁੱਟ ਕਰਨ ਲਈ ਖੁੱਲ੍ਹੇ ਹੱਥ ਦੇਣ ਲਈ 44 ਕਿਰਤ ਕਨੂੰਨਾਂ ਨੂੰ ਖ਼ਤਮ ਕਰਕੇ 4 ਕਿਰਤ ਕੋਡ ਲਿਆਂਦੇ ਹਨ। ਤਾਂ ਜੋ ਉਹਨਾਂ ਦੇ ਮੁਨਾਫਿਆਂ ਦੇ ਰਾਹ ਦੇ ਸਾਰੇ ਅੜਿਕੇ ਖਤਮ ਕੀਤੇ ਜਾ ਸਕਣ । ਇਸ ਲਈ ਤਰਕ ਇਹ ਦਿੱਤਾ ਗਿਆ ਸੀ ਕਿ "ਕਿਰਤ ਕਨੂੰਨਾਂ ਦਾ ਮੌਜੂਦਾ ਰੂਪ ਵਿਕਾਸ ਦੇ ਰਾਹ 'ਚ ਰੁਕਾਵਟ ਖੜ੍ਹੀ ਕਰ ਰਿਹਾ ਹੈ, ਇਸ ਲਈ ਸੁਧਾਰਾਂ ਦੀ ਜਰੂਰਤ ਹੈ"। ਤੇ ਇਹਨਾਂ ਲਈ ਵਿਕਾਸ ਦਾ ਮਤਲਬ ਸਿਰਫ ਸਰਮਾਏਦਾਰਾਂ ਦਾ ਵਿਕਾਸ ਹੀ ਹੈ। ਮਜਦੂਰਾਂ ਦੀਆਂ ਤਨਖਾਹਾਂ ਵਧਣ, ਉਹਨਾਂ ਦਾ ਰੁਜਗਾਰ ਪੱਕਾ ਹੋਵੇ, ਉਹਨਾਂ ਕੋ਼ਲ ਰਹਿਣ ਲਈ ਚੰਗਾ ਘਰ ਹੋਵੇ, ਉਹਨਾਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਮਿ਼ਲੇ, ਬਿਮਾਰੀ ਵੇਲੇ ਢੁੱਕਵਾਂ ਇਲਾਜ ਮਿ਼ਲੇ



ਆਦਿ ਨੂੰ ਵਿਕਾਸ ਦਾ ਪੈਮਾਨਾ ਨਹੀਂ ਮੰਨਿਆ ਜਾਂਦਾ। ਇੱਥੇ ਆਏ ਦਿਨ ਮਜਦੂਰਾਂ ਨਾ਼ਲ ਹਾਦਸੇ ਹੁੰਦੇ ਰਹਿੰਦੇ ਹਨ ਪਰ ਸਰਕਾਰਾਂ ਕਦੇ ਵੀ ਦੋਸ਼ੀਆਂ 'ਤੇ ਕਾਰਵਾਈ ਨਹੀਂ ਕਰਦੀਆਂ ਹਨ ਨਾ ਹੀ ਹਾਦਸੇ ਰੋਕਣ ਲਈ ਕੋਈ ਹੀਲਾ ਕੀਤਾ ਜਾਂਦਾ ਹੈ। ਸਭ ਤੋਂ ਵੱਧ ਮਾੜੀ ਹਾਲਤ ਸਨਅਤੀ ਖੇਤਰ ਦੇ ਮਜਦੂਰਾਂ ਦੀ ਹੈ। ਪਾਵਰ ਪ੍ਰੈਸਾਂ 'ਤੇ ਸੈਂਸਰ ਨਾ ਲੱਗੇ ਹੋਣ ਕਾਰਨ, ਬੁਰੇ ਹਾਲ ਮਸ਼ੀਨਾਂ 'ਤੇ ਕੰਮ ਕਰਦੇ ਹੋਏ, ਭੱਠੀਆਂ 'ਤੇ ਕੰਮ ਕਰਦੇ ਹੋਏ, ਮਸ਼ੀਨਾਂ ਵਿੱਚ ਕਰੰਟ ਆਉਣ ਨਾ਼ਲ, ਬਿਜਲੀ ਦੀ ਖਰਾਬ ਢੰਗ ਨਾ਼ਲ ਕੀਤੀ ਗਈ ਫਿਟਿੰਗ, ਖਸਤਾਹਾਲ ਕਾਰਖਾਨਾ ਇਮਾਰਤਾਂ ਢਹਿਣ ਨਾ਼ਲ, ਬੁਆਇਲਰ ਫਟਣ ਨਾ਼ਲ ਅਤੇ ਹੋਰ ਅਨੇਕਾਂ ਅਸੁਰੱਖਿਅਤ ਹਾਲਤਾਂ ਕਰਕੇ ਮਜਦੂਰ ਰੋਜਾਨਾ ਭਿਅੰਕਰ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਇਹਨਾਂ ਹਾਦਸਿਆਂ ਵਿੱਚ ਮਜਦੂਰਾਂ ਦੇ ਹੱਥ-ਪੈਰ ਕੱਟੇ ਜਾਣ, ਅੱਖਾਂ ਖਰਾਬ ਹੋਣ, ਸਰੀਰ ਦੇ ਹੋਰ ਹਿੱਸਿਆਂ ਵਿੱਚ ਗੰਭੀਰ ਸੱਟਾਂ ਲੱਗਣ ਤੋਂ ਲੈ ਕੇ ਉਨ੍ਹਾਂ ਦੀ ਜਾਨ ਤੱਕ ਚਲੀ ਜਾਂਦੀ ਹੈ।

ਸੂਚਨਾ ਅਧਿਕਾਰ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਭਾਰਤ 'ਚ ਫੈਕਟਰੀਆਂ 'ਚ 2017 ਤੋਂ 2020 ਤੱਕ ਹਰ ਰੋਜ 3 ਮਜਦੂਰ ਹਾਦਸਿਆਂ ਕਾਰਨ ਮੌਤ ਦੇ ਮੂੰਹ ਜਾ ਪਏ ਤੇ 11 ਜਾਣੇ ਜਖਮੀ ਹੋਏ ਹਨ। ਇਹ ਅੰਕੜੇ ਸਿਰਫ ਟਾਟਾ, ਮਾਰੂਤੀ ਸੁਜੂਕੀ, ਅਸ਼ੋਕ ਲੇਲੈਂਡ, ਟੀ ਵੀ ਐੱਸ, ਹਾਂਡਾ ਵਰਗੀਆਂ ਦਰਜ ਫੈਕਟਰੀਆਂ ਦਾ ਹਾਲ ਬਿਆਨ ਕਰਦੇ ਹਨ। ਜਦਕਿ ਭਾਰਤ 'ਚ 90 ਫੀਸਦੀ ਮਜਦੂਰ ਗੈਰ-ਰਸਮੀ ਖੇਤਰ 'ਚ ਕੰਮ ਕਰਦੇ ਹਨ। ਰਜਿਸਟਰਡ ਫੈਕਟਰੀਆਂ 'ਚ ਇੱਕ ਹੱਦ ਤੱਕ ਮਜਦੂਰ ਪੱਕੇ ਹੁੰਦੇ ਹਨ ਤੇ ਉਹਨਾਂ ਨੂੰ ਕੁੱਝ ਸਹੂਲਤਾਂ ਵੀ ਮਿ਼ਲ ਜਾਂਦੀਆਂ ਹਨ ਪਰ ਫਿਰ ਵੀ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ ਜਿਸ ਦਾ ਨਤੀਜਾ ਇਹ ਮੌਤਾਂ ਹਨ। ਗੈਰ-ਰਸਮੀ ਖੇਤਰ 'ਚ ਜਿੱਥੇ ਮਜਦੂਰਾਂ ਦੇ ਕੋਈ ਹੱਕ ਨਹੀਂ ਹੁੰਦੇ ਉਹ ਮਾਲਕਾਂ ਜਾਂ ਠੇਕੇਦਾਰਾਂ ਦੀ ਰਜਾ 'ਤੇ ਜਿਉਂਦੇ ਹਨ। ਜਿੱਥੇ ਮਾਲਕ ਮਜਦੂਰਾਂ ਨੂੰ ਨਾ ਤਾਂ ਕੋਈ ਪਹਿਚਾਣ ਪੱਤਰ ਦਿੰਦੇ ਹਨ ਨਾ ਹੀ ਹਾਜਰੀ ਕਾਰਡ ਅਤੇ ਨਾ ਹੀ ਵਰਦੀ। ਮਤਲਬ ਉਹ ਮਜਦੂਰ ਨੂੰ ਅਜਿਹਾ ਕੋਈ ਵੀ ਸਬੂਤ ਨਹੀਂ ਦਿੰਦੇ ਜਿਸ ਤੋਂ ਇਹ ਸਾਬਿਤ ਹੋ ਸਕੇ ਕਿ ਮਜਦੂਰ ਉਸਦੀ ਫ਼ੈਕਟਰੀ ਵਿੱਚ ਕੰਮ ਕਰਦਾ ਹੈ, ਇਸ ਗੱਲ ਦਾ ਮਾਲਕ ਬਹੁਤ ਹੀ ਨਜਾਇਜ ਫ਼ਾਇਦਾ ਉਠਾਉਂਦੇ ਹਨ। ਛੋਟੀਆਂ ਫੈਕਟਰੀਆਂ ਵਿੱਚ ਤਾਂ ਆਮ ਰਿਵਾਜ ਹੈ ਕਿ ਕਈ-ਕਈ ਮਹੀਨੇ ਕੰਮ ਕਰਵਾ ਕੇ ਅਕਸਰ ਮਾਲਕ ਮਜਦੂਰਾਂ ਨੂੰ ਬਿਨਾਂ ਤਨਖ਼ਾਹ ਦਿੱਤੇ ਕਾਰਖ਼ਾਨੇ ਵਿੱਚੋਂ ਕੱਢ ਦਿੰਦੇ ਹਨ। ਅਜਿਹਾ ਹੋਣ 'ਤੇ ਜੇ ਮਜਦੂਰ ਕਿਰਤ ਕਚਹਿਰੀ ਜਾਣਾ ਚਾਹੇ ਤਾਂ ਉਸ ਕੋ਼ਲ ਅਜਿਹਾ ਕੋਈ ਸਬੂਤ ਹੀ ਨਹੀਂ ਹੁੰਦਾ ਜਿਸ ਤੋਂ ਉਹ ਇਹ ਸਾਬਿਤ ਕਰ ਸਕੇ ਕਿ ਉਹ ਕਿਸ ਫ਼ੈਕਟਰੀ ਵਿੱਚ ਕੰਮ ਕਰਦਾ ਸੀ। ਅਦਾਲਤ ਜਾਣ 'ਤੇ ਵੀ ਬਹੁਤ ਘੱਟ ਮਜਦੂਰਾਂ ਨੂੰ ਹੀ ਕੋਈ ਫ਼ਾਇਦਾ ਹੁੰਦਾ ਹੈ।

ਮਾਮਲੇ ਅਕਸਰ ਕਈ-ਕਈ ਸਾਲ ਚੱਲਦੇ ਹਨ ਜਿਨ੍ਹਾਂ ਵਿੱਚ ਤਰੀਕ ਪੈਣ ਉੱਤੇ ਮਜਦੂਰ ਨੂੰ ਆਪਣੀ ਦਿਹਾੜੀ ਤੋੜਨੀ ਪੈਂਦੀ ਹੈ। ਅਜਿਹੀ ਹਾਲਤ ਵਿੱਚ ਜਿੰਨਾਂ ਪੈਸਾ ਉਹਨੂੰ ਕੇਸ ਲੜ ਕੇ ਮਿ਼ਲਦਾ ਹੈ, ਓਨਾ ਤਾਂ ਉਸਦਾ ਪਹਿਲਾਂ ਨੁਕਸਾਨ ਹੀ ਹੋ ਜਾਂਦਾ ਹੈ। ਇਸ ਲਈ ਜਿਆਦਾਤਰ ਮਜਦੂਰ ਕਚਹਿਰੀ ਜਾਂਦੇ ਹੀ ਨਹੀਂ। ਕੋਈ ਹਾਦਸਾ ਹੋਣ 'ਤੇ ਸਰਮਾਏਦਾਰ ਸਰਕਾਰ, ਪੁਲਿਸ, ਪ੍ਰਸ਼ਾਸਨ, ਕਿਰਤ ਅਫ਼ਸਰ ਦੀ ਮਦਦ ਨਾ਼ਲ ਮਾਮਲੇ ਰਫ਼ਾ-ਦਫਾ ਕਰ ਦਿੰਦੇ ਹਨ। ਅਜਿਹੇ ਮਾਮਲੇ 'ਚ ਕਾਰਵਾਈ ਹੋਣੀ ਤੇ ਮੁਆਵਜਾ ਮਿ਼ਲਣਾ ਤਾਂ ਹੀ ਸੰਭਵ ਹੁੰਦਾ ਹੈ, ਜੇ ਮਜਦੂਰ ਇੱਕਜੁਟ ਹੋ ਕੇ ਸੰਘਰਸ਼ ਕਰਨ।

ਕਰੋੜਾਂ ਦਾ ਕਾਰੋਬਾਰ ਕਰਨ ਵਾ਼ਲੇ ਤੇ ਬੇਹਿਸਾਬ ਮੁਨਾਫ਼ੇ ਲੁੱਟਣ ਵਾ਼ਲੇ ਸਰਮਾਏਦਾਰ ਆਪਣੀ ਅੱਯਾਸ਼ੀ 'ਤੇ ਪਾਣੀ ਵਾਂਗ ਪੈਸਾ ਵਹਾਉਂਦੇ ਹਨ ਪਰ ਮਜਦੂਰਾਂ ਦੀਆਂ ਜਿੰਦਗੀਆਂ ਬਚਾਉਣ ਲਈ ਹਾਦਸਿਆਂ ਤੋਂ ਸੁਰੱਖਿਆ ਦੇ ਪ੍ਰਬੰਧ ਲਈ ਦੁ-ਆਨੀ ਵੀ ਖਰਚਣ ਨੂੰ ਰਾਜੀ ਨਹੀਂ ਹੁੰਦੇ ਕਿਓਂਕਿ ਇਹਨਾਂ ਲਈ ਮਜਦੂਰ ਮਨੁੱਖ ਨਹੀਂ ਸਗੋਂ ਅਜਿਹੇ ਪੁਰਜੇ ਹਨ ਜੋ ਉਹਨਾਂ ਦੇ ਮੁਨਾਫ਼ੇ ਵਧਾਉਣ ਲਈ ਹੀ ਜਿਉਂ ਰਹੇ ਹਨ। ਮਾਲਕਾਂ ਦੀ ਨਜਰ 'ਚ ਮਜਦੂਰ ਦੀ ਹੋਣੀ ਇਸ ਤੋਂ ਵੱਧ ਕੁੱਝ ਨਹੀਂ ਹੈ। ਮਜਦੂਰਾਂ ਦੇ ਜਾਗੇ ਬਿਨਾਂ, ਇੱਕਮੁੱਠ ਹੋਏ ਬਿਨਾਂ ਉਹਨਾਂ ਦੀ ਜਿੰਦਗੀ ਨਹੀਂ ਬਦਲਣ ਵਾ਼ਲੀ।

**ਲੇਖਕ- ਗਗਨਦੀਪ ਕੌਰ**
**ਪੇਸ਼ਕਸ਼- ਸਤਨਾਮ ਸਿੰਘ ਸਹੂੰਗੜਾ**

# ਇਕ ਮੁਕੱਦਸ ਕਿਤਾਬ ਹੈ "ਭਾਰਤ ਦਾ ਸਵਿਧਾਨ"




ਅਮਰਜੀਤ ਚੰਦਰ
91-94176-00014

ਕੀ ਕਦੇ ਤੁਸੀ ਸੁਣਿਆ ਹੈ ਕਿ ਇਕ ਸੁਨਿਹਰੇ ਕਾਲੇ ਰੰਗ ਦੀ ਇਕ ਇਹੋ ਜਿਹੀ ਮੁਕੱਦਸ ਕਿਤਾਬ ਦੇ ਬਾਰੇ ਵਿੱਚ, ਜਿਹਦੀ ਉਮਰ 26 ਜਨਵਰੀ 2021 ਨੂੰ 72 ਸਾਲ ਦੀ ਹੋ ਚੁੱਕੀ ਹੈ।ਪਰ ਅੱਜ ਵੀ ਉਸ ਦੇ ਇਸ਼ਾਰੇ 'ਤੇ ਸਾਰੇ ਹੁਕਮਰਾਨ ਅਤੇ ਜਨਤਾ ਸਿਰ ਝੁਕਾ ਕੇ ਖੜੇ ਹੋ ਜਾਦੇ ਹਨ, ਇਹੋ ਜਿਹਾ ਕੀ ਹੈ ਇਸ ਕਿਤਾਬ ਵਿੱਚ, ਅਤੇ ਕਿੱਥੇ ਹੈ ਇਹੋ ਜਿਹੀ ਕਿਤਾਬ? ਇੰਨਾਂ ਸਾਰੇ ਪ੍ਰਸ਼ਨਾਂ ਦਾ ਕੇਵਲ ਇਕ ਹੀ ਉਤਰ ਹੈ "ਭਾਰਤ ਦਾ ਸੰਵਿਧਾਨ"। ਜੀ ਹਾਂ ਉਹੀ ਸੰਵਿਧਾਨ ਜਿਹਦੀ ਰੌਸ਼ਨੀ ਵਿੱਚ ਹੁਕਮਰਾਨ ਆਪਣੇ ਫ਼ੈਸਲੇ ਕਰਦੇ ਹਨ, ਜੱਜ ਅਪਰਾਧੀ ਨੂੰ ਉਸ ਦੇ ਕੀਤੇ ਦੀ ਸਜਾ ਦਿੰਦੇ ਹਨ ਅਤੇ ਸਮਾਜ ਉਸ ਦੇ ਹਿਸਾਬ ਨਾਲ ਚਲਦਾ ਹੈ।

26 ਨਵੰਬਰ 1949 ਵਾਲੇ ਦਿਨ ਇਸ ਨੂੰ 299 ਵਿਦਵਾਨਾਂ ਨੇ ਪੂਰਣ ਕਰ ਸਭਾ ਦੇ ਸਾਹਮਣੇ ਰੱਖਿਆ ਸੀ। ਸਭਾ ਨੇ ਇਸ ਨੂੰ ਭਾਰਤ ਦਾ ਭਵਿੱਖ ਮੰਨ ਕੇ ਸਵੀਕਾਰ ਕੀਤਾ ਸੀ। ਜੀਵਤ ਹੀ ਦੰਤਕਥਾ ਬਣ ਚੁੱਕੇ ਡਾ:ਭੀਮ ਰਾਓ ਅੰਬੇਡਕਰ, ਪੰ: ਜਵਾਹਰ ਲਾਲ ਨਹਿਰੂ, ਡਾ: ਰਾਜਿੰਦਰ ਪ੍ਰਸ਼ਾਦ, ਅੰਯੰਗਰ, ਕੇ ਐਮ ਮੁਨਸ਼ੀ, ਵੱਲਭ ਭਾਈ ਪਟੇਲ, ਅਬੁਲ ਕਲਾਮ ਆਜਾਦ, ਜੇਬੀ ਕ੍ਰਿਪਲਾਨੀ ਜਿਹੇ ਨਿਰਪੱਖ ਵਿਦਵਾਨਾਂ ਨੇ ਦੋ ਸਾਲ 11 ਮਹੀਨੇ 18 ਦਿਨਾਂ ਦੀ ਅਣਥੱਕ ਮਿਹਨਤ ਨਾਲ ਇਸ ਵਿੱਚ ਭਾਰਤ ਦੀ ਕਿਸਮਤ ਲਿਖੀ ਸੀ। ਇਸ ਨੂੰ ਅਸੀ ਭੁੱਲ ਨਾ ਜਾਈਏ ਇਸ ਲਈ ਹਰੇਕ ਸਾਲ 26 ਨਵੰਬਰ ਨੂੰ ਸੰਵਿਧਾਨ ਦਿਵਸ ਦੇ ਰੂਪ ਵਿੱਚ ਮਨਾਉਂਦੇ ਆ ਰਹੇ ਹਾਂ।

ਉਦੋਂ ਇਸ ਮੁਕੱਦੱਸ ਤਿਾਬ ਵਿੱਚ 395 ਨਿਯਮ, 22 ਭਾਗ ਅਤੇ 8 ਅਨੁਸੂਚੀਆਂ ਸਨ। ਅੱਜ 72 ਸਾਲ ਬੀਤਣ ਦੇ ਬਾਵਜੂਦ ਇਸ ਵਿੱਚ ਕੇਵਲ 100 ਦੇ ਲਗਭਗ ਸੋਧਾਂ ਕਰਕੇ ਇਸ ਨੂੰ ਜਵਾਨ ਹੀ ਰੱਖਿਆ ਗਿਆ ਹੈ। ਪੂਰੀ ਦੁਨੀਆਂ ਦਾ ਸੱਭ ਤੋਂ ਵਿਸ਼ਾਲ ਲਿਖਿਤ ਸੰਵਿਧਾਨ ਬਣ ਕੇ ਇਸ ਨੇ ਦੁਨੀਆ ਦੇ ਲਈ ਇਕ ਹੈਰਾਨੀ ਪੇਸ਼ ਕੀਤੀ ਹੈ। ਜਿੱਥੇ ਕਈਆਂ ਦੇਸ਼ਾਂ ਵਿੱਚ ਕੇਂਦਰ ਸਿਰਫ਼ ਤੇ ਸਿਰਫ਼ ਇਸੇ ਮੁਕੱਦੱਸ ਕਿਤਾਬ ਤੋਂ ਆਪਣੀ ਤਾਕਤ ਪ੍ਰਾਪਤ ਕਰਦੇ ਹਨ।

ਸੰਵਿਧਾਨ ਦੇ ਵਿੱਚ ਸਮਾਜ ਦੇ ਆਖਰੀ ਸਿਰੇ 'ਤੇ ਖੜੇ ਆਦਮੀ ਦੇ ਅਧਿਕਾਰਾਂ ਦੀ ਚਿੰਤਾਂ ਕਰ ਸੁਪਰੀਮ ਕੋਰਟ ਦਾ ਦਰਵਾਜ਼ਾ ਖੁੱਲਾ ਛੱਡ ਉਸ ਦਾ ਧਿਆਨ ਰੱਖਿਆ ਗਿਆ ਹੈ। ਫਿਰ ਸੁਪਰੀਮ ਕੋਰਟ ਵੀ ਇਸੇ ਦੀ ਰੌਸ਼ਨੀ ਵਿੱਚ ਸਹੀ ਗਲਤ ਦਾ ਫ਼ੈਸਲਾ ਕਰਦੀ ਹੈ। ਉਥੇ ਇਸ ਕਿਤਾਬ ਵਿੱਚ ਲਿਖੇ ਨਿਯਮ-ਕਾਇਦਿਆਂ ਦੀ ਵਿਆਖਿਆ ਕਰਨ ਦੇ ਲਈ ਅਧਿਕਾਰਤ ਹੈ। ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਸਨਮਾਨ ਨਾਲ ਜੀਵਨ ਬਤਤ ਕਰਨ ਦੇ ਲਈ ਰਾਖਵਾਂਕਰਨ ਦਾ ਪ੍ਰਬੰਧ ਕਰ ਮੰਨੋ ਪਾਰਸ ਪੱਥਰ ਉਨਾਂ ਲੋਕਾਂ ਦੇ ਹੱਥ ਵਿੱਚ ਦਿੱਤਾ ਗਿਆ ਹੈ, ਜਿੰਨਾਂ ਨੇ ਕਈਆਂ ਪੀੜ੍ਹੀਆਂ ਤੋਂ ਸਮਾਜਿਕ ਅਪਮਾਨ ਅਤੇ ਆਰਥਿਕ ਗਰੀਬੀ ਦਾ ਡੰਗ ਝੱਲਿਆ ਹੈ।




ਇੱਥੇ ਕਈ ਮੁਲਕ ਆਪਣੇ ਆਪ ਨੂੰ ਕਿਸੇ ਵਿਸ਼ੇਸ਼ ਧਰਮ ਦਾ ਦੱਸ ਕੇ ਮਾਣ ਮਹਿਸੂਸ ਕਰਦੇ ਹਨ, ਉਥੇ ਸਾਡੇ ਸੰਵਿਧਾਨ ਨੇ ਭਾਰਤ ਨੂੰ ਧਰਮ ਨਿਰਪੱਖਤਾ ਬਣਾ ਸਾਰਿਆਂ ਨੂੰ ਆਪਣਾ ਆਪਣਾ ਧਰਮ ਮੰਨਣ ਉਨਾਂ ਦੇ ਅਨੁਸਾਰ ਪੂਜਾ ਕਰਨ ਅਤੇ ਪ੍ਰਚਾਰ ਕਰਨ ਦੀ ਖੁੱਲ ਦੇ ਕੇ ਇਕ ਬਾਰ ਤਾਂ ਦੁਨੀਆਂ ਨੂੰ ਅਚੰਭੇ ਵਿੱਚ ਪਾ ਦਿੱਤਾ ਸੀ। ਪ੍ਰਸਤਾਵਨਾ ਵਿੱਚ ਹੀ ਸਾਰਿਆਂ ਨੂੰ ਆਪਣੇ ਵਿਚਾਰ ਰੱਖਣ ਦੀ ਪੂਰੀ ਆਜਾਦੀ ਦਿੱਤੀ ਗਈ ਹੈ। ਉਸ ਨੂੰ ਸ਼ਾਸ਼ਨ-ਪ੍ਰਸ਼ਾਸਨ ਵਿੱਚ ਮੌਕਿਆਂ ਦੀ ਸਮਾਨਤਾ ਦੇਣ ਦੀ ਗੱਲ ਪ੍ਰਸਤਾਵਨਾ ਵਿੱਚ ਹੀ ਲਿਖ ਦਿੱਤੀ ਗਈ ਹੈ। ਪਰ ਦੇਸ਼ ਪਹਿਲਾਂ ਦੀ ਗੱਲ ਕਰਦੇ ਹੋਏ ਪ੍ਰਸਤਾਵਨਾ ਇਹ ਉਮੀਦ ਵੀ ਕਰਦੀ ਹੈ ਕਿ ਇੰਨਾਂ ਸਾਰਿਆਂ ਦੇ ਬਾਅਦ ਅਸੀ ਵੀ ਇਸ ਭਾਰਤ ਦੀ ਏਕਤਾ ਅਤੇ ਆਖੰਡਤਾ ਨੂੰ ਪੱਕਿਆਂ ਕਰਨ ਦੀ ਭਰਭੂਰ ਕੋਸ਼ਿਸ਼ ਕਰਾਂਗੇ।

ਸੰਵਿਧਾਨ ਦੀ ਸੱਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਭਾਰਤ ਦੇ ਲੋਕਾਂ ਦੀ ਗੱਲ ਕਰਦਾ ਹੈ ਨਾ ਕਿ ਸੱਤਾਧਾਰੀਆਂ ਦੀ।ਇਸ ਦੀ ਪ੍ਰਸਤਾਵਨਾ ਦੀ ਮਹੱਤਤਾ ਇਸ ਕਹਾਵਤ ਤੋਂ ਸਮਝੀ ਜਾ ਸਕਦੀ ਹੈ ਕਿ 'ਚਿੱਠੀ ਦਾ ਮਜ਼ਬੂਨ ਤਾੜ ਲੈਂਦੇ ਹਨ ਲਿਫ਼ਾਫਾ ਪੜ੍ਹ ਕੇ'। ਬਿਲਕੁਲ ਸਹੀ ਹੈ ਕਿ ਪ੍ਰਸਤਾਵਨਾ ਵਿੱਚ 'ਅਸੀ ਭਾਰਤ ਦੇ ਲੋਕ' ਤੋਂ ਸ਼ੁਰੂ-ਆਤ ਹੋ ਕੇ ਅੰਤ ਵਿੱਚ 'ਆਤਮ ਸਮਰਪਿਤ ਕਰਦੇ ਹਾਂ'ਤੱਕ ਪੂਰਾ ਯਤਨ ਭਾਰਤ ਦੀ ਜਨਤਾ ਦੇ ਹੱਥਾਂ ਵਿੱਚ ਹੈ' ਦਾ ਸੰਕੇਤ ਦੇਣਾ ਹੀ ਹੈ। ਇਹ ਤਾਕਤ ਇਕ ਵੋਟਰ ਦੇ ਰੂਪ ਵਿੱਚ ਵਿਆਕਤੀ ਸਰਕਾਰ ਬਣਾਉਣ ਵਿੱਚ ਪ੍ਰਯੋਗ ਕਰਦਾ ਹੈ ਅਤੇ ਆਪਣੀ ਮਰਜੀ ਦਾ ਮਾਲਕ ਚੁਣਦਾ ਹੈ ਆਪਣੇ ਉਤੇ ਸ਼ਾਸ਼ਨ ਕਰਨ ਦੇ ਲਈ। ਮਤਲਬ ਸੱਤਾ ਦੀ ਚਾਬੀ ਜਨਤਾ ਦੇ ਹੱਥ ਵਿੱਚ ਦੇ ਕੇ ਇਸ ਨੂੰ ਲੋਕ ਤੰਤਰ ਬਣਾਇਆ ਗਿਆ ਹੈ।

ਉਸੇ ਪ੍ਰਸਤਾਵਨਾ ਦੇ ਅੱਧ ਵਿੱਚ ਸਮਾਜਵਾਦੀ, ਧਰਮ ਨਿ-ਰਪੱਖ, ਗਣਰਾਜ ਜਿਹੇ ਮਹਾਨ ਸ਼ਬਦਾਂ ਦੇ ਪ੍ਰਯੋਗ ਨੇ ਇਸ ਨੂੰ ਦੁਨੀਆਂ ਦਾ ਸੱਭ ਤੋਂ ਖੂਬਸੂਰਤ ਸੰਵਿਧਾਨ ਬਣਾ ਦਿੱਤਾ ਹੈ। ਸੰਵਿਧਾਨ ਵਿੱਚ ਰਾਜਾਂ ਅਤੇ ਕੇਂਦਰ ਤੋਂ ਲੋਕ ਕਲਿਆਣਕਾਰੀ ਸ਼ਾਸ਼ਨ ਦੀ ਗੱਲ ਸਾਫ਼ ਰੂਪ ਨਾਲ ਆਖੀ ਗਈ ਹੈ।

ਇਸ ਦੇ ਲਈ ਸੰਵਿਧਾਨ ਵਿੱਚ ਨੀਤੀ-ਨਿਰਦੇਸ਼ਕ ਤੱਤਾਂ ਨੂੰ ਮਹੱਤਵ ਪੂਰਨ ਥਾਂ ਦਿੱਤਾ ਗਿਆ ਹੈ, ਜੋ ਲੋਕ ਕਲਿਆਣਕਾਰੀ ਸ਼ਾਸ਼ਨ ਦਾ ਰਾਹ ਤਿਆਰ ਕਰਦੇ ਹਨ। ਨਾਗਰਿਕਾਂ ਦੇ ਲਈ ਇਕ ਪਾਸੇ ਤਾਂ ਉਨਾਂ ਦੇ 6 ਮੂਲਾਂ ਦੇ ਅਧਿਕਾਰਾਂ ਦੀ ਗੱਲ ਕੀਤੀ ਗਈ ਹੈ, ਜੋ ਆਸਧਾਰਨ ਹੈ ਅਤੇ ਆਸਾਨੀ ਨਾਲ ਉਨਾਂ ਵਿੱਚ ਸੋਧ ਹੋ ਸਕਦੀ ਹੈ ਅਤੇ ਨਾ ਹੀ ਰੱਦ ਕੀਤੇ ਜਾ ਸਕਦੇ ਹਨ। ਮੂਲ ਅਧਿਕਾਰ ਨਾ-ਗਰਿਕਾਂ ਦੇ ਲਈ ਜੀਣ ਦਾ ਆਧਾਰ ਹਨ, ਇੰਨਾਂ ਵਿੱਚ ਪ੍ਰਮੁੱਖ ਹੈ, ਬਰਾਬਰੀ, ਆਜਾਦੀ, ਧਰਮ ਦੀ ਆਜਾਦੀ, ਸੰਸਕ੍ਰਿਤੀ ਅਤੇ ਸਿਖਿਆ ਸੰਬੰਧੀ ਅਤੇ ਸ਼ੋਸਣ ਦੇ ਵਿਰੁਧ ਅਧਿਕਾਰ।

ਉਥੇ ਦੇਸ਼ ਅਤੇ ਸਮਾਜ ਦੇ ਪ੍ਰਤੀ ਉਨਾਂ ਵਿੱਚ ਜਿੰਮੇਵਾਰੀ ਦੀ ਭਾਵਨਾ ਭਰਨ ਦੇ ਲਈ 10 ਮੌਲਿਕ ਫ਼ਰਜ ਵੀ ਰੱਖੇ ਗਏ ਹਨ। ਸਮੇ ਦੀ ਲੋੜ ਦੇ ਹਿਸਾਬ ਨਾਲ ਕੁਝ ਸਾਲ ਪਹਿਲਾਂ 11ਵਾਂ ਮੌਲਿਕ ਫ਼ਰਜ 'ਸਿੱਖਿਆ ਦੇਣਾ'ਜੋੜਿਆ ਗਿਆ ਹੈ। ਹਾਲਾਂਕਿ ਸੰਵਿਧਾਨ ਨੂੰ ਸੰਤ ਰੂਪੀ ਵਿਦਵਾਨਾਂ ਰਾਹੀ ਦੇ ਅਤੇ ਦੇਸ਼ ਵਾਸੀਆਂ ਦੀ ਤਰੱਕੀ ਲਈ ਅਣਥੱਕ ਮਿਹਨਤ ਨਾਲ ਅਨੇਕ ਦੇਸ਼ਾਂ ਅਮਰੀਕਾ, ਫਰਾਂਸ, ਰੂਸ, ਅਇਰਲੈਂਡ, ਆਸਟ੍ਰੇਲੀਆ, ਜਰਮਨੀ, ਬ੍ਰਿਟੇਨ, ਦੱਖਣੀ ਅਫ਼ਰੀਕਾ, ਜਪਾਨ ਆਦਿ ਦੇ ਸੰਵਿਧਾਨ ਦਾ ਅਧਿਐਨ ਕਰ ਬਣਾਇਆ ਗਿਆ ਸੀ। ਇੰਨਾਂ ਸੱਭ ਦੀਆਂ ਬਿਹਤਰੀਨ ਗੱਲਾਂ ਨੂੰ ਸ਼ਾਮਲ ਕਰਕੇ ਇਸ ਨੂੰ ਸਰਵਸ਼੍ਰੇਸ਼ਠ ਬਣਾਉਣ ਦਾ ਬਿਹਤਰੀਨ ਯਤਨ ਕੀਤਾ ਗਿਆ।

ਅੱਜ ਜਰੂਰਤ ਹੈ ਸੰਵਿਧਾਨ ਨੂੰ ਜਨ-ਜਨ ਤਕ ਪਹੁੰਚਾਣ ਦੀ ਤਾਂ ਕਿ ਹਰ ਵਰਗ ਹਰ ਤਬਕੇ ਦਾ ਆਦਮੀ ਇਸ ਨੂੰ ਸਮਝਕੇ ਇਸ ਦਾ ਸਮਾਈਕਰਨ ਕਰ ਸਕੇ। ਆਪਣੇ ਅਧਿਕਾਰਾਂ ਦੀ ਗੱਲ ਕਰਨ ਤੋਂ ਪਹਿਲਾਂ ਆਪਣੇ ਫ਼ਰਜ ਵੀ ਜਾਣ ਲਵੇ ਅਤੇ ਉਸ ਦੇ ਅਨੁਸਾਰ ਵਿਵਹਾਰ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਨੂੰ ਆਪਣਾ ਯੋਗਦਾਨ ਦੇਵੇ। ਅੱਜ ਮਹੱਤਵ ਪੂਰਨ ਜਰੂਰਤ ਹੈ ਸੰਵਿਧਾਨ ਦੇ ਪਿਤਾ ਕਹੇ ਜਾਣ ਵਾਲੇ ਡਾ; ਭੀਮ ਰਾਓ ਅੰਬੇਡਕਰ ਦੇ ਉਨਾਂ ਸ਼ਬਦਾਂ ਨੂੰ ਯਾਦ ਰੱਖਣ ਕਿ "ਮੈਂ ਪਹਿਲਾਂ ਭਾਰਤੀ ਸੀ, ਮੱਧ ਵਿੱਚ ਵੀ ਭਾਰਤੀ ਹਾਂ ਅਤੇ ਅੰਤ ਵਿੱਚ ਭਾਰਤੀ ਰਹੂੰਗਾ।

---

ਚਿੰਤਨ

# ਚਿੰਤਾ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਚਿੰਤਾ ਅੰਤਰਮੁਖੀ-ਬਾਹਰਮੁਖੀ ਵੇਦਨਾ ਹੈ । ਸੰਸਾਰ ਵਿਚ ਚਿੰਤਾ ਦੋ ਤਰ੍ਹਾਂ ਦੀ ਪਾਈ ਜਾਂਦੀ ਹੈ । ਇਕ ਅੰਤਰਮੁਖੀ ਅਤੇ ਦੂਸਰੀ ਬਾਹਰਮੁਖੀ । ਅੰਤਰਮੁਖੀ ਚਿੰਤਾ ਵਿਚ ਮਾਨਵਤਾ ਦਾ ਨਿੱਜੀ ਚਿੰਤਨ ਅਤੇ ਬਾਹਰਮੁਖੀ ਵਿਚ ਪ੍ਰਾਕ੍ਰਿਤਕ ਪ੍ਰਕੋਪ ਆਉਂਦਾ ਹੈ। ਭੂਮੰਡਲੀਕਰਣ, ਨਵਉਦਾਰਵਾਦ, ਅਰਥ ਨੀਤੀ ਦੀ ਸਕਿਰਿਆ ਅਵਧਾਰਨਾਵਾਂ ਨੇ ਮਨੁੱਖ ਦੀਆਂ ਚਿੰਤਾਵਾਂ ਵਿਚ ਬਹੁਤ ਵਾਧਾ ਕੀਤਾ ਹੈ । ਜ਼ਰੂਰਤਾਂ ਨੇ ਮਨੁੱਖ ਦੀ ਭੂਗੋਲਿਕ, ਭੌਤਿਕ ਤੇ ਲੌਕਿਕ ਸਥਿਤੀ ਵਿਚ ਕਾਫ਼ੀ ਤਬਦੀਲੀ ਲਿਆਂਦੀ ਹੈ।

ਸੰਚਾਰ, ਪ੍ਰਚਾਰ, ਪਸਾਰ, ਆਵਜਾਈ, ਜਨਸੰਖਿਆ ਆਦਿ ਦੀ ਤੇਜ਼ ਗਤੀ ਦੇ ਨਾਲ ਵਧਣ ਕਾਰਣ ਕੁਦਰਤੀ ਪ੍ਰਕੋਪ ਅਤੇ ਹਾਦਸਿਆਂ ਦੀ ਸੰਖਿਆ ਵਧਦੀ ਚਲੀ ਜਾ ਰਹੀ ਹੈ । ਹੜ੍ਹ, ਭੂਚਾਲ, ਹਾਦਸੇ, ਘਟਨਾਵਾਂ, ਬਿਮਾਰੀ, ਸੋਕਾ ਆਦਿ ਸਥਿਤੀਆਂ ਮਨੁੱਖ ਲਈ ਹਮੇਸ਼ਾਂ ਹੀ ਚਿੰਤਾ ਦਾ ਵਿਸ਼ਾ ਰਹੀਆਂ ਹਨ । ਇਹ ਚਿੰਤਾਵਾਂ ਮਨੁੱਖ ਦੀ ਬਰਬਾਦੀ ਤਾਂ ਕਰਦੀਆਂ ਹੀ ਹਨ, ਪਰ ਵਰਤਮਾਨ ਨੂੰ ਕੁਚਲਦੇ ਹੋਏ, ਭਵਿੱਖ ਦਾ ਬਹੁਤ ਨੁਕਸਾਨ ਕਰਦੀ ਹੈ ਅਤੇ ਭਵਿੱਖ ਨੂੰ ਫਿਰ ਤੋਂ ਆਪਣੇ ਪੈਰ੍ਹਾਂ 'ਤੇ ਖੜ੍ਹੇ ਹੋਣ ਲਈ ਬਹੁਤ ਸਮਾਂ ਲਗ ਜਾਂਦਾ ਹੈ । ਆਰਥਿਕ ਹਾਨੀ ਦੇ ਨਾਲ-ਨਾਲ ਮਨੁੱਖੀ ਨੁਕਸਾਨ ਵੀ ਬਹੁਤ ਜ਼ਿਆਦਾ ਹੁੰਦਾ ਹੈ। ਇਸ ਤਰ੍ਹਾਂ ਦੀ ਕੁਦਰਤੀ ਪ੍ਰਕੋਪ ਉਮਰ ਹਰਾਸ ਵੀ ਕਰਦਾ ਹੈ। ਵਰਤਮਾਨ ਨੂੰ ਉਠਣ ਲਈ ਕਾਫੀ ਸਮਾਂ ਲਗਦਾ ਹੈ । ਭਵਿੱਖ ਦੀ ਵਿਕਲਾਂਗਤਾ ਨੂੰ ਤੰਦਰੁਸਤ ਹੋਣ ਲਈ ਬਹੁਤ ਸਮਾਂ ਲਗਦਾ ਹੈ।

ਕੁਦਰਤੀ ਪ੍ਰਕੋਪ ਤਾਂ ਕੁਦਰਤ ਦੇ ਕਾਬੂ ਵਿਚ ਹੀ ਰਹਿੰਦਾ ਹੈ । ਕੁਦਰਤ ਕਦ, ਕੀ ਕਰੇ? ਕਿਸੇ ਨੂੰ ਵੀ ਨਹੀਂ ਪਤਾ ਹੁੰਦਾ । ਤਰੱਕੀ ਪਸੰਦ ਮਨੁੱਖ ਤਾਂ ਇਸਦਾ ਸਾਹਮਣਾ ਹੀ ਕਰ ਸਕਦੇ ਹਨ । ਇਹ ਚਿੰਤਾ ਮਨੁੱਖ ਦੀ ਖ਼ੁਦ ਪੈਦਾ ਕੀਤੀ ਹੋਈ ਨਹੀਂ ਹੁੰਦੀ । ਵਿਕਸਿਤ ਦੇਸ਼ਾਂ ਨੇ ਬੇਸ਼ਕ ਪ੍ਰਾਕਿਤਿਕ ਪ੍ਰਕੋਪ ਦੀਆਂ ਚਿੰਤਾਵਾਂ ਦੇ ਅਨੇਕ ਹੱਲ ਲਭ ਲਏ ਹਨ, ਪਰ ਉਸਦੀ ਭਵਿੱਖਬਾਣੀ ਕੁਝ ਅਸੰਭਵ ਹੈ । ਇਸ ਤਰ੍ਹਾਂ ਦੀਆਂ ਚਿੰਤਾਵਾ ਬਹੁਤ ਵੇਦਨਾਪਰਦ ਅਤੇ ਸਾਰੇ ਜਨ ਸਮੂਹ ਲਈ ਬਰਾਬਰ ਹੁੰਦੀਆਂ ਹਨ ।

ਆਪਣੇ ਵਿਹਾਰ ਤੋਂ ਉਤਪਨ ਚਿੰਤਾਵਾਂ ਵਿਚ ਅਹੰਕਾਰ, ਬੇਈਮਾਨੀ, ਝੂਠ, ਗੈਰ-ਕਾਨੂੰਨੀ ਕਾਰਜ, ਅਨੈਤਿਕ ਕਾਰਜ, ਨਸ਼ਾ, ਚੋਰੀ, ਡਕੈਤੀ, ਅਨੁਸ਼ਾਸਨਹੀਣਤਾ, ਸ਼ੁਹਰਤ, ਅਮੀਰੀ-ਗ਼ਰੀਬੀ, ਅਸਮਾਨਤਾ, ਉਚ-ਨੀਚ, ਅੰਧ-ਵਿਸ਼ਵਾਸ, ਕਲੇਸ਼, ਨਾ ਮੰਨਣ ਦੀ ਭਾਵਨਾ, ਉਮਰ ਦਾ ਅੰਤਰ, ਹੀਣਤਾ, ਅਧਿਕਾਰਾਂ ਅਤੇ ਫ਼ਰਜ਼ਾਂ ਦਾ ਅਨੁਚਿਤ ਪ੍ਰਯੋਗ ਆਦਿ ਕਾਰਣ ਆ ਜਾਂਦੇ ਹਨ । ਇਨ੍ਹਾਂ ਚਿੰਤਾਵਾਂ ਦਾ ਮਤਲਬ ਤਾਂ ਮਨੁੱਖ ਦੁਆਰਾ ਖ਼ੁਦ ਪੈਦਾ ਕੀਤੀਆਂ ਗਈਆਂ ਚਿੰਤਾਵਾਂ ਹੀ ਹੈ ।

ਚਿੰਤਾਵਾਂ ਮਨੁੱਖ ਨੂੰ ਖੋਖਲਾ ਕਰ ਦਿੰਦੀਆਂ ਹਨ । ਚਿੰਤਾ ਇਕ ਐਸਾ ਘੁਣ ਹੈ ਜੋ ਮਨੁੱਖ ਨੂੰ ਆਪਣੇ ਵਿਚੋਂ ਵਿਚ ਹੀ ਖਾਈ ਜਾਂਦਾ ਹੈ । ਚਿੰਤਾ ਦਿਮਾਗ ਉਪਰ ਗਹਿਰਾ ਪ੍ਰਭਾਵ ਪਾਉਂਦੀਆਂ ਹ । ਮਨੁੱਖ ਵਿਚ ਏਨੀਂ ਜ਼ਿਆਦਾ ਗਰਮੀ ਹੁੰਦੀ ਹੈ ਕਿ ਉਸਦੀ ਗਰਮੀ ਨਾਲ ਬਿਜਲੀ ਦਾ ਬਲਬ ਜਗ ਸਕਦਾ ਹੈ । ਚਿੰਤਾ ਦਾ ਮੂਲ ਪ੍ਰਭਾਵ ਦਿਮਾਗ 'ਚੋਂ ਹੁੰਦਾ ਹੋਇਆ ਫਿਰ ਦਿਲ 'ਚੋਂ ਹੁੰਦਾ ਹੋਇਆ ਸਾਰੇ ਸਰੀਰ ਉਪਰ ਪੈਂਦਾ ਹੈ । ਸਰੀਰ ਦਾ ਕੰਟਰੋਲ ਦਿਮਾਗ਼ ਦੇ ਕੋਲ ਹੀ ਹੈ । ਦਿਮਾਗ ਸਰੀਰ ਨੂੰ ਅੱਗ ਵੀ ਲਗਾ ਸਕਦਾ ਹੈ ਅਤੇ ਬਰਫ ਦੀ ਤਰ੍ਹਾਂ ਠੰਡਾ ਵੀ ਕਰ ਸਕਦਾ ਹੈ । ਚਿੰਤਾ ਦੀ ਅਗਨੀ ਨਾਲ ਦਿਮਾਗ ਗਰਮੀ ਫੜ੍ਹਦਾ ਹੈ। ਵੇਖਿਆ ਜਾਵੇ ਤਾਂ ਮਨੁੱਖ ਸਰੀਰ ਵਿਚ ਉਹ ਸਭ ਕੁਝ ਹੈ ਜੋ ਬਾਹਰ ਹੈ, ਭਾਵਕਿ ਸਰੀਰ ਵਿਚ ਉਹ ਸਭ ਕੁਝ ਹੈ ਜੋ ਬ੍ਰਹਮੰਡ ਉਹ ਪਿੰਡ ਵਿਚ ਵੀ ਹੈ ।

ਮਨੁੱਖ ਜਦ ਚਿੰਤਾ ਕਰਦਾ ਹੈ ਤਾਂ ਉਸਦੇ ਦਿਮਾਗ਼ ਉਪਰ ਗਹਿਰਾ ਅਸਰ ਹੁੰਦਾ ਹੈ, ਜਿਸ ਤਰ੍ਹਾਂ ਕਿ ਕਿਸੇ ਦੀ ਸੰਤਾਨ ਚੰਗੀ ਨਈਾ, ਘਰ ਦਾ ਕਲੇਸ਼, ਬੇਈਮਾਨੀ ਦਾ ਅਸਰ, ਅਦਾਲਤੀ ਝਗੜਾ, ਕੋਈ ਵੀ ਭਿਅੰਕਰ ਬਿਮਾਰੀ ਆਦਿ ਦੀ ਚਿੰਤਾ ਮਨੁੱਖ ਦੇ ਤਨ-ਮਨ-ਦਿਮਾਗ ਉਪਰ ਗਹਿਰਾ ਅਸਰ ਛੱਡਦੀ ਹੈ।

ਅੱਜ ਕੱਲ੍ਹ ਤਾਂ ਦਿਲ ਦੀ ਗਤੀ ਦਾ ਰੁਕਣਾ (ਹਾਰਟ ਅਟੈਕ), ਵਧਦਾ-ਘਟਦਾ ਖ਼ੂਨ ਦਾ ਦਬਾਅ (ਬਲੱਬ ਪ੍ਰੈਸ਼ਰ), ਸ਼ੂਗਰ ਆਦਿ ਲਗਾਤਾਰ ਵਧਣਾ ਆਦਿ ਚਿੰਤਾ ਦਾ ਕਾਰਣ ਬਣ ਜਾਂਦੇ ਹਨ । ਇਨ੍ਹਾਂ ਸਭ ਚਿੰਤਾਵਾਂ ਦਾ ਦਿਮਾਗ਼ ਉਪਰ ਗਹਿਰਾ ਪ੍ਰਭਾਵ ਪੈਂਦਾ ਹੈ । ਦਿਮਾਗ਼ ਦੀ ਅਗਨੀ ਨਾਲ ਸੰਚਾਲਿਤ ਧਮਣੀਆਂ, ਸ਼ਿਰਾਵਾਂ (ਨਾੜੀਆਂ) ਵੀ ਪਿਘਲ ਸਕਦੀਆਂ ਹਨ ਜਾਂ ਫੱਟ ਸਕਦੀਆਂ ਹਨ । ਬਿਮਾਰੀਆਂ ਦੇ ਵਧਣ ਨਾਲ ਹੀ ਦਿਮਾਗ਼ ਵਿਚ ਗਰਮੀ ਵਧ ਜਾਂਦੀ ਹੈ, ਜਿਸ ਨਾਲ ਖ਼ੂਨ ਦਾ ਸੰਚਾਰ ਸਹੀ ਨਹੀਂ ਰਹਿੰਦਾ । ਇਨ੍ਹਾਂ ਬਿਮਾਰੀਆਂ ਦੇ ਕਾਰਨ ਚਿੰਤਾ ਮਨੱਖ ਨੂੰ ਚਿਤਾ ਤਕ ਲੈ ਜਾਂਦੀ ਹੈ।

ਚਿੰਤਾ ਮਨੁੱਖ ਦਾ ਘਰ ਹੈ । ਚਿੰਤਾ ਇਕ ਐਸੀ ਲਿਖਾਵਟ ਹੈ ਜੋ ਮਨੁੱਖ ਦੀ ਕਾਰਜ਼ਸ਼ੈਲੀ ਦੇ ਪੰਨਿਆਂ ਉਪਰ ਇਤਿਹਾਸ ਲਿਖਦੀ ਹੈ । ਇਹ ਇਤਿਹਾਸ ਮਨੁੱਖ ਦੀ ਚਿਤਾ ਤਕ ਚਲਦਾ ਰਹਿੰਦਾ ਹੈ । ਮਨੁੱਖ ਦੀ ਚਿਤਾ ਨਾਲ ਹੀ ਚਿੰਤਾ ਵੀ ਖ਼ਤਮ ਹੋ ਜਾਂਦੀ ਹੈ ।

ਚਿੰਤਾ ਨੂੰ ਪੂਜਣ ਵਾਲੇ ਹੀ ਸੁਖਦ ਜੀਵਨ ਪਾਉਂਦੇ ਹਨ । ਚਿੰਤਾ ਨੂੰ ਅਭਿਵਾਦਨ, ਅਭਿਨੰਦਨ ਨਾਲ, ਸਰਲ ਸਹਿਜ, ਧੀਰਜ ਲਾਲ ਅਪਣਾਉਂਦੇ ਜਾਓ, ਉਸਦੇ ਹੱਲ ਲਭਦੇ ਜਾਓ ਤਾਂ ਤੁਸੀਂ ਸੁਖਦ ਆਨੰਦਮਈ ਅਵਸਥਾ ਵੱਲ ਵਧਦੇ ਚਲੇ ਜਾਓਗੇ । ਚਿੰਤਾ ਦੇ ਪੁਜਾਰੀ ਲੋਕ ਹੀ ਉਪਲਬਧੀਆਂ ਨੂੰ ਚੁੰਮਦੇ ਹਨ । ਸੰਸਕ੍ਰਿਤ ਦੇ ਇਕ ਸ਼ਲੋਕ ਮੁਤਾਬਿਕ:ਚਿੰਤਾ ਅਤੇ ਚਿਤਾ ਵਿਚੋਂ ਚਿੰਤਾ ਅਧਿਕ ਬਲਵਤੀ ਹੁੰਦੀ ਹੈ ਕਿਉਂਕਿ ਚਿਤਾ ਤਾਂ ਨਿ-ਰਜੀਵ (ਸ਼ਵ) ਨੂੰ ਸਾੜਦੀ ਹੇ ਜਦਕਿ ਚਿੰਤਾ ਜੀਵਿਤ ਨੂੰ ਹੀ ਸਾੜਦੀ ਰਹਿੰਦੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ''ਮਾਰੂ ਮਹਲਾ 4' ਵਿਚ ਚਿੰਤਾ ਬਾਰੇ ਵਰਣਨ ਹੈ:ਨਾ ਕਰਿ ਚਿੰਤ ਚਿੰਤਾ ਹੈ ਕਰਤੇ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੈ।

'ਸਲੋਕ ਮਹਲਾ 2: ਕਿਸ ਹੀ ਕੋਈ ਕੋਇ ਮੰਞ ਨਿਮਾਣੀ ਹਿਕੁ ਤੂ ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ਗੁਰੂ ਅੰਗਦ ਦੇਵ ਕਹਿ ਰਹੇ ਹਨ ਅਰਦਾਸ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਡਿਗਣ ਕਰਕੇ ਸਤਿਗੁਰੂ ਸਹਾਰਾ ਬਖਸ਼ਦੇ ਹਨ । ਫਿਰ ਆਪਣਾ ਆਪ ਅਰਪਨ ਕਰਕੇ ਵਾਹਿਗੁਰੂ ਨੂੰ ਸਹਾਈ ਸਮਝਣ ਕਰਕੇ ਸਾਰੀ ਚਿੰਤਾ ਮੁੱਕ ਜਾਂਦੀ ਹੈ ।

'ਸਲੋਕ ਮਹਲਾ 5' ਵਿਚ ਚਿੰਤਾ ਬਾਰੇ ਵਰਣਨ ਹੈ ਕਿ 'ਜਾ ਤੂ ਤੁਸਹਿ ਮਿਹਰਵਾਨੁ ਅਚਿੰਤ ਵਸਹਿ ਮਨ ਮਾਹਿ

ਜਾ ਤੂ ਤੁਸਹਿ ਮਿਹਰਵਾਨ ਨਉ ਨਿਧਿ ਘਰੁ ਮਹਿ ਪਾਹਿ ਜਾ ਤੂ ਤੁਸਹਿ ਮਿਹਰਵਾਨ ਤਾ ਗੁਰ ਕਾ ਸੰਤ ਕਮਾਹਿ ਜਾ ਤੂ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ

ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਭੋਗ ਦੇ ਸ਼ਬਦਾਂ ਵਿਚ ਗੁਰੂ ਜੀ ਲਿਖਦੇ ਹਨ ਕਿ ਚਿੰਤਾ ਕਿਸ ਦੀ ਕਰਨੀ ਹੈ, ਕਿਉਂਕਿ ਕੁਝ ਵੀ ਉਸਦੇ ਹੁਕਮ ਤੋਂ ਬਗੈਰ ਹੁੰਦਾ ਹੀ ਨਹੀਂ ਹੈ । 'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ਇਹੁ ਮਾਰਗੁ ਸੰਸਾਰ ਕੇ ਨਾਨਕ ਥਿਰੁ ਨਹੀਂ ਕੋਇ

ਅਤੇ

'ਸਲੋਕ ਮਹਲਾ 2'ਵਿਚ ਚਿੰਤਾ ਬਾਰੇ ਸਲੋਕ ਹੈ:ਨਾਨਕ ਚਿੰਤਾ ਮਹਿਤ ਕਰਹੁ ਚਿੰਤਾ ਤਿਸ ਹੀ ਹੇਇ॥ਜਲ ਮਹਿ ਜੰਤ ਉਪ-ਾਇਨ ਤਿਨਾ ਭੀ ਰੋਜੀ ਦੇਇ॥ ਓਥੈ ਹਟੁ ਨਾ ਚਲਈ ਨ ਕੋ ਕਿਰਸ ਕਰੇਇ॥ ਸਉਦਾ ਮੂਲਿ ਨ ਹੋਵਈ ਨ ਕੋ ਲਏ ਨ ਦੇਇ ।। ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥ ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥ ਨਾਨਕ ਚਿੰਤਾ ਮਦ ਕਰਹੁ ਚਿੰਤਾ ਤਿਸ ਹੀ ਹੇਇ॥'

ਅਤੇ

ਦਸਵੇਂ ਪਾਤਸ਼ਾਹ ਜੀ ਸਵਈਆ ਵਿਚ ਲਿਖਦੇ ਹਨ... : 'ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ ਪਛ ਪਸੂ ਨਗ ਨਾਗ ਨਰਾਧਿਮ ਸਰਬ ਸਮੈ ਸਭ ਕੋ ਪ੍ਰਤਿਪਾਰੈ'

ਅਤੇ

ਇਸੇ ਤਰ੍ਹਾਂ ਹੀ ਕਾਮ ਇੰਦਰੀਆਂ ਅਤੇ ਗਿਆਨ ਇੰਦਰੀਆਂ ਦੇ ਅਨੁਸ਼ਾਸਨ ਨਾ ਚਿੰਤਾ ਬਲਹੀਨ ਹੁੰਦੀ ਹੈ । ਸੁਖਦ ਚਿੰਤਾ ਤਰੱਕੀ ਦਾ ਦੂਸਰਾ ਨਾਮ ਹੈ ।

ਦੁਖਦ ਚਿੰਤਾ ਮੌਤ ਦਾ ਦੂਸਰਾ ਨਾਮ, ਚਿੰਤਾ ਬਿਮ-ਾਰੀਆਂ ਦਾ ਘਰ, ਚਿੰਤ ਡਰ ਦਾ ਦੈਂਤ, ਚਿੰਤਾ ਹਉਂਆ ਦਾ ਨਾਂਅ, ਚਿੰਤਾ ਗਮ ਦੀ ਪੌੜੀ, ਚਿੰਤਾ ਸੋਚ ਦੀਆਂ ਕਿਰਚੀਆਂ, ਚਿੰਤਾ ਜਵਾਨੀ ਵਿਚ ਬੁਢਾਪੇ ਦਾ ਅਹਿਸਾਸ, ਚਿੰਤਾ ਨਰਕ ਦੇ ਦਰਵਾਜ਼ੇ ਖੋਲ੍ਹਦੀ, ਚਿੰਤਾ ਦੁੱਖ ਦੇ ਦਸਤਖ਼ਤ ।

ਮਨੁੱਖ ਤਾਂ ਚਲਦਾ ਫਿਰਦਾ ਯੰਤਰ ਹੈ । ਇਸਦੇ ਇਰਦ ਗਿਰਦ ਤਾਂ ਅਨੇਕਾਂ ਚੀਜ਼ਾਂ ਚਲ ਰਹੀਆਂ ਹਨ । ਕਿਸੇ ਵੀ ਮਨੁੱਖ ਦਾ ਕੋਈ ਪਤਾ ਨਹੀਂ ਕਦ ਕਿਸੇ ਹਾਦਸੇ ਦਾ ਸ਼ਿਕਾਰ ਹੋ ਜਾਏ ਅਤੇ ਚਿੰਤਾ ਵਿਚ ਗ੍ਰਸਤ ਹੋ ਜਾਏ ।

ਫਿਰ ਵੀ ਮਨੁੱਖ ਆਪਣੀਆਂ ਆਦਤਾਂ ਵਿਚ ਅਨੁਸ਼ਾਸਤ, ਸੱਚ, ਪਿਆਰ-ਸਤਿਕਾਰ ਭਰ ਲਵੋ ਤਾਂ ਉਸ ਦੀਆਂ ਅੱਧੀਆਂ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ । ਹੰਕਾਰ, ਭੱਜ ਨੱਠ, ਆਲਸ, ਝੂਠ ਆਦਿ ਤੱਤ ਚਿੰਤਾ ਨੂੰ ਕਿਸੇ ਨਾ ਕਿਸੇ ਰੂਪ ਵਿਚ ਜਨਮ ਦਿੰਦੇ ਹਨ । ਸੰਤੁਲਿਤ ਸੋਚ ਨਾਲ, ਧੀਰਜ ਨਾਲ ਹਰ ਕਾਰਜ ਕਰੋ ਤਾਂ ਚਿੰਤਾ ਘੱਟ ਹੁੰਦੀ ਹੈ । ਮਨੁੱਖ ਚਿੰਤਾ ਖੁਦ ਮੁੱਲ ਲੈਂਦਾ ਹੈ । ਉਸ ਦਾ ਇਹ ਪ੍ਰਾਚੀਨ ਸੁਭਾਅ ਹੈ । ਫਿਰ ਵੀ ਸਮਝਦਾਰ ਆਦਮੀ ਚਿੰਤਾ ਦੇ ਘੇਰੇ ਤੋਂ ਬਚਣ ਲਹੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਚੰਗੇ ਸਕਾਰਤਮਿਕ ਢੰਗ ਨਾਲ ਬਤੀਤ ਹੋ ਸਕੇ । ਮਨੁੱਖ ਕੁਦਰਤ ਹੀ ਸਭ ਤੋਂ ਅਦਭੁਤ ਅਤੇ ਬਹੁਕੀਮਤੀ ਦਾਤ ਹੈ ।

ਚਿੰਤਾ ਦੂਰ ਕਰਨ ਲਈ ਮਨੁੱਖ ਨੂੰ ਚੰਗੇ ਸੁਹਿਰਦ ਦੋਸਤ, ਚੰਗਾ ਸ਼ੁੱਧ ਵਾਤਾਵਰਣ, ਸੱਚਾਈ, ਯੋਗ, ਆਧਿਆਤਮਿਕਤਾ, ਬਾਣੀ, ਭਜਨ, ਦਾਨ-ਪੁੰਨ, ਚੰਗੀਆਂ ਪੁਸਤਕਾਂ, ਚੰਗੇ ਕਰਮ ਅਤੇ ਚੰਗੀ ਸੰਗਤ ਦਾ ਆਸਰਾ ਲੈਣਾ ਚਾਹੀਦਾ ਹੈ ।

ਮਨੁੱਖ ਦਾ ਅਸਲੀ ਧਰਮ ਤਾਂ ਸੱਚਾਈ ਅਤੇ ਖੁਸ਼ੀ ਹੀ ਹੈ । ਪਰਮਾਤਮਾ ਦਾ ਸਰੂਪ ਹੈ ਮਨੁੱਖ । ਇਸ ਵਿਚ ਹੀ ਪਰਮਾਤਮਾ ਦੀ ਹੋਂਦ ਛੁਪੀ ਹੋਈ ਹੈ । ਪਰਮਾਤਮਾ ਦੀ ਹੋਂਦ ਤੋਂ ਬਗੈਰ ਮਨੁੱਖ ਅਧੂਰਾ ਹੈ ।

ਸਭ ਤੋਂ ਮੁਸ਼ਕਿਲ ਹੈ ਇਕ ਚੰਗੇ ਮਾਂ-ਬਾਪ ਹੋਣਾ ਅਤੇ ਉਸ ਤੋਂ ਵੀ ਮੁਸ਼ਕਿਲ ਹੈ ਇਕ ਚੰਗਾ ਬੇਟਾ-ਬੇਟੀ (ਸੰਤਾਨ) ਦਾ ਹੋਣਾ । ਫਿਰ ਕਟੁੰਬ ਚਲਦਾ ਹੈ ।

ਚਿੰਤਾ ਦੂਰ ਕਰਨ ਲਈ ਮਨੋਰੰਜਨ, ਨੈਤਿਕ ਕਾਰਜ, ਕਾਨੂੰਨ ਦੀ ਉਲੰਘਣਾ ਨਾ ਕੀਤੀ ਜਾਏ, ਦੇਸ਼ ਪ੍ਰਤੀ ਸੁਹਿਰਦਤਾ ਦਿਖਾਓ, ਬੇਈਮਾਨ, ਭਰਿਸ਼ਟ, ਰਿਸ਼ਵਤਖੋਰ ਨਾ ਬਣੋ, ਬੇਕਾਰ ਸਮੇਂ ਦਾ ਸਦਉਪਯੋਗ ਕਰੋ, ਦਿਖਾਵਟੀ ਪ੍ਰੇਮ ਪ੍ਰਦਰਸ਼ਨ ਨਾ ਕਰੋ, ਖੁਦ ਹੀ ਕਾਰਜ ਸਿੱਧ ਬਣਾਓ । ਪਿਆਰ ਸਤਿਕਾਰ ਦੀ ਭਾਵਨਾ ਵੰਡੋ, ਵੰਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਕਰੋ ਆਦਿ ਕਾਰਜ ਲਗਾਤਾਰ ਕਰਦੇ ਚਲੇ ਜਾਓ।

**ਚਿੰਤਾ ਦੂਰ ਕਰਨ ਦੇ ਦੋ ਮੁੱਖ ਸਰੋਤ ਹਨ:** ਨਿਮਰਤਾ ਅਤੇ ਸ਼ਾਂਤੀ । ਇਹ ਦੋ ਸਤੰਭ ਸਾਰੇ ਜੀਵਨ ਦਾ ਆਧਾਰ ਹਨ । ਸਾਰੀ ਸੋਚ ਇਸਦੀ ਨੀਂਹ ਉਪਰ ਖੜ੍ਹੀ ਹੈ । ਨਿਮਰਤਾ ਅਤੇ ਸ਼ਾਂਤੀ ਹੀ ਸੁਖਦ ਵਾਤਾਵਰਣ ਉਪਤਨ ਕਰਦੇ ਹਨ । ਦੂਸਰਿਆਂ ਨੂੰ ਸੁੱਖ ਦੇਣ ਵਾਲੇ ਲਗਭਗ ਸੁਖ ਰਹਿੰਦੇ ਹਨ ਅਤੇ ਚਿੰਤਾ ਤੋਂ ਵੀ ਮੁਕਤ ਰਹਿੰਦੇ ਹਨ ।


ਖੁਸ਼ੀ ਨੂੰ ਲੱਭਣਾ ਪੈਂਦਾ ਹੈ । ਖੁਸ਼ੀ ਤੁਹਾਡੇ ਦਰ 'ਤੇ ਖੁਦ ਚਲਕੇ ਨਹੀਂ ਆਉਂਦੀ । ਪਰਿਵਾਰ ਦੇ ਜੀਆਂ ਵਿਚ, ਦੋਸਤਾਂ-ਮਿੱਤਰਾਂ ਵਿਚ, ਕੁਦਰਤ ਵਿਚ, ਵਾਤਾਵਰਣ ਵਿਚ ਆਦਿ ਕਣ-ਕਣ ਵਿਚ ਖੁਸ਼ੀ ਮੌਜੂਦ ਹੈ, ਕੇਵਲ ਲੱਭਣ ਦੀ ਜ਼ਰੂਰਤ ਹੈ । ਜਿਸ ਦੇ ਕੋਲ ਸੱਚ ਅਤੇ ਨਿਮਰਤਾ ਦਾ ਕੀਮਤੀ ਗਹਿਣਾ ਹੈ ਸਮਝੋ ਉਸਦੇ ਦਰ ਉਪਰ ਖੁਸ਼ੀ ਬੰਦਨਵਾਰ ਸੰਜੋਦੀ ਹੈ। ਨਿਮਰਤਾ, ਸ਼ਾਂਤੀ, ਹੌਸਲਾ, ਸੱਚ ਦੇ ਸਿਧਾਂਤ ਉਪਰ ਹੀ ਖੁਸ਼ੀ ਦੀ ਮੰਜ਼ਿਲ ਹੈ, ਜੋ ਚਿੰਤਾ ਨੂੰ ਦੂਰ ਕਰਦੀ ਹੈ।

ਦੂਜਿਆਂ ਨੂੰ ਪਰੇਸ਼ਾਨ ਕਰਨ ਵਾਲੇ ਮਨੁੱਖ ਨੂੰ ਕਦੀ ਖੁਸ਼ੀ ਨਹੀਂ ਮਿਲਦੀ । ਉਹ ਹਮੇਸ਼ਾਂ ਚਿੰਤਾ ਦੇ ਖੂਹ ਵਿਚ ਡਿੱਗਿਆ ਰਹਿੰਦਾ ਹੈ । ਹਰ ਇਕ ਵਸਤੂ ਵਿਚ ਚਿੰਤਾ ਹੈ, ਹਰ ਇਕ ਕਾਰਜ ਵਿਚ ਖੁਸ਼ੀ ਹ । ਤੁਹਾਨੂੰ ਲੱਭਣ ਦੀ ਜਾਚ ਹੋਵੇ ।

ਆਓ ਚਲੀਏ ਕਿਸੇ ਖੁਸ਼ੀ ਦੇ ਮੰਦਿਰ ਵਿਚ ਜਿੱਥੇ ਭਗਵਾਨ ਦੀ ਅਰਚਨਾ-ਪੂਜਾ ਹੋ ਰਹੀ ਹੋਵੇ। ਜਿੱਥੇ ਆਧਿਆਤਮਿਕ-ਸ਼ੁਭਕਾਮਨਾਵਾਂ ਹੋਣ ਅਤੇ ਚੰਗਾ ਜੀਵਨ ਮਾਰਗ ਹੋਵੇ । ਇਕ ਸ਼ੇਅਰ ਹੈ : ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ, ਕਹੀਂ ਜ਼ਮੀਂ ਤੋ ਕਹੀਂ ਆਸਮਾਂ ਹੀਂ ਮਿਲਤਾ।

# 15 ਮਾਰਚ ਕਾਂਸ਼ੀਰਾਮ ਜੀ ਦਾ ਜਨਮ ਦਿਵਸ

ਅੱਜ (15 ਮਾਰਚ) ਸਾਹਿਬ ਕਾਂਸ਼ੀਰਾਮ ਜੀ ਦਾ ਜਨਮ ਦਿਵਸ ਹੈ । ਅਜੋਕੇ ਪਰਿਪੇਖ ਵਿਚ ਉਨ੍ਹਾਂ ਦੇ ਦਹਾਕਿਆਂ ਤੱਕ ਚੱਲੇ ਸੰਘਰਸ਼ ਤੇ ਉਸਤੋਂ ਪ੍ਰਾਪਤ ਉਪਲਬਧੀਆਂ ਉੱਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੀ ਜੱਦੋਜਹਿਦ ਕਿੰਨੀ ਮਾਇਨੇ ਰੱਖਦੀ ਹੈ । ਸੱਤਾ ਵਿਚ ਹਿੱਸੇਦਾਰੀ ਇੱਕ ਸਮਾਜ ਦੇ ਉਭਾਰ ਅਤੇ



ਤਰੱਕੀ ਲਈ ਬਹੁਤ ਜ਼ਰੂਰੀ ਹੈ। ਪੱਛੜੇ ਜਾਂ ਹਾਸ਼ੀਏ ਤੇ ਜਾਂ ਹਾਸ਼ੀਏ ਤੋਂ ਵੀ ਨੀਵੀਂ ਪੱਧਰ ਤੇ ਰਹਿਣ ਵਾਲੇ ਭਾਰਤ ਦੇ ਨਾਗਰਿਕਾਂ ਨੂੰ ਚਾਹੀਦਾ ਹੈ ਕਿ ਉਹ ਸਾਹਿਬ ਜੀ ਵਲੋਂ ਆਰੰਭੇ ਇਸ ਸੰਘਰਸ਼ ਨੂੰ ਨਾ ਕੇਵਲ ਜ਼ਾਰੀ ਰੱਖਣ ਬਲਕਿ ਹੋਰ ਤਿੱਖਾ ਕਰਨ ਤਾਂ ਕਿ ਉਨ੍ਹਾਂ ਦੀ ਸ਼ਾਸਨ, ਸੱਤਾ ਅਤੇ ਨੀਤੀ ਵਿਚ ਹਿੱਸੇਦਾਰੀ ਹੋਰ ਵਧੇ ਜਿਸ ਨਾਲ ਉਹ ਆਪਣੇ ਸਮਾਜ ਦੀ ਤਰੱਕੀ ਵਿਚ ਵੱਧ ਤੋਂ ਵੱਧ ਹਿੱਸਾ ਪਾ ਸਕਣ ਤਾਂ ਕਿ ਭਾਰਤ ਵਿਚੋਂ ਨਫ਼ਰਤ, ਗਰੀਬੀ ਅਤੇ ਬੇਬਸੀ ਖਤਮ ਹੋ ਸਕੇ । ਬਲਕਿ ਸੱਤਾ ਵਿਚ ਹਿੱਸੇਦਾਰੀ, ਬਰਾਬਰਤਾ, ਭਾਈਚਾਰਾ, ਸਾਂਝੀਵਾਲਤਾ, ਸਹਿਣਸ਼ੀਲਤਾ ਸਥਾਪਤ ਹੋਵੇ। ਉਨ੍ਹਾਂ ਦੇ ਕਹਿਣ ਅਨੁਸਾਰ ਦੱਬੇ-ਕੁਚਲੇ ਸਮਾਜ ਦੇ ਦਿਮਾਗ ਵਿਚ ਅਕਲ ਅਤੇ ਦਿਲ ਵਿਚ ਦ੍ਰਿੜਤਾ ਰੱਖਣ ਵਾਲੇ ਹੋਰ ਕਾਫ਼ੀ ਸਾਰੇ ਵਿਅਕਤੀ ਲੋੜੀਂਦੇ ਹਨ ਜੋ ਆਪਣੇ ਆਪ ਨੂੰ ਸਮਾਜ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਕਰਨ, ਹੱਕਾਂ ਪ੍ਰਤੀ ਸੁਚੇਤ ਹੋਣ ਅਤੇ ਜੋਸ਼ ਅਤੇ ਹੋਸ਼ ਨਾਲ ਕੰਮ ਕਰਨ ਅਤੇ ਆਉਣ ਵਾਲੀ ਪੀੜ੍ਹੀ ਲਈ ਮਿਸਾਲ ਬਣਨ ਜਿਸ ਨਾਲ ਉਨ੍ਹਾਂ ਦੇ ਸਮਾਜ ਦਾ ਸਿਰ ਉੱਚਾ ਹੋਵੇ।

ਕੁਰਬਾਨੀ ਦਾ ਮਤਲਬ ਜਾਨ ਦੇਣਾ ਹੀ ਨਹੀਂ ਹੁੰਦਾ ਬਲਕਿ ਆਪਣਾ ਜੀਵਨ ਸਮਾਜ ਵਾਸਤੇ ਇਮਾਨਦਾਰੀ ਸਮਰਪਤ ਕਰ ਦੇਣਾ ਵੀ ਇਕ ਬਲੀਦਾਨ ਗਿਣਿਆ ਜਾਂਦਾ ਹੈ । ਇਸ ਪਰਿਪੇਖ ਵਿਚ ਕਾਂਸ਼ੀਰਾਮ ਜਿਸ ਤਰ੍ਹਾਂ ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਆਪਣੇ ਸਮਾਜ ਦੇ ਲੇਖੇ ਲਾਇਆ ਉਸ ਕਰਕੇ ਉਨ੍ਹਾਂ ਦਾ ਸਥਾਨ ਅਜੋਕੇ ਸਮਾਜ ਸੁਧਾਰਕਾਂ ਅਤੇ ਵੋਟ ਰਾਹੀਂ ਸਿਆਸੀ ਤਾਕਤ ਰਾਹੀਂ ਸਮਾਨਤਾ ਹਾਸਲ ਕਰਨ ਵਾਲੇ ਭਾਰਤ ਅਤੇ ਸੰਸਾਰ ਦੇ ਨੇਤਾਵਾਂ ਵਿਚ ਮੋਹਰਲੀ ਕਤਾਰ ਵਿਚ ਆਉਂਦਾ ਹੈ । ਅਸੀਂ ਮਾਨਿਆਂਵਰ ਸਾਹਿਬ ਕਾਂਸ਼ੀਰਾਮ ਜੀ ਦੇ ਹਮੇਸ਼ਾਂ ਹੀ ਰਿਣੀਂ ਰਹਾਂਗੇ।

**– ਹਰਜਿੰਦਰ ਕੁਮਾਰ, ਐਮਡੀ**

# ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਨੂੰ ਯਾਦ ਕਰਦਿਆਂ ਇਕ ਅਣਛਪੀ ਲਿਖਤ

**ਡਾ ਹਰਜਿੰਦਰ ਕੁਮਾਰ, ਐਮਡੀ**

26 ਜੂਨ ਨੂੰ ਗੁਰੂ ਰਵਿਦਾਸ ਗੁਰਦੁਆਰਾ (ਨਿਰਮਾਣ ਅਧੀਨ), ਯੂਨੀਅਨ ਸਿਟੀ, ਬੇ ਏਰੀਆ, ਕੈਲੀਫੋਰਨੀਆ ਵਿਖੇ ਸਾਡੀ ਕਿਤਾਬ "ਬਹੁਜਨਾਂ ਦੇ ਨਾਇਕ-ਕਾਂਸ਼ੀ ਰਾਮ" ਦੀ ਕਿਤਾਬ ਰਿਲੀਜ਼ ਮੌਕੇ, ਮੈਨੂੰ ਇਕ ਵਿਲੱਖਣ ਸ਼ਕਸੀਅਤ ਸੁਖਰਾਜ ਸਿੰਘ ਚੋਪੜਾ (ਮੂਲ ਰੂਪ ਵਿੱਚ, ਗੋਤ ਚੌਂਕੜੀਆ) ਨੂੰ ਮਿਲਣ ਅਤੇ ਜਾਨਣ ਦਾ ਸੁਭਾਗ ਪ੍ਰਾਪਤ ਹੋਇਆ। ਉਹ ਬੇ ਏਰੀਏ ਦੇ ਰਵਿਦਾਸੀਆ ਭਾਈਚਾਰੇ ਵਿੱਚ ਖ਼ੂਬ ਜਾਣੀ ਪਛਾਣੀ ਹਸਤੀ ਹਨ। ਉਹਨਾਂ ਨੂੰ ਚੋਪੜਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਸਮਾਜ ਵਿਚ ਨਿਰੰਤਰ ਮੌਜੂਦ ਮਿਲਦੇ ਹਨ ਅਤੇ ਖਾਸ ਤੌਰ ਤੇ ਗੁਰੂ ਰਵਿਦਾਸ ਜੀ ਨੂੰ ਸਮਰਪਤ ਗੁਰੂ-ਘਰਾਂ ਦੀ ਉਸਾਰੀ ਨਾਲ ਸੰਬਧਿਤ ਕਾਰਜਾਂ ਲਈ ਦੂਰ ਦੂਰ ਤੱਕ ਜਾਣੇ ਜਾਂਦੇ ਹਨ, ਪਰ ਨਾਲ ਹੀ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਉਤਸ਼-ਾਹਿਤ ਕਰਨ ਵਾਲੇ ਭਾਈਚਾਰਿਆਂ ਅਤੇ ਧਾਰਮਿਕ ਸੰਸਥਾਵਾਂ ਲਈ ਇੱਕ ਉੱਚ-ਪੱਧਰੀ ਦਾਨੀ ਦੇ ਤੌਰ 'ਤੇ ਆਪਣੀ ਨੀਤੀ ਲਈ ਵੀ ਮਸ਼ਹੂਰ ਹੈ।

ਉਹਨਾਂ ਨੇ ਦਾਨ ਕਰਨ ਦੇ ਅਨੋਖੇ ਹੁਨਰ ਅਤੇ ਤਰੀਕੇ ਕਾਰਨ ਇਸ ਇਲਾਕੇ ਆਪਣੀ ਅਨੂਠੀ ਛਾਪ ਛੱਡੀ ਹੈ। ਜਦੋਂ ਵੀ ਬੇ ਏਰੀਏ ਵਿੱਚ ਜਾਂ ਅਮਰੀਕਾ ਕੈਨੇਡਾ ਵਿਚ ਕਿਤੇ ਵੀ ਕੋਈ ਨਵਾਂ ਗੁਰੂ ਰਵਿਦਾਸ ਗੁਰੂ-ਘਰ ਉਸਾਰੀ ਅਧੀਨ ਹੁੰਦਾ ਹੈ ਤਾਂ ਉਹ ਪ੍ਰਬੰਧਕਾਂ ਤਕ ਪਹੁੰਚ ਕਰਦੇ ਹਨ ਅਤੇ ਉਹਨਾਂ ਨੂੰ ਇੱਕ ਸ਼ਰਤ ਨਾਲ ਵਿੱਤੀ ਯੋਗਦਾਨ ਦੀ ਪੇਸ਼ਕਸ਼ ਕਰਦੇ ਹਨ ਕਿ ਉਹ ਨਵੇਂ ਗੁਰਦੁਆਰੇ ਦਾ ਉਦਘਾਟਨ ਸਮੇਂ ਰਿਬਨ ਕੱਟਣ ਦੀ ਰਸਮ ਉਹ ਨਿਭਾਉਣਗੇ. ਪ੍ਰਬੰਧਕੀ ਸੰਸਥਾ ਵਲੋਂ ਕੀਤੀ ਉਗਰਾਹੀ ਦੇ ਬਰਾਬਰ ਅਤੇ ਉਸਤੋਂ ਵੀ $10,000 ਤੋਂ $20,000 ਵੱਧ ਹੋਰ ਰਕਮ ਦੇ ਯੋਗਦਾਨ ਦੀ ਪੇਸ਼ਕਸ਼ ਪ੍ਰਬੰਧਕਾਂ ਅੱਗੇ ਰੱਖਦੇ ਹ।.

ਭਾਵੇਂ ਬੇ ਏਰੀਆ ਰਵਿਦਾਸੀਆ ਭਾਈਚਾਰਾ ਚੋਪੜਾ ਜੀ ਨੂੰ ਉਨ੍ਹਾਂ ਤੱਕ ਆਸਾਨ ਪਹੁੰਚ ਅਤੇ ਨਿਰੰਤਰ ਮੌਜੂਦਗੀ ਕਾਰਨ ਆਮ ਜਿਹਾ ਜਾਂ ਝੱਲਾ ਆਦਮੀ ਮੰਨਦੇ ਹਨ. ਪਰੰਤੂ ਉਹ ਬੜੇ ਘੁਮੱਕੜ ਵਿਅਕਤੀਤਵ ਵਾਲੇ ਇਨਸਾਨ ਹਨ. ਮੈਂ ਉਹਨਾਂ ਨੂੰ ਰਾਹ ਰੁਸ਼ਨਾਉਂਦੀ ਹੋਈ ਜਲਦੀ ਹੋਈ ਮਸ਼ਾਲ ਵਾਂਗ ਹਨ ਅਤੇ ਮੈਂ ਉਹਨਾਂ ਨੂੰ ਬੇ ਏਰੀਏ ਅਤੇ ਹੋਰਨਾਂ ਸਥਾਨਾਂ ਤੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਫੈਲਾਉਣ ਦੇ ਤਰੀਕੇ ਲੱਭਣ ਦੇ ਮੋਢੀ ਵਜੋਂ ਵੇਖਦਾ ਹਾਂ। ਉਹ ਧਰਮ ਸਥਾਨਾਂ ਦੀ ਉਸਾਰੀ ਬ ਾ ਬ ਤ



ਿ ਵ ੱ ਤ ੀ ਸਹਾਇਤਾ ਉਪਲੱਬਧ ਕਰਵਾਉਣ 'ਤੇ ਮਾਣ ਮਹਿਸੂਸ ਕਰਦੇ ਹਨ. ਉਹਨਾਂ ਦੀ ਇਹ ਸਹਾਇਤਾ ਜੋ ਗੁਰਦੁ-ਆਰਿਆਂ ਦੀ ਉਸਾਰੀ ਵਾਸਤੇ ਤਾਂ ਲਾਹੇਵੰਦ ਹੁੰਦੀ ਹੀ ਹੈ ਅਤੇ ਨਾਲ ਦੀ ਨਾਲ ਲੋੜ ਪੈਣ 'ਤੇ ਵਿੱਤੀ ਅਦਾਰਿਆਂ ਜਾਂ ਸਰਕਾਰ ਤੋਂ ਇਹਨਾਂ ਕਾਰਜਾਂ ਦੇ ਸਬੰਧ ਵਿਚ ਵੱਡੀ ਰਕਮ ਵਾਲੇ ਕਰਜ਼ੇ ਲੈਣ ਲਈ ਮਹੱਤਵਪੂਰਨ ਭੂਮਿਕਾ ਵੀ ਅਦਾ ਕਰਦੀ ਹੈ। ਉਹਨਾਂ ਨੂੰ ਧਾਰਮਿਕ ਸਥਾਨਾਂ ਦੀ ਉਸਾਰੀ ਵਿਚ ਦਾਨ ਰੂਪੀ ਹਿੱਸਾ ਪਾ ਕੇ ਅਥਾਹ ਖੁਸ਼ੀ ਮਿਲਦੀ ਹੈ ਅਤੇ ਇਲਾਕਾ ਨਿਵਾਸੀ ਉਹਨਾਂ ਦੇ ਇਸ ਭਾਵਨਾਤਮਕ ਪਰਉਪਕਾਰ ਦੀ ਕਦਰ ਵੀ ਖ਼ੂਬ ਕਰਦੇ ਹਨ।

ਉਹ ਫਿਜੀ ਤੋਂ ਯੂਐਸਏ ਪਹੁੰਚੇ ਪ੍ਰਵਾਸੀਆਂ ਦੇ ਉਹਨਾਂ ਰਵਿਦਾਸੀਆ ਭਾਈਚਾਰੇ ਦੇ ਪਰਿਵਾਰ ਵਿਚੋਂ ਹਨ ਜੋ ਪੀੜ੍ਹੀਆਂ ਪਹਿਲਾਂ ਭਾਰਤ ਦੇ ਇਕ ਪ੍ਰਦੇਸ਼ ਪੰਜਾਬ ਦੇ ਦੋਆਬਾ ਇਲਾਕੇ ਤੋਂ ਫਿਜੀ ਵਿੱਚ ਪਰਵਾਸ ਕਰ ਗਏ ਸਨ। ਹੁਣ ਤੱਕ ਉਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਅਤੇ ਯੂਐਸਏ ਵਿਚ ਨਿਊਜਰਸੀ ਦੇ ਸ਼ਹਿਰ ਨਿਊਵਾਰਕ, ਸਮੇਤ ਛੇ ਤੋਂ ਵੱਧ ਗੁਰੂ ਰਵਿਦਾਸ ਜੀ ਨਾਲ ਸਬੰਧਿਤ ਧਾਰਮਿਕ ਸਥਾਨਾਂ ਦਾ ਉਦਘਾਟਨ ਕਰ ਚੁੱਕੇ ਹਨ।

ਉਹ ਬੜੇ ਨਿਰਮਲ ਸੁਭਾ ਦੇ ਹਨ ਤੇ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਹ ਕੋਈ ਸੰਤ ਹੋਣ ਅਤੇ ਮੈਂ ਉਹਨਾਂ ਦੇ ਇਰਦ ਗਿਰਦ ਇੱਕ ਖਾਸ ਕਿਸਮ ਦਾ ਜਲੌਅ ਮਹਿਸੂਸ ਕੀਤਾ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਉਹਨਾਂ ਦੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਫੈਲਾਉਣ ਪ੍ਰਤੀ ਇਰਾਦੇ ਸਾਫ਼ ਅਤੇ ਸ਼ੁੱਧ ਹਨ।

ਜੇਕਰ ਉਹਨਾਂ ਵਲੋਂ ਪੈਸੇ ਦੇ ਕੇ ਉਦਘਾਟਨੀ ਰਿਬਨ ਕੱਟਣ ਵਾਲੀ ਬਿਰਤੀ ਨੂੰ ਇੱਕ ਪਾਸੇ ਰੱਖ ਦਿੱਤਾ ਜਾਵੇ ਅਤੇ ਸਿਰਫ ਤੇ ਸਿਰਫ ਗੁਰੂ ਰਵਿਦਾਸ ਜੀ ਦੇ ਧਰਮ ਸਥਾਨਾਂ ਦੀ ਉਸਾਰੀ ਵਿਚ ਦਿੱਤੀ ਜਾਂਦੀ ਵਿੱਤੀ ਮਦਦ ਨੂੰ ਧਿਆਨ ਵਿਚ ਰੱਖੀਏ ਤਾਂ ਇਹ ਕੋਈ ਛੋਟੀ ਗੱਲ ਨਹੀਂ. ਇੰਨੀ ਵੱਡੀ ਰਕਮ ਦਾਨ ਵਿਚ ਦੇਣ ਵਾਲੇ ਉੱਦਮ ਨਾਲ ਗੁਰੂ ਰਵਿਦਾਸ ਦੇ ਵਿਚਾਰਾਂ ਦਾ ਪ੍ਰਸਾਰ ਹੋਵੇਗਾ ਆਪਣੇ ਆਪ ਵਿਚ ਅਤਿਅੰਤ ਪ੍ਰਭਾਵਸ਼ਾਲੀ ਕਿਰਿਆ ਹੈ. ਚੋਪੜਾ ਜੀ ਦੇ ਇਸ ਵਤੀਰੇ ਤੋਂ ਉਹਨਾਂ ਦੀ ਇਸ ਵਿਸ਼ੇ ਪ੍ਰਤੀ ਸੰਵੇਦਨਸ਼ੀਲਤਾ ਦਾ ਅਹਿਸਾਸ ਹੁੰਦਾ ਹੈ।

ਮੈਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਜਦੋਂ ਤੱਕ ਉਹਨਾਂ ਵਿਚ ਆਖਰੀ ਸਾਹ ਮੌਜੂਦ ਹੈ ਉਹ ਇਸ ਤਰ੍ਹਾਂ ਹੀ ਗੁਰੂ ਘਰਾਂ ਦੀ ਉਸਾਰੀ ਵਿਚ ਯੋਗਦਾਨ ਪਾਉਂਦੇ ਰਹਿਣਗੇ।

ਉਹਨਾਂ ਕਿਹਾ "ਮੈਂ ਇੱਦਾਂ ਹੀ ਦਾਨ ਕਰਦੇ ਰਹਿਣਾ ਜਦ ਤੱਕ ਮੈਂ ਜੀਣਾਂ।"

# ਬੇਮੌਸਮੀ ਬਰਸਾਤ ਅਤੇ ਗੜੇਮਾਰੀ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਜਲਦੀ ਮਿਲੇਗਾ ਮੁਆਵਜ਼ਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ ਚਾਰ ਦਿਨਾਂ ਤੋਂ ਬੇਮੌਸਮੀ ਭਾਰੀ ਮੀਂਹ ਅਤੇ ਗੜੇਮਾਰੀ ਕਾਰਨ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਜਿਸ ਨਾਲ ਕਿਸਾਨਾਂ ਦਾ ਟੈਨਸ਼ਨ ਹੋਰ ਵਧ ਗਈ ਹੈ।



ਵੈਸਟਰਨ ਡਿਸਟਰਬੈਂਸ ਦੇ ਪ੍ਰਭਾਵ ਕਾਰਨ ਪਿਛਲੇ ਹਫਤੇ ਤੋਂ ਲਗਾਤਾਰ ਮੌਸਮ ਬਦਲ ਰਿਹਾ ਹੈ। ਇਸ ਬੇਮੌਸਮੀ ਬਾਰਿਸ਼ ਕਾਰਨ ਜਿੱਥੇ ਇੱਕ ਪਾਸੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ, ਉੱਥੇ ਹੀ ਦੂਜੇ ਪਾਸੇ ਕਿਸਾਨਾਂ ਨੂੰ ਇਸਦਾ ਭਾਰੀ ਨੁਕਸਾਨ ਹੋਇਆ ਹੈ। ਬਹੁਤੀਆਂ ਥਾਵਾਂ 'ਤੇ ਕਣਕ ਦੀ ਫ਼ਸਲ ਲੰਮੇ ਪੈ ਗਈ ਹੈ। ਮੀਂਹ ਤੋਂ ਬਾਅਦ ਫ਼ਸਲਾਂ ਵਿੱਚ ਬਿਮਾਰੀਆਂ ਅਤੇ ਕੀੜਿਆਂ ਦਾ ਡਰ ਵੀ ਵਧਦਾ ਜਾ ਰਿਹਾ ਹੈ, ਜਿਸਨੇ ਕਿਸਾਨਾਂ ਦੀ ਨੀਂਦ ਉੱਡਾ ਦਿੱਤੀ ਹੈ।

ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪਿਆ ਹੈ, ਜਿਸ ਕਾਰਨ ਤਾਪਮਾਨ ਵਿੱਚ ਵੀ ਗਿਰਾਵਟ ਆਈ ਹੈ। ਬੇਮੌਸਮੀ ਬਰਸਾਤ ਤੇ ਤੇਜ਼ ਹਵਾਵਾਂ ਨੇ ਕਿਸਾਨਾਂ ਦੀਆਂ ਖੜੀਆਂ ਫ਼ਸਲਾਂ ਬਰਬਾਦ ਕਰ ਦਿੱਤੀਆਂ ਹਨ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਭਾਰੀ ਮੀਂਹ ਅਤੇ ਖੇਤਾਂ ਵਿੱਚ ਪਾਣੀ ਭਰ ਜਾਣ ਕਾਰਨ ਕਣਕ ਦੀ ਫ਼ਸਲ ਵਿੱਚ ਨਮੀ ਦੀ ਮਾਤਰਾ ਬਹੁਤ ਵੱਧ ਗਈ ਹੈ, ਜਿਸ ਕਾਰਨ ਦਾਣੇ ਦੀ ਗੁਣਵੱਤਾ 'ਤੇ ਬਹੁਤ ਮਾੜਾ ਅਸਰ ਪਵੇਗਾ। ਇਸ ਕਾਰਨ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਭਾਅ ਘੱਟ ਮਿਲੇਗਾ। ਮੀਂਹ ਤੇ ਗੜੇਮਾਰੀ ਦਾ ਸਭ ਤੋਂ ਵੱਧ ਅਸਰ



ਖੇਤਾਂ ਵਿੱਚ ਖੜ੍ਹੀਆਂ ਕਿਸਾਨਾਂ ਦੀਆਂ ਫ਼ਸਲਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਜ਼ਿਆਦਾਤਰ ਥਾਵਾਂ 'ਤੇ ਕਣਕ ਦੀ ਫ਼ਸਲ ਫੇਲ੍ਹ ਹੋ ਗਈ ਹੈ, ਸਬਜ਼ੀਆਂ ਵਾਲੇ ਕਿਸਾਨ ਵੀ ਮੀਂਹ ਕਾਰਨ ਪ੍ਰਭਾਵਿਤ ਹੋਏ ਹਨ। ਤੇਜ਼ ਹਵਾਵਾਂ ਕਾਰਨ ਅੰਬ ਅਤੇ ਲੀਚੀ ਦੇ ਫੁੱਲ ਵੀ ਡਿੱਗ ਗਏ ਹਨ।

ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਪਿਛਲੀ ਵਾਰ ਵੀ ਮੀਂਹ ਨੇ ਕਿਸਾਨਾਂ ਦੀ ਕਣਕ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਸਾਰੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਦੇ ਬਾਵਜੂਦ ਕਿਸਾਨਾਂ ਨੂੰ ਸਰਕਾਰ ਵੱਲੋਂ ਕੋਈ ਆਰਥਿਕ ਸਹਾਇਤਾ ਨਹੀਂ ਦਿੱਤੀ ਗਈ। ਹੁਣ ਪਿਛਲੇ ਚਾਰ ਦਿਨਾਂ ਤੋਂ ਲਗਾਤਾਰ ਪੈ ਰਹੇ ਭਾਰੀ ਮੀਂਹ ਨੇ ਮੁੜ ਖੜ੍ਹੀ ਫ਼ਸਲ ਤਬਾਹ ਕਰ ਦਿੱਤੀ ਹੈ। ਪਿਛਲੇ ਦੋ-ਤਿੰਨ ਸਾਲਾਂ ਵਿੱਚ ਬਾਰ-ਬਾਰ ਫ਼ਸਲਾਂ ਦੇ ਖ਼ਰਾਬ ਹੋਣ ਕਾਰਨ ਕਈ ਕਿਸਾਨ ਅਜਿਹੇ ਹਨ ਜਿਨ੍ਹਾਂ ਨੂੰ ਬਹੁਤ ਭਾਰੀ ਨੁਕਸਾਨ ਝੱਲਣਾ ਪਿਆ ਹੈ। ਬਿਕਰਮਜੀਤ ਸਿੰਘ ਚੀਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਫਸਲਾਂ ਦੀ ਗਿਰਦਾਵਰੀ ਜਲਦੀ ਤੋਂ ਜਲਦੀ ਕਰਵਾਈ ਜਾਵੇ ਅਤੇ ਉਨ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

# ਪੀ. ਆਰ.

ਲੋਕ ਕਹਿੰਦੇ ਮੇਰੀ ਪੀ. ਆਰ. ਹੋ ਗਈ,
ਇਕ ਪਲ ਦਾ ਨਹੀਂ ਭਰਵਾਸਾ।

ਗੱਲ ਸੋਚ ਸੋਚ ਕੇ ਸਾਨੂੰ,
ਬੁੱਲ੍ਹੀਆਂ ਤੇ ਆਉਂਦਾ ਹਾਸਾ।

ਪੀ. ਆਰ. ਤੂੰ ਭੂਤ ਹੀ ਹੁੰਦੈਂ,
ਕੇਵਲ ਮਨ ਦੇਣ ਦਿਲਾਸਾ।

ਕਿਸ ਪਲ ਤੁਰ ਜਾਣਾ ਐਥੋਂ,
ਜ਼ਿੰਦਗੀ ਦਾ ਚਾਅ ਖਾਸਾ।

ਦੇਸ਼ ਰਹਿਣਯੋਗ ਕਿਉਂ ਨਹੀਂ ਰਿਹਾ,
ਪੁੱਠਾ ਪੈ ਗਿਆ ਪਾਸਾ।

ਕਿਉਂ ਗਲਤ ਨੀਤੀਆਂ ਐਥੇ,
ਇਸ ਗੱਲ ਦੀ ਬੜੀ ਨਿਰਾਸ਼ਾ।



**ਸੁਖਚਰਨ ਸਿੰਘ 'ਸਾਹੋਕੇ'**

# ਪੰਪੋਸ਼ ਦਾ ਹਲਫਨਾਮਾ

**ਅਵਤਾਰ "ਲੰਗੇਰੀ"**
ਲੰਗੇਰੀ (ਹੁਸ਼ਿਆਰਪੁਰ )
91-94632-60181



ਸੁਣ ਅੰਮ੍ਰਿਤਸਰ ਦੀਏ ਧਰਤੀਏ
ਮੈਂ ਦੇਵਾਂ ਹਲਫ਼ ਬਿਆਨ
ਮੈਂ ਚਿਖਾ ਦੇ ਵਿਚੋਂ ਬੋਲਦੀ
ਮੈਨੂੰ ਸੁਣਿਓ ਨਾਲ ਧਿਆਨ
ਇੱਥੇ ਹਰਿਮੰਦਰ ਜਿਹੇ ਧਾਮ ਨੇ
ਜਿੱਥੇ ਸਭ ਦਾ ਹੈ ਸਨਮਾਨ
ਮੈਂ ਡਾਕਟਰ ਬਣਨ ਸੀ ਜਾ ਰਹੀ
ਮੇਰਾ ਸੇਵਾ ਸੀ ਈਮਾਨ
ਪਰ ਨੀਚ ਨੀਚ ਦੀਆਂ ਬੋਲੀਆਂ

ਮੈਨੂੰ ਕੀਤਾ ਬੇਜ਼ੁਬਾਨ
ਮੈਂ ਮੌਤ ਸਹੇੜੀ ਆਪ ਨਾ
ਮੈਂ ਛੱਡੇ ਕਈ ਨਿਸ਼ਾਨ
ਇੱਥੇ ਜਾਤ ਪਾਤ ਦੇ ਭੂਸ਼ਰੇ
ਕਈ ਸਿੰਙਾਂ ਵਾਲੇ ਸਾਨ੍ਹ
ਇਹ ਲੈਂਦੇ ਬਲੀ ਗਰੀਬ ਦੀ
ਹਨ ਕੱਟੜ ਬੇਈਮਾਨ
ਤੱਕ ਡੁਲਦਾ ਖ਼ੂਨ ਮਾਸੂਮ ਦਾ
ਇਹ ਹੱਸਣ ਲੋਕ ਸ਼ੈਤਾਨ

ਮੈਨੂੰ ਜਿਉਂਦੇ ਜੀਅ ਹੀ ਮਾਰਿਆ
ਮੇਰੇ ਹਰ ਪਾਸੇ ਹੈਵਾਨ
ਕੁਝ ਉੱਚ ਜਾਤ ਹੰਕਾਰੀਆਂ
ਮੇਰੀ ਕੱਢ ਲਈ ਜ਼ਿੰਦ ਜਾਨ
ਮੈਂ ਚਲਦੀ ਫਿਰਦੀ ਲਾਸ਼ ਸਾਂ
ਮੈਨੂੰ ਧਰਤ ਲੱਗੇ ਸ਼ਮਸ਼ਾਨ
ਮੈਨੂੰ ਮੁਆਫ਼ ਕਰੀਂ ਮਾਂ ਮੇਰੀਏ
ਮੇਰਾ ਰੋਲ ਦਿੱਤਾ ਸਨਮਾਨ
ਮੈਂ ਫੰਦਾ ਗਲ਼ ਵਿੱਚ ਪਾ ਲਿਆ

ਤੇ ਮੌਤ ਹੋਈ ਬਲਵਾਨ
ਇੱਕ ਰੌਂਦੀ ਧੀ ਪੰਜਾਬ ਦੀ
ਫਿਰ ਦੇ ਗਈ ਆਪਣੀ ਜਾਨ
ਹੁਣ ਸੁਣੋ ਵੇ ਅਕਲਾਂ ਵਾਲਿਓ
ਇਨ੍ਹਾਂ ਬਹੁਤ ਕੀਤਾ ਨੁਕਸਾਨ
ਮੈਂ ਹਾਰ ਗਈ ਇਨ੍ਹਾਂ ਸਾਹਮਣੇ
ਕੀ ਮਰ ਗਿਆ ਹਿੰਦੁਸਤਾਨ
ਹੁਣ ਚੀਕਾਂ ਦਰਦਾਂ ਵਾਲੀਆਂ
ਮੇਰੀ ਰੂਹ ਤੋਂ ਕਰਨ ਬਿਆਨ

ਇਨਸਾਫ਼ ਮਿਲੇ ਪੰਪੋਸ਼ ਨੂੰ
ਸਭ ਜੇਲ੍ਹੀਂ ਡੱਕੇ ਜਾਣ
ਤੁਸੀਂ ਵਾਰਿਸ ਗੁਰੂ ਗੋਬਿੰਦ ਦੇ
ਹੁਣ ਰਲ ਕੇ ਕਰੋ ਐਲਾਨ
ਕਿ ਭਸਮ ਲੰਗੇਰੀ ਕਰਾਂਗੇ
ਇਹ ਮਨੂੰਆਂ ਦੀ ਸੰਤਾਨ
ਇਹ ਮਨੂੰਆਂ ਦੀ ਸੰਤਾਨ॥

# ਨਹੀਂ ਮਿਲਦੀਆਂ ਸਿਹਤ ਸਹੂਲਤਾਂ ਭਾਰਤ 'ਚ ਪੇਂਡੂਆਂ ਨੂੰ



ਗੁਰਮੀਤ ਪਲਾਹੀ
91-98158-02070

ਭਾਰਤ ਦੇਸ਼ ਦੀ ਵੱਡੀ ਪੇਂਡੂ ਅਬਾਦੀ ਆਪਣੀ ਸਿਹਤ ਵਿੱਚ ਵਿਗਾੜ ਸਮੇਂ ਝੋਲਾ ਛਾਪ ਡਾਕਟਰਾਂ ਜਾਂ ਝਾੜ-ਫੂਕ ਦੇ ਜ਼ਰੀਏ ਨਿਜਾਤ ਪਾਉਣ ਲਈ ਮਜ਼ਬੂਰ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਲੋਂ ਖੋਲ੍ਹੀਆਂ ਗਈਆਂ ਪੇਂਡੂ ਡਿਸਪੈਂਸਰੀਆਂ ਜਾਂ ਸਿਹਤ ਕੇਂਦਰਾਂ 'ਚ ਨਿਯੁੱਕਤੀਆਂ ਹੋਣ ਦੇ ਬਾਵਜੂਦ ਵੀ ਡਾਕਟਰ ਪਿੰਡਾਂ 'ਚ ਡਿਊਟੀ ਲਈ ਨਹੀਂ ਪੁੱਜਦੇ, ਇਥੋਂ ਤੱਕ ਕਿ ਦੂਰ ਦੁਰਾਡੇ ਪਿੰਡਾਂ 'ਚ ਨਿਯੁੱਕਤ ਕੀਤੇ ਡਾਕਟਰ ਸ਼ਹਿਰਾਂ 'ਚ, ਜਿਥੇ ਉਹ ਰਿਹਾਇਸ਼ ਰੱਖਦੇ ਹਨ ਆਪਣੇ ਪ੍ਰਾਈਵੇਟ ਕਲੀਨਿਕ ਖੋਲ੍ਹਕੇ ਪ੍ਰੈਕਟਿਸ ਕਰਨ ਲੱਗਦੇ ਹਨ।

ਪੇਂਡੂ ਖੇਤਰਾਂ 'ਚ ਖੁਲ੍ਹੇ ਸਰਕਾਰੀ ਸਿਹਤ ਕੇਂਦਰਾਂ 'ਚ ਡਾਕਟਰੀ ਅਤੇ ਡਾਕਟਰੀ ਅਮਲੇ ਦੀ ਘਾਟ ਦਿਖਦੀ ਹੈ। ਭਾਵੇਂ ਦੇਸ਼ 'ਚ ਸਿਹਤ ਸਹੂਲਤਾਂ, ਸਿਹਤ ਬੀਮੇ ਰਾਹੀਂ ਮਿਲਦੀਆਂ ਸਹੂਲਤਾਂ, ਦੇ ਵੱਡੇ ਦਾਅਵੇ ਸਰਕਾਰਾਂ ਕਰਦੀਆਂ ਹਨ ਪਰ ਪਿੰਡਾਂ 'ਚ ਇੱਕ ਸਰਵੇਖਣ ਅਨੁਸਾਰ 80 ਫੀਸਦੀ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੈ। ਅਸਲ ਵਿੱਚ ਪਿੰਡਾਂ, ਸ਼ਹਿਰਾਂ ਦਰਮਿਆਨ ਸਿਹਤ ਸਹੂਲਤਾਂ ਦੀ ਵੱਡੀ ਖਾਈ ਹੈ, ਜੋ ਭਰੀ ਨਹੀਂ ਜਾ ਰਹੀ।

ਇਹ ਖਾਈ ਸਗੋਂ ਨਿਰੰਤਰ ਵਧ ਰਹੀ ਹੈ। ਸ਼ਹਿਰਾਂ 'ਚ ਵੱਡੇ-ਵੱਡੇ ਸਪੈਸ਼ਲਿਸਟ ਹਸਪਤਾਲ ਹਨ, ਲੈਬੋਰਟਰੀਆਂ ਹਨ, ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਵਲੋਂ ਚਲਾਏ ਜਾਂਦੇ ਹਸਪਤਾਲ ਹਨ, ਪਰ ਪਿੰਡਾਂ ਵਿੱਚ ਕੀ ਹੈ,ਜਿਥੇ ਉਂਜ ਵੀ ਵਿਕਾਸ ਦੇ ਨਾਮ ਉਤੇ ਦਮਗਜੇ ਹਨ, ਪਰ ਅਸਲੀਅਤ ਵਿੱਚ ਗੰਦੇ ਛੱਪੜ, ਗੰਦੀਆਂ ਬਸਤੀਆਂ ਹਨ। ਕੀ ਇਹੋ ਜਿਹੇ ਹਾਲਾਤ ਵਿੱਚ ਦੇਸ਼ ਖੁਸ਼ਹਾਲ ਹੋ ਸਕਦਾ ਹੈ? ਕੀ ਪੇਂਡੂਆਂ ਦੀ ਸਿਹਤ ਜੂਨ ਸੁਧਰ ਸਕਦੀ ਹੈ?

ਲਓ ਵੇਖ ਲਓ, 2021-22 ਦੀ ਪੇਂਡੂ ਸਿਹਤ ਅੰਕੜਿਆਂ ਦੀ ਸਰਵੇਖਣ ਰਿਪੋਰਟ। ਰਿਪੋਰਟ ਦਸਦੀ ਹੈ ਕਿ ਪੇਂਡੂ ਭਾਰਤ ਵਿੱਚ ਸਰਜਨ ਡਾਕਟਰਾਂ ਦੀ 83 ਫੀਸਦੀ ਘਾਟ ਹੈ। ਬੱਚਿਆਂ ਦੇ ਡਾਕਟਰਾਂ ਦੀ 81.6 ਫੀਸਦੀ ਅਤੇ ਫਿਜੀਸ਼ੀਅਨਾਂ ਦੀ 79.1 ਫੀਸਦੀ ਕਮੀ ਹੈ। ਇਹੀ ਹਾਲ ਔਰਤਾਂ ਦੇ ਰੋਗਾਂ ਦੀਆਂ ਸਪੈਸ਼ਲਿਸਟ ਡਾਕਟਰਾਂ ਦਾ ਹੈ, ਜਿਨ੍ਹਾਂ ਦੀ ਘਾਟ 72.2 ਫੀਸਦੀ ਹੈ। ਅਸਲ 'ਚ ਤਾਂ ਪਿੰਡਾਂ 'ਚ ਖੁਲ੍ਹੇ ਪ੍ਰਾਇਮਰੀ ਹੈਲਥ ਸੈਂਟਰਾਂ (ਮੁਢਲੇ ਸਿਹਤ ਕੇਂਦਰਾਂ) ਦੇ ਹਾਲਾਤ ਹੀ ਮਾੜੇ ਹਨ, ਜਿਥੇ ਡਾਕਟਰੀ ਅਮਲੇ ਤੋਂ ਲੈ ਕੇ ਬੁਨੀਆਦੀ ਸਾਜੋ ਸਮਾਜ ਵੀ ਇਹਨਾ ਕੇਂਦਰਾਂ 'ਚ ਉਪਲੱਬਧ ਨਹੀਂ ਹੈ।

ਵੈਸੇ ਤਾਂ ਦੇਸ਼ 'ਚ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਪੇਂਡੂ ਤੇ ਸ਼ਹਿਰੀ ਖੇਤਰਾਂ 'ਚ ਇਸ ਸਬੰਧੀ ਇੱਕ ਸਰਵੇਖਣ ਹੋਇਆ। ਇਸ ਸਰਵੇਖਣ 'ਚ ਹਿੱਸਾ ਲੈਣ ਵਾਲੇ 97 ਫੀਸਦੀ ਲੋਕਾਂ ਨੇ ਕਿਹਾ ਕਿ ਉਹਨਾ ਦੀ ਬਿਹਤਰ ਪਖਾਨਿਆਂ ਤੱਕ ਪਹੁੰਚ ਹੈ, ਹਾਲਾਂਕਿ ਇਹ ਸੁਧਾਰ ਉਹਨਾ ਲੋਕਾਂ ਦੀ ਸ਼੍ਰੇਣੀ ਨੂੰ ਦਰਸਾਉਂਦਾ ਹੈ ਜਿਹਨਾ ਕੋਲ ਪਹਿਲਾਂ ਹੀ ਪਖਾਨੇ ਸਨ ਅਤੇ ਉਹਨਾ ਦੀ ਹਾਲਤ ਇੰਨੀ ਵਧੀਆ ਨਹੀਂ ਸੀ। ਸਰਵੇਖਣ ਅਨੁਸਾਰ 78 ਫੀਸਦੀ ਪੇਂਡੂ ਪਰਿਵਾਰਾਂ ਤੱਕ ਚੰਗੇ-ਮੰਦੇ ਪਖਾਨਿਆਂ ਦੀ ਪਹੁੰਚ ਹੈ ਅਤੇ 77 ਫੀਸਦੀ ਪੇਂਡੂ ਆਬਾਦੀ ਕੋਲ ਸਾਬਣ ਨਾਲ ਹੱਥ ਧੋਣ ਦੀ ਸੁਵਿਧਾ ਹੈ, ਪਰ ਬਾਕੀ ਸਿਰਫ ਪਾਣੀ ਨਾਲ ਜਾਂ ਪਾਣੀ ਅਤੇ ਸੁਆਹ ਜਾਂ ਮਿੱਟੀ ਤੇ ਰੇਤ ਆਦਿ ਨਾਲ ਹੱਥ ਧੋਂਦੇ ਹਨ। ਕੀ ਇਹ ਸਿਹਤ ਲਈ ਚੰਗਾ ਹੈ? ਸਿਹਤ ਸਹੂਲਤਾਂ 'ਚ ਇਸ ਕਿਸਮ ਦੀ ਬੁਨਿਆਦੀ ਲੋੜ ਦਾ ਪੂਰਾ ਨਾ ਹੋਣਾ ਨਾ ਬਰਾਬਰੀ ਅਤੇ ਵਸੀਲਿਆਂ ਦੀ ਅਸਾਵੀਂ ਵੰਡ ਵੱਲ ਇਸ਼ਾਰਾ ਕਰਦਾ ਹੈ। ਇੱਕ ਪਾਸੇ ਪੰਜ ਤਾਰਾ ਹਸਪਤਾਲ, ਦੂਜੇ ਪਾਸੇ ਛੋਟੀਆਂ ਜਿਹੀਆਂ ਸਿਹਤ ਸਹੂਲਤ ਦੀ ਵੀ ਘਾਟ!

ਇਸੇ ਲਈ ਸ਼ਾਇਦ ਦੇਸ਼ ਦੀ ਸਰਵ ਉੱਚ ਅਦਾਲਤ ਸੁਪਰੀਮ ਕੋਰਟ ਨੇ ਸਿਹਤ ਸਹੂਲਤਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਦੇਸ਼ ਵਿਸ਼ਵ ਗੁਰੂ ਬਨਣ ਦਾ ਸੁਫਨਾ ਦੇ ਰਿਹਾ ਹੈ, ਪਰ ਅਸੀਂ ਉਦੋਂ ਤੱਕ ਵਿਸ਼ਵ ਗੁਰੂ ਨਹੀਂ ਹੋ ਸਕਦੇ, ਜਦੋਂ ਤੱਕ ਦੇਸ਼ ਵਿੱਚ ਅਸਲ ਅਰਥਾਂ 'ਚ ਹਰ ਖੇਤਰ 'ਚ ਮੁਢਲੀ ਤਬਦੀਲੀ ਨਹੀਂ ਆਉਂਦੀ।



ਜਨਵਰੀ 2023 'ਚ ਸੁਪਰੀਮ ਕੋਰਟ ਨੇ ਇੱਕ ਫੈਸਲੇ 'ਚ ਕਿਹਾ, "ਪੇਂਡੂ ਖੇਤਰਾਂ ਦੇ ਲੋਕਾਂ ਨੂੰ ਵੀ ਸ਼ਹਿਰੀ ਖੇਤਰਾਂ ਦੇ ਲੋਕਾਂ ਵਾਂਗਰ ਸਿਹਤ ਸਹੂਲਤਾਂ ਪ੍ਰਾਪਤ ਕਰਨ ਦਾ ਹੱਕ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਉਤੇ ਪੇਂਡੂ ਖੇਤਰਾਂ ਵਿੱਚ ਸਿਹਤ ਸਹੂਲਤਾਂ ਦੀ ਪਹੁੰਚ ਵਧਾਉਣ ਦੀ ਜ਼ਿੰਮੇਵਾਰੀ ਹੈ। ਪੇਂਡੂ ਅਬਾਦੀ ਦੀ ਦੇਖਭਾਲ ਲਈ ਕਾਬਲ ਡਾਕਟਰਾਂ ਦੀਆਂ ਸੇਵਾਵਾਂ ਦੇਣਾ ਸਰਕਾਰ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਪੇਂਡੂ ਤੇ ਸ਼ਹਿਰੀ ਆਬਾਦੀ ਵਿੱਚ ਸਿਹਤ ਸਹੂਲਤਾਂ ਪ੍ਰਦਾਨ ਕਰਨ 'ਚ ਭੇਦਭਾਵ ਨਹੀਂ ਹੋਣਾ ਚਾਹੀਦਾ।"

ਭਾਰਤ ਦੇ ਪੇਂਡੂ ਖੇਤਰ ਵਿੱਚ 3100 ਮਰੀਜ਼ਾਂ ਪਿੱਛੇ ਇੱਕ ਬੈਡ (ਬਿਸਤਰ) ਸਿਹਤ ਕੇਂਦਰਾਂ 'ਚ ਉਪਲੱਬਧ ਹੈ। ਕਈ ਰਾਜਾਂ 'ਚ ਇਹ ਅੰਕੜਾ ਹੋਰ ਵੀ ਖਰਾਬ ਹੈ। ਬਿਹਾਰ ਵਿੱਚ 18000 ਪੇਂਡੂਆਂ ਪਿਛੇ ਇੱਕ ਬਿਸਤਰ ਅਤੇ ਯੂ.ਪੀ. 'ਚ 3900 ਪਿੱਛੇ ਇੱਕ ਬੈਡ। ਇਥੇ ਹੀ ਬੱਸ ਨਹੀਂ, ਪੇਂਡੂ ਖੇਤਰਾਂ 'ਚ 26000 ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ, ਜਦਕਿ ਵਿਸ਼ਵ ਸਿਹਤ ਸੰਗਠਨ ਕਹਿੰਦਾ ਹੈ ਕਿ ਹਰ ਇੱਕ ਹਜ਼ਾਰ ਲੋਕਾਂ ਪਿੱਛੇ ਇੱਕ ਡਾਕਟਰ ਹੋਣਾ ਚਾਹੀਦਾ ਹੈ। ਜਦੋਂ ਸਹੂਲਤਾਂ ਇੰਨੀਆਂ ਘੱਟ ਹਨ ਤਾਂ ਆਖਰ ਲੋਕ ਕੀ ਕਰਨ?

ਸਵਾਲ ਇਹ ਵੀ ਹੈ ਕਿ ਦੇਸ਼ ਵਿੱਚ ਇਲਾਜ ਉਤੇ ਹੋਣ ਵਾਲੇ ਖਰਚੇ ਦਾ ਅੱਧਾ ਖਰਚਾ ਵਿਅਕਤੀ ਦੀ ਜੇਬ ਵਿਚੋਂ ਹੁੰਦਾ ਹੈ। ਜਦੋਂ ਆਮਦਨੀ ਪ੍ਰਤੀ ਵਿਅਕਤੀ 27 ਰੁਪਏ ਦਿਹਾੜੀ ਹੈ ਤਾਂ ਵਿਅਕਤੀ ਖਾਏਗਾ ਕੀ, ਬਿਮਾਰ ਪਿਆ ਤਾਂ ਇਲਾਜ ਕਰਵਾਏਗਾ ਕਿਥੋਂ? ਬੱਚਿਆਂ ਦੀ ਸਿੱਖਿਆ ਅਤੇ ਹੋਰ ਸੰਭਾਲ ਲਈ ਪੈਸਾ ਆਖਿਰ ਕਿਥੋਂ ਲਿਆਏਗਾ?

ਇਹੋ ਕਾਰਨ ਹੈ ਕਿ ਦੇਸ਼ ਵਿੱਚ ਗਰੀਬ ਪਰਿਵਾਰਾਂ ਦੀ ਔਸਤ ਉਮਰ, 20 ਫੀਸਦੀ ਚੰਗੇ ਪਰਿਵਾਰਾਂ ਦੀ ਔਸਤ ਉਮਰ ਦੇ ਮੁਕਾਬਲੇ, ਸੱਤ ਸਾਲ ਛੋਟੀ ਹੋ ਰਹੀ ਹੈ। ਕਿਹੋ ਜਿਹਾ ਇਨਸਾਫ ਹੈ ਇਸ ਲੋਕਤੰਤਰ ਵਿੱਚ, ਜਿਹੜਾ ਵਿਤਕਰੇ ਭਰੇ ਆਰਥਿਕ ਤੰਤਰ 'ਚ ਗੋਡੇ ਟੇਕ ਬੈਠਾ ਹੈ, ਜਿਥੇ ਅਮੀਰ ਆਦਮੀ, ਗਰੀਬ ਆਦਮੀ ਦੇ ਜੀਊਣ ਦੇ ਸਾਧਨ ਵੀ ਆਪਣੀ ਲਪੇਟ ਵਿੱਚ ਲੈ ਰਿਹਾ ਹੈ।

ਨਵੀਂ ਰਾਸ਼ਟਰੀ ਸਿਹਤ ਪਾਲਿਸੀ 2017 ਅਨੁਸਾਰ "ਸਾਰਿਆਂ ਲਈ ਸਿਹਤ" ਦਾ ਟੀਚਾ ਹੈ, ਭਾਰਤੀ ਸਿਹਤ ਪ੍ਰਬੰਧਨ 'ਚ ਮੁਢਲੀਆਂ, ਸਿਹਤ ਸਹੂਲਤਾਂ ਲਈ ਸਬ ਸੈਂਟਰ, ਪ੍ਰਾਇਮਰੀ ਹੈਲਥ ਸੈਂਟਰ ਅਤੇ ਕਮਿਊਨਿਟੀ ਹੈਲਥ ਸੈਂਟਰ ਹਨ ਜਦਕਿ ਸੈਕੰਡਰੀ ਸਿਹਤ ਪ੍ਰਬੰਧਨ ਲਈ ਜ਼ਿਲਾ ਅਤੇ ਸਬ ਡਿਵੀਜ਼ਨ ਪੱਧਰੀ ਹਸਪਤਾਲ ਹਨ ਜਦਕਿ ਰਾਜ ਜਾਂ ਟੈਰੀਟਰੀ ਪੱਧਰ ਤੇ ਸਿਹਤ ਸੰਸਥਾਵਾਂ ਖੋਜ਼ ਸੈਂਟਰ ਹਨ। ਪਰ ਅਸਲ ਵਿੱਚ ਪੇਂਡੂ ਖੇਤਰ 'ਚ ਕੰਮ ਕਰਦੇ ਪ੍ਰਾਇਮਰੀ ਜਾਂ ਕਮਿਊਨਿਟੀ ਸਿਹਤ ਕੇਂਦਰਾਂ ਦੇ ਹਾਲਤ ਅਤਿ ਦੇ ਮਾੜੇ ਹਨ, ਜਿਥੇ ਇਮਾਰਤਾਂ ਦੀ ਘਾਟ ਹੈ, ਸਟਾਫ ਨੂੰ ਪੂਰੀ ਤਨਖਾਹਾਂ ਨਹੀਂ, ਐਮਰਜੈਂਸੀ 'ਚ ਮਿਲਣ ਵਾਲੇ ਬੈਡ ਨਹੀਂ ਹਨ।

ਦੇਸ਼ 'ਚ ਸਿੱਖਿਆ ਅਤੇ ਸਿਹਤ ਕਮਾਈ ਦਾ ਜ਼ਰੀਆ ਬਣ ਗਿਆ ਹੈ। ਕਰੋਨਾ ਕਾਲ 'ਚ ਇੱਕ ਵਿਸ਼ੇਸ਼ ਵਰਗ ਨੇ ਸਿਹਤ ਸਹੂਲਤਾਂ ਪ੍ਰਦਾਨ ਕਰਦਿਆਂ ਇੰਨੀ ਲੁੱਟ ਮਚਾਈ ਕਿ ਅਰਬਾਂ ਪਤੀ, ਖਰਬਾਂ ਪਤੀ ਲੋਕਾਂ ਦੀ ਗਿਣਤੀ ਵਧ ਗਈ ਅਤੇ ਵੱਡੀ ਗਿਣਤੀ ਲੋਕ ਗਰੀਬੀ ਰੇਖਾ ਤੋਂ ਹੋਰ ਥੱਲੇ ਖਿਸਕ ਗਏ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਮੁਫਤ ਹੋਵੇ ਹਰ ਨਾਗਰਿਕ ਲਈ, ਬਰਾਬਰ ਦੀ ਸਿੱਖਿਆ ਹੋਵੇ ਸਭ ਲਈ, ਚੰਗੀਆਂ ਸਿਹਤ ਸਹੂਲਤਾਂ ਤੋਂ ਵੀ ਕੋਈ ਵਿਰਵਾ ਨਾ ਰਹੇ। ਪਰ ਸਰਕਾਰੀ ਤੰਤਰ ਵਲੋਂ ਜਾਰੀ ਸਿਹਤ ਸਹੂਲਤ "ਆਯੂਸ਼ਮਾਨ ਭਾਰਤ" ਯੋਜਨਾ ਦਾ ਦੇਸ਼ 'ਚ ਕੀ ਹਾਲ ਹੋਇਆ? ਇਸ ਯੋਜਨਾ ਦਾ ਉਦੇਸ਼ 50 ਕਰੋੜ ਲੋਕਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਹੈ। ਪਰ ਇਹ ਯੋਜਨਾ ਵੀ ਭੈੜੇ ਪ੍ਰਬੰਧਨ, ਪੈਸੇ ਦੀ ਘਾਟ ਕਾਰਨ ਅਤੇ ਸਿਹਤ ਕਾਮਿਆਂ ਦੀ ਕਮੀ ਕਾਰਨ ਹੱਫਦੀ ਹੋਈ ਨਜ਼ਰ ਆਈ।

ਦੇਸ਼ ਦਾ ਪਿੰਡ ਰੁਜ਼ਗਾਰ ਵਿਹੂਣਾ ਹੈ। ਦੇਸ਼ ਦਾ ਪਿੰਡ ਸਿੱਖਿਆ ਸਹੂਲਤਾਂ ਤੋਂ ਊਣਾ ਹੈ। ਦੇਸ਼ ਦੇ ਪਿੰਡਾਂ ਲਈ ਅੱਛੀਆਂ ਸੜਕਾਂ ਨਹੀਂ, ਸਾਫ ਸੁਥਰੇ ਪਾਣੀ ਅਤੇ ਟਾਇਲਟਾਂ ਦੀ ਕਮੀ ਹੈ। ਦੇਸ਼ ਦੇ ਪਿੰਡਾਂ 'ਚ ਸਰਕਾਰਾਂ ਹਰਾ, ਹਰਾ, ਗੁਲਾਬੀ, ਗੁਲਾਬੀ ਲੱਖ ਵੇਰ ਲੋਕਾਂ ਨੂੰ ਦਿਖਾਉਣ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵੀ ਪਿੰਡ ਬੀਮਾਰ ਹੈ ।

ਸਿਹਤ ਸਹੂਲਤਾਂ 'ਚ ਘਾਟ ਅਤੇ ਵਖਰੇਵੇਂ ਕਾਰਨ ਖਾਸ ਕਰਕੇ ਪੇਂਡੂ ਖਿੱਤਾ ਬਦਹਾਲੀ ਝੱਲ ਰਿਹਾ ਹੈ। ਇਹ ਸਮੱਸਿਆ ਕਿਸੇ ਇੱਕ ਹੀ ਸੂਬੇ ਦੀ ਕਮੀ ਨਹੀਂ ਹੈ, ਸਗੋਂ ਸਮੁੱਚੇ ਭਾਰਤ ਦੀ ਇਹ ਹਾਲਤ ਹੈ।ਭਾਵੇਂ ਕਿ ਕੁਝ ਸੂਬੇ ਸਿਹਤ ਸਹੂਲਤਾਂ ਦੇਣ ਲਈ ਹੰਭਲੇ ਮਾਰ ਰਹੇ ਹਨ, ਪਰ ਪੈਸੇ ਦੀ ਥੁੜ ਆੜੇ ਆ ਰਹੀ ਹੈ।

ਅੱਜ ਵੀ ਸਿਹਤ ਸਹੂਲਤਾਂ ਦੀ ਘਾਟ ਦੀ ਮਾਰ ਗਰੀਬ ਆਦਮੀ ਹੀ ਸਹਿ ਰਿਹਾ ਹੈ। ਪਰ ਸਿਆਸੀ ਆਗੂ ਲੋਕਤੰਤਰ ਅਤੇ ਸੰਵਿਧਾਨ ਦੀ ਦੁਹਾਈ ਦੇਕੇ ਆਪਣਾ ਉਲੂ ਸਿੱਧਾ ਕਰ ਰਹੇ ਹਨ ਅਤੇ ਵੱਡੀਆਂ-ਵੱਡੀਆਂ ਯੋਜਨਾਵਾਂ ਬਣਾਕੇ, ਫਿਰ ਉਹਨਾ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਸੰਵਿਧਾਨ ਦੀ ਧਾਰਾ-21 ਅਨੁਸਾਰ ਹਰ ਭਾਰਤੀ ਨਾਗਰਿਕ ਨੂੰ ਜੀਵਨ ਜੀਊਣ ਦਾ ਹੱਕ ਹੈ। ਪਰ ਜਿਥੇ ਸਿਹਤ ਸਹੂਲਤਾਂ ਦਾ ਮੰਦਾ ਹਾਲ ਹੋਵੇ, ਖਾਸ ਕਰਕੇ ਪੇਂਡੂ ਖਿੱਤੇ 'ਚ ਉਥੇ ਚੰਗਾ ਜੀਵਨ ਕਿਵੇਂ ਚਿਤਵਿਆ ਜਾ ਸਕਦਾ ਹੈ?

ਅਸਲ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਮੁਫਤ ਸਿਹਤ, ਸਿੱਖਿਆ ਸਹੂਲਤਾਂ ਦੇਵੇ, ਪਰ ਪਿਛਲੇ ਸਾਲਾਂ 'ਚ ਸਰਕਾਰਾਂ ਇਸ ਫਰਜ਼ ਤੋਂ ਆਪਣਾ ਹੱਥ ਪਿੱਛੇ ਖਿੱਚ ਰਹੀਆਂ ਹਨ ਅਤੇ ਸਿਹਤ ਸੇਵਾਵਾਂ ਦਾ ਨਿਜੀਕਰਨ ਵਧਦਾ ਜਾ ਰਿਹਾ ਹੈ।

ਡਰ ਤਾਂ ਇਹ ਬਣਦਾ ਜਾ ਰਿਹਾ ਹੈ ਕਿ ਸਰਕਾਰ ਆਉਣ ਵਾਲੇ ਸਮੇਂ 'ਚ ਸਿਹਤ ਖੇਤਰ 'ਚ ਨਾਗਰਿਕਾਂ ਨੂੰ ਆਪਣੀ ਸਿਹਤ ਦੇ ਸਬੰਧ 'ਚ ਆਤਮ ਨਿਰਭਰ ਹੋਣ ਦੀ ਗੱਲ ਨਾ ਕਹਿ ਦੇਵੇ, ਤਾਂ ਫਿਰ ਗਰੀਬ ਲੋਕਾਂ ਖਾਸ ਕਰਕੇ ਪੇਂਡੂਆਂ ਦਾ ਕੀ ਬਣੇਗਾ?

*****








ਬਹੁਜਨ ਸਮਾਜ ਦੇ ਮਹਾਂ-ਪੁਰਸ਼ਾਂ ਦੇ ਮਿਸ਼ਨ ਅਤੇ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਵਾਲੇ ਨਾਮਵਰ ਮਿਸ਼ਨਰੀ ਗਾਇਕ ਉਸਤਾਦ ਮਰਹੂਮ ਜਨਾਬ ਮੋਹਣ ਬੰਗੜ ਜੀ 21 ਮਾਰਚ 2005 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ, ਨੂੰ ਯਾਦ ਕਰਦਿਆਂ ਸਰਧਾ ਸੁੰਮਨ ਭੇਂਟ ਕਰਦੇ ਹਾਂ।

**ਅਦਾਰਾ ਦੇਸ਼ ਦੁਆਬਾ**
**ਅਤੇ**
**ਮਿਸ਼ਨਰੀ ਗਾਇਕ ਸੋਨੂੰ**

# ਦਲਿਤ ਬੇਟੀ ਡਾਕਟਰ ਪੰਪੋਜ ਦੇ ਮਾਮਲੇ 'ਚ ਬਸਪਾ ਗੜ੍ਹਸ਼ੰਕਰ ਵਲੋਂ ਕੈਂਡਲ ਮਾਰਚ ਕੀਤਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਮਾਨਯਗੋ ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੋਗਰਾਮ ਮੁਤਾਬਕ ਡਾ:ਪੰਪੋਜ਼ ਦੀ ਹੱਤਿਆ ਦੇ ਸਬੰਧ ਵਿੱਚ ਹਲਕਾ ਗੜ੍ਹਸ਼ੰਕਰ ਬਹੁਜਨ ਸਮਾਜ ਪਾਰਟੀ ਵਲੋਂ ਰੋਸ /ਕੈਂਡਲ ਮਾਰਚ ਕੱਢਿਆ ਗਿਆ। ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਡਾ:ਪੰਪੋਜ਼ ਦੇ ਕਾਤਲਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਜਿਹਨਾਂ ਦੀ ਜਾਤੀ ਮਾਨਸਿਕਤਾ ਨੇ ਡਾ:ਪੰਪੋਜ਼ ਨੂੰ ਆਤਮ ਹੱਤਿਆ ਕਰਨ ਲਈ ਮਜ਼ਬੂਰ ਕੀਤਾ। ਇਸ ਕੈਂਡਲ ਮਾਰਚ ਦੀ ਅਗਵਾਈ ਸ਼੍ਰੀ ਗੁਰਲਾਲ ਸੈਲਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਕੀਤੀ। ਕੈਂਡਲ ਮਾਰਚ ਨੂੰ ਬੰਗਾ ਚੌਂਕ ਵਿੱਚ ਬਹੁਜਨ ਸਮਾਜ ਪਾਰਟੀ ਦੇ ਨਿਧੜਕ ਬੁਲਾਰੇ ਤੇ ਬਹੁਜਨ ਸਮਾਜ ਪਾਰਟੀ ਦੀ ਬੁਲੰਦ ਆਵਾਜ ਮਾਨਯੋਗ ਡਾਕਟਰ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਵੀ ਸੰਬੋਧਨ ਕੀਤਾ। ਉਹਨਾਂ ਆਖਿਆ ਕਿ ਅੱਜ ਸਾਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਪੰਜਾਬ ਨੂੰ ਗੁਰੂਆਂ ਪੀਰਾਂ ਦੀ ਧਰਤੀ ਮੰਨਦੇ ਜਰੂਰ ਹਾਂ ਪਰ ਮਰਜੀ ਅਸੀਂ ਮਨੂੰਵਾਦੀ ਸਿਸਟਮ ਦੀ ਪੁਚਾਉਣ ਲਈ ਜੋਰ ਲਗਾਉਂਦੇ ਹਾਂ।ਕਿਉਕ ਕੋਰਸ ਕਰ ਰਹੀ ਦਲਿਤ ਵਰਗ ਦੀ ਡਾਕਟਰ ਬੱਚੀ ਦੇ ਹੋਏ ਘਿਨੌਣੇ ਅਪਰਾਧ ਖਿਲਾਫ ਦਲਿਤਾਂ ਤੋਂ ਸਿਵਾਏ ਕੋਈ ਨਹੀਂ ਬੋਲਿਆ ਫਿਰ ਅਸੀਂ ਕਿਵੇ ਮੰਨ ਲਈਏ ਕਿ ਸਾਡੇ ਨਾਲ ਗੁਰੂਆਂ ਪੀਰਾਂ ਦ ਧਰਤੀ ਤੇ ਅੱਜ ਵੀ ਵਿਤਕਰਾ ਨਹੀਂ ਹੁੰਦਾ। ਇਸ ਮਾਰਚ ਵਿੱਚ ਬਾਮਸੇਫ ਦੇ ਸਾਥੀਆਂ ਵਲੋਂ ਵੀ ਵੱਡੇ ਪੱਧਰ ਤੇ ਸ਼ਮੂਲੀਅਤ ਕਰਕੇ ਬਣਦਾ ਯੋਗਦਾਨ ਪਾਇਆ ਗਿਆ ।ਇਸ ਮਾਰਚ ਨੂੰ ਸਫਲ ਕਰਨ ਵਿੱਚ ਹਲਕਾ ਗੜ੍ਹਸ਼ੰਕਰ ਦੀ ਬਹੁਜਨ ਸਮਾਜ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਮਿਹਨਤ ਕੀਤੀ। ਕੈਂਡਲ ਮਾਰਚ ਵਿੱਚ ਹਲਕੇ ਦੀ ਲੀਡਰਸ਼ਿਪ ਵਿੱਚ ਰਣਵੀਰ ਬੱਬਰ ਜਿਲਾ ਆਰਗੇਨਾਈਜਰ ਸਕੱਤਰ, ਧਰਮ ਚੰਦ ਜਿਲਾ ਸਕੱਤਰ, ਅਮਰਜੀਤ ਸਿੰਘ ਗੁੱਡੂ ਹਲਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ, ਹਲਕਾ ਇੰਚਾਰਜ ਚਰਨਜੀਤ ਸਿੰਘ ਮਜਾਰਾ ਡਿੰਗਰੀਆਂ, ਅਸ਼ੋਕ ਕੁਮਾਰ ਬੀਹੜਾਂ ਪ੍ਰਧਾਨ ਜੂਥ ਵਿੰਗ, ਅਵਤਾਰ ਸਿੰਘ ਸੈਕਟਰ ਪ੍ਰਧਾਨ, ਮਹਿੰਦਰ ਸਿੰਘ ਬਡੇਸਰੋਂ ,ਹਰਜਿੰਦਰ ਸਿੰਘ ਖਾਲਸਾ ਸ਼ਹਿਰੀ ਪ੍ਰਧਾਨ, ਹਰਦੇਵ ਕੁਮਾਰ ਗੁਲਮਾਰਗ ਤੇ ਸੁਖਵਿੰਦਰ ਸਿੰਘ ਡਘਾਮ ਨੇ ਕੈਂਡਲ ਮਾਰਚ ਨੂੰ ਸਫਲ ਬਣਾਉਣ ਦੀ ਭਰਭੂਰ ਕੋਸ਼ਿਸ਼ ਕੀਤੀ ਤੇ ਕੈਂਡਲ ਮਾਰਚ ਨੂੰ ਸੰਬੋਧਨ ਕੀਤਾ।



# ਪ੍ਰਵਾਸੀ ਪੰਜਾਬ ’ਚ ਹਾਕੀ ਦੇ ਵਿਕਾਸ ਲਈ ਯੋਗਦਾਨ ਪਾਉਣ

**ਪ੍ਰੋਫੈਸਰ ਪਰਮਜੀਤ ਸਿੰਘ**

ਪ੍ਰਵਾਸੀ ਪੰਜਾਬੀ ਖੇਡਾਂ ਦੇ ਖੇਤਰ ਵਿਚ ਜੋ ਆਪਣਾ ਯੋਗਦਾਨ ਦੇ ਰਹੇ ਹਨ, ਉਸ ਨੂੰ ਇਕ ਠੀਕ ਸੇਧ ਦੇਣ ਦੀ ਲੋੜ ਹੈ। ਉਨ੍ਹਾਂ ਦਾ ਯੋਗਦਾਨ, ਉਨ੍ਹਾਂ ਦੇ ਖੇਡ ਮੁਹੱਬਤੀ ਚੁੱਕੇ ਕਦਮ ਤਾਂ ਮੁਬਾਰਕ ਪਰ ਉਸ ਨਾਲ ਪੰਜਾਬ ਦੇ ਖੇਡ ਖੇਤਰ ਦਾ ਭਲਾ ਕਿੰਨਾ ਕੁ ਹੋ ਰਿਹਾ, ਵਿਚਾਰਨਾ ਅਸੀਂ ਇਹ ਹੈ। ਕੋਈ ਵੀ ਮਦਦ, ਕੋਈ ਵੀ ਸਹਾਇਤਾ ਤਦ ਹੀ ਪ੍ਰਸੰਸਾਯੋਗ ਬਣਦੀ ਹੈ, ਜੇ ਉਸ ਦੇ ਨਤੀਜੇ ਸਿਹਤਮੰਦ ਹੋਣ, ਸਾਰਥਿਕ ਹੋਣ। ਹਾਕੀ ਭਾਰਤ ਦੀ ਕੌਮੀ ਖੇਡ ਹੈ। ਹਾਕੀ ਪੰਜਾਬੀਆਂ ਦੀ ਜਿੰਦਜਾਨ ਰਹੀ ਸੀ। ਹੁਣ ਵੀ ਹੈ ਅਤੇ ਹਮੇਸ਼ਾ ਰਹੇਗੀ। ਪੂਰੇ ਵਿਸ਼ਵ ’ਚ ਪੰਜਾਬੀਆਂ ਨੇ ਇਸ ਖੇਡ ਦੇ ਮਾਧਿਅਮ ਰਾਹੀਂ ਆਪਣੀ ਇਕ ਵੱਖਰੀ ਪਛਾਣ ਬਣਾਈ ਇਕ ਮਾਣਯੋਗ ਰੁਤਬਾ ਹਾਸਲ ਕੀਤਾ। ਦਹਾਕਿਆਂ ਤੋਂ ਹਾਕੀ ਦੇ ਖੇਤਰ ਵਿਚ ਪੰਜਾਬੀ ਮੱਲਾਂ ਮਾਰ ਰਹੇ ਹਨ। ਪੰਜਾਬ ਹਾਕੀ ਪ੍ਰਤਿਭਾ ਨਾਲ ਲਬਰੇਜ਼ ਸੂਬਾ ਹੈ। ਪਰ ਰਾਹ ’ਚ ਕਈ ਰੁਕਾਵਟਾਂ ਮੁਸ਼ਕਿਲਾਂ ਹਨ, ਸਾਡੇ ਪੁੰਗਰਦੇ ਹਾਕੀ ਖਿਡਾਰੀ ਆਪਣੇ ਖੇਡ ਕਰੀਅਰ ਦੇ ਸ਼ੁਰੂ ’ਚ ਹੀ ਜਿਨ੍ਹਾਂ ਦਾ ਸਾਹਮਣਾ ਕਰਦੇ ਹਨ। ਐਸਟਰੋਟਰਫ਼ ਮੈਦਾਨ ਦੀ ਕਮੀ, ਹਾਕੀ ਸਟਿੱਕ ਅਤੇ ਹਾਕੀ ਕਿੱਟਾਂ ਦੀ ਘਾਟ, ਚੰਗੀ ਖੁਰਾਕ ਨਹੀਂ, ਚੰਗੇ ਹਾਕੀ ਕਲੱਬਾਂ ਦੀ ਅਣਹੋਂਦ, ਚੰਗੀਆਂ ਹਾਕੀ ਅਕੈਡਮੀਆਂ ਦੀ ਕਮੀ ਪਰ ਹਾਕੀ ਪ੍ਰੇਮ ਫੇਰ ਵੀ ਅਮਰ ਰਿਹਾ। ਖੇਡ ਮੈਦਾਨਾਂ ’ਚ ਜਾ ਕੇ ਹਾਕੀ ਖੇਡਣ ਦੀ ਇੱਛਾ ਫਿਰ ਵੀ ਜਿਊਂਦੀ ਰਹੀ। ਕੋਈ ਦੱਸੇ ਵਿਦੇਸ਼ਾਂ ’ਚ ਵਸਦੇ ਸਾਡੇ ਪ੍ਰਵਾਸੀ ਪੰਜਾਬੀਆਂ ਨੇ ਇਸ ਪੱਖੋਂ ਕਿੰਨੀ ਕੁ ਮਦਦ ਕੀਤੀ ਆਪਣੇ ਪਿਆਰੇ ਪੰਜਾਬ ਦੀ।

ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਹਾਕੀ ਦਮ ਤੋੜਦੀ ਚਲੀ ਗਈ। ਉਸ ਜ਼ਿਲ੍ਹੇ ਦੇ ਕਈ ਪਿੰਡਾਂ ਵਿਚ ਹਾਕੀ ਦਾ ਕੋਈ ਨਾਮ ਲੇਵਾ ਵੀ ਨਾ ਰਿਹਾ। ਹਾਕੀ ਸੱਭਿਆਚਾਰ ਵੀ ਖ਼ਤਮ ਹੁੰਦਾ ਗਿਆ, ਜਿਸ ਖੇਡ ਕਰਕੇ ਪੰਜਾਬੀਆਂ ਦੀ ਵੱਖਰੀ ਪਛਾਣ ਰਹੀ। ਉਹ ਪਛਾਣ ਵੀ ਖਤਰੇ ’ਚ ਪੈਂਦੀ ਚਲੀ ਗਈ। ਅਸੀਂ ਪੁੱਛਦੇ ਹਾਂ ਖੇਡਾਂ ਵਿਚ ਉਤਸ਼ਾਹਿਤ ਕਰਨ ਦਾ ਢੰਡੋਰਾ ਪਿੱਟਣ ਵਾਲੇ ਸਾਡੇ ਅਜ਼ੀਜ਼ ਪ੍ਰਵਾਸੀ ਪੰਜਾਬੀ ਹੁਣ ਤੱਕ ਕਿੱਥੇ ਰਹੇ? ਅਸਾਂ ਸੁਣਿਐ, ਕਿ ਪ੍ਰਵਾਸੀ ਪੰਜਾਬੀ ਵਤਨ ਵਾਸੀਆਂ ਦੇ ਖੇਡ ਸੰਸਾਰ ਨੂੰ ਬੁਲੰਦੀ ’ਤੇ ਪਹੁੰਚਾਉਣ ਲਈ ਲੱਖਾਂ ਕਰੋੜਾਂ ਰੁਪਏ ਖਰਚ ਕਰਦੇ ਆ ਰਹੇ ਹਨ। ਦੋਸਤੋ! ਜਿਸ ਸੂਬੇ ਦਾ ਖੇਡ ਸੱਭਿਆਚਾਰ ਹੀ ਮੁੱਕਦਾ ਗਿਆ, ਟੁੱਟਦਾ ਗਿਆ, ਫਿਰ ਕਿਸ ਖੇਡ ਸੰਸਾਰ ਨੂੰ ਬੁਲੰਦੀ ’ਤੇ ਪਹੁੰਚਾਉਣਾ ਸੀ। ਇਕੱਲੀ ਕਬੱਡੀ ਹੀ ਤਾਂ ਪੰਜਾਬ ਦਾ ਖੇਡ ਸੱਭਿਆਚਾਰ ਨਹੀਂ। ਜਿਸ ’ਤੇ ਪ੍ਰਵਾਸੀ ਪੰਜਾਬੀ ਡੁੱਲ੍ਹੇ ਫਿਰਦੇ ਨੇ।



ਇਥੇ ਹੀ ਬਸ ਨਹੀਂ ਹਕੀਕਤ ਤਾਂ ਇਹ ਵੀ ਹੈ ਕਿ ਸਾਡੇ ਪ੍ਰਵਾਸੀ ਪੰਜਾਬੀਆਂ ਨੇ ਖੇਡਾਂ ਨਾਲ ਨਹੀਂ ਖੇਡਾਂ ਦੇ ਚੌਧਰੀਆਂ ਨਾਲ ਮੂੰਹ ਲਾਇਆ, ਟੂਰਨਾਮੈਂਟ ਅਧਿਕਾਰੀਆਂ ਨਾਲ ਆਪਣਾ ਤਾਲ-ਮੇਲ ਰੱਖਿਆ। ਲੱਖਾਂ, ਕਰੋੜਾਂ ਰੁਪਏ ਉਨ੍ਹਾਂ ਨੂੰ ਯੋਗਦਾਨ ਦਿੱਤਾ ਪਰ ਕਾਹਦੇ ਵਾਸਤੇ? ਖੇਡਾਂ ਦੇ ਚੌਧਰੀਆਂ ਨੇ ਹੀ ਤਾਂ ਪ੍ਰਵਾਸੀ ਪੰਜਾਬੀਆਂ ਨੂੰ ਵੱਡਾ ਚੂਨਾ ਲਾਇਆ ਹੈ। ਵਿਦੇਸ਼ੀ ਧਰਤੀ ’ਤੇ ਵਸਦੇ ਸਾਡੇ ਅਜੀਜ਼ ਮਿਹਨਤ ਮੁਸ਼ੱਕਤ ਨਾਲ ਕਮਾਏ ਪੈਸੇ ਨੂੰ ਜੇ ਕਿਤੇ ਖੇਡ ਸੱਭਿਆਚਾਰ ਦੇ ਵਿਕਾਸ ਲਈ ਵਰਤਦੇ ਤਾਂ ਅੱਜ ਪੰਜਾਬ ਦੇ ਖੇਡ ਜਗਤ ਦੀ ਤਸਵੀਰ ਵੱਖਰੀ ਹੀ ਹੋਣੀ ਸੀ, ਜਿਸ ’ਤੇ ਉਹ ਵੀ ਨਾਜ਼ ਕਰਦੇ, ਫ਼ਖਰ ਵੀ ਕਰਦੇ।

ਕਬੱਡੀ ਵਾਂਗਰ, ਪ੍ਰਵਾਸੀ ਪੰਜਾਬੀ ਜੇ ਕਿਤੇ ਆਪਣੇ ਦੇਸ਼ ਦੀ ਕੌਮੀ ਖੇਡ ਹਾਕੀ ਨੂੰ ਵੀ ਉੱਚਾ ਚੁੱਕਣ ਦਾ ਬੀੜਾ ਉਠਾ ਲੈਂਦੇ, ਗਰਾਸ ਰੂਟ ਤੋਂ ਤਾਂ ਫੇਰ ਵੀ ਅੱਜ ਵੀ ਭਾਰਤ ਦੀ ਹਾਕੀ ਦਾ ਪੂਰਾ ਸੰਸਾਰ ’ਚ ਜੇਤੂ ਬਿਗਲ ਵਜਦਾ ਰਹਿੰਦਾ। ਪੰਜਾਬ ਵਿਚ 60 ਦੇ ਦਹਾਕਿਆਂ ਵਰਗਾ ਹਾਕੀ ਸੱਭਿਆਚਾਰ ਮੌਜੂਦ ਹੁੰਦਾ। ਪਰ ਇਸ ਦੇ ਉਲਟ ਹਾਕੀ ਤਾਂ ਆਪਣੀ ਗੁਰਬਤ ਬੇਵਸੀ ਦੇ ਕਾਰਨ ਚਰਚਾ ਵਿਚ ਰਹੀ, ਜਿਸ ਖੇਡ ਨੇ ਪੰਜਾਬੀਆਂ ਨੂੰ ਮਾਣ ਦਿੱਤਾ, ਸਤਿਕਾਰ ਦਿੱਤਾ ਸਾਡੇ ਪ੍ਰਵਾਸੀ ਪੰਜਾਬੀਆਂ ਨੇ ਉਸ ਨੂੰ ਹੀ ਤ੍ਰਿਸਕਾਰਿਆ। ਹਾਕੀ ਨਾਲ ਕੌਮੀ ਖੇਡਾਂ ਦਾ ਵਿਸ਼ੇਸ਼ਣ ਤਾਂ ਸਭ ਨੂੰ ਭੁੱਲ ਗਿਆ ਪਰ ਕਬੱਡੀ ਨਾਲ ਮਾਂ-ਖੇਡ ਦਾ ਇਕ ਨਵਾਂ ਵਿਸ਼ੇਸ਼ਣ ਹੋਂਦ ਵਿਚ ਆ ਗਿਆ, ਅਸੀਂ ਅਜੇ ਤੱਕ ਮਾਂ-ਖੇਡ ਦੀ ਪਰਿਭਾਸ਼ਾ ਹੀ ਨਹੀਂ ਸਮਝ ਸਕੇ। ਕੀ ਕਦੇ ਕੋਈ ਖੇਡ ਮਾਂ-ਖੇਡ ਵੀ ਹੁੰਦੀ। ਮੀਡੀਆ, ਪਬਲਿਕ ਵੀ ਕਹੀ ਜਾ ਰਹੀ ਹੈ, ਨੇਤਾ ਵੀ ਦੁਹਾਈ ਦਿੰਦੇ ਜਾ ਰਹੇ ਹਨ, ਸਾਡੇ ਕੁਮੈਂਟੇਟਰ ਵੀ, ਸਾਨੂੰ ਲਗਦੈ ਮਾਂ ਖੇਡ ਦਾ ਵਿਸ਼ੇਸ਼ਣ ਅਸੀਂ ਲੋਕਾਂ ਨੂੰ ਭਾਵੁਕ ਕਰਨ ਲਈ ਜੋੜ ਲਿਆ ਅਤੇ ਇਸ ਵਿਸ਼ੇਸ਼ਣ ਦਾ ਕਬੱਡੀ ਨੂੰ, ਹਾਕੀ ਨੂੰ, ਕੌਮੀ ਖੇਡ ਅਖਵਾਉਣ ਨਾਲੋਂ ਕਿਤੇ ਜ਼ਿਆਦਾ ਲਾਭ ਹੋਇਆ। ਫਿਰ ਪਿੰਡ-ਪਿੰਡ, ਗਲੀ-ਗਲੀ, ਮੁਹੱਲੇ-ਮੁਹੱਲੇ ਕਬੱਡੀ ਕੱਪਾਂ ’ਚ ਰੁਝਾਨ ਪੈਦਾ ਹੋਇਆ। ਮਦਦ ਪ੍ਰਵਾਸੀ ਪੰਜਾਬੀ ਕਰਨ ਲੱਗ ਪਏ। ਫਿਰ ਵਿਸ਼ਵ ਕੱਪ ਕਬੱਡੀ ਦਾ ਹੜ੍ਹ ਆ ਗਿਆ, ਫਿਰ ਸਾਡੀ ਸਰਕਾਰ ਵੀ ਇਸ ਰੁਝਾਨ ’ਚ ਹੀ ਵਹਿ ਤੁਰੀ। ਪ੍ਰਵਾਸੀ ਪੰਜਾਬੀ ਹੋਰ ਉਤਸ਼ਾਹਿਤ ਹੋਏ। ਇਹ ਸਭ ਕੁਝ ਲਿਖਣ ਵਾਲੀ ਕਲਮ ਕਬੱਡੀ ਵਿਰੋਧ ਨਹੀਂ। ਹਾਕੀ ਅਤੇ ਕਬੱਡੀ ਪੰਜਾਬੀ ਖੇਡ ਵਿਰਾਸਤ ਨਾਲ ਜੁੜੀਆਂ ਖੇਡਾਂ ਹਨ। ਇਹ ਦੋਵੇਂ ਹੀ ਉਤਸ਼ਾਹਿਤ ਹੋਣੀਆਂ ਚਾਹੀਦੀਆਂ ਹਨ, ਪਰ ਇਨ੍ਹਾਂ ਦੋਵਾਂ ਵਿਚਲਾ ਅੰਤਰ ਸਮਝਣ ਦੀ ਲੋੜ ਹੈ। ਕਬੱਡੀ ਅਤੇ ਬੈਲ ਗੱਡੀਆਂ ਸਾਡੀ ਸੱਭਿਆਚਾਰਕ ਖੇਡ ਵਿਰਾਸਤ ਦੇ ਚਿੰਨ੍ਹ ਤਾਂ ਹਨ ਪਰ ਇਨ੍ਹਾਂ ਨਾਲ ਕਿਸੇ ਵੱਡੇ ਖੇਡ ਪਰਿਵਰਤਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਪ੍ਰਵਾਸੀ ਪੰਜਾਬੀਆਂ ਨੇ ਜੇ ਕਿਤੇ ਭਰਪੂਰ ਮਦਦ ਕੌਮੀ ਖੇਡ ਹਾਕੀ ਦੀ ਕੀਤੀ ਹੁੰਦੀ ਤਾਂ ਨਤੀਜੇ ਕੁਝ ਹੋਰ ਹੀ ਹੋਣੇ ਸਨ। ਕਈ ਥਾਵਾਂ ਤੇ ਪੰਜਾਬ ’ਚ ਪ੍ਰਵਾਸੀ ਪੰਜਾਬੀ ਖੇਡੇ ਮੇਲੇ ਕਰਵਾਉਂਦੇ ਨੇ ਅਤੇ ਕਿਤੇ ਵੱਖ-ਵੱਖ ਖੇਡ ਮੇਲਿਆਂ ਵਿਚ ਵੀ ਉਹ ਬੜੀ ਦਿਲਚਸਪੀ ਨਾਲ ਆਪਣਾ ਵਡਮੁੱਲਾ ਯੋਗਦਾਨ ਦਿੰਦੇ ਹਨ। ਅਫ਼ਸੋਸ ਦੀ ਗੱਲ ਉਨ੍ਹਾਂ ਖੇਡ ਮੇਲਿਆਂ ਵਿਚੋਂ ਵੀ ਹਾਕੀ ਗਾਇਬ ਹੈ। ਸੱਚ ਤਾਂ ਇਹ ਹੈ ਕਿ ਪ੍ਰਵਾਸੀ ਪੰਜਾਬੀਆਂ ਨੂੰ ਹਾਕੀ ਖੇਡ ਨੂੰ ਵੀ ਹੱਲਾਸ਼ੇਰੀ ਦੇਣ ਦੀ ਲੋੜ ਸੀ, ਜਿਹੜੀ ਇਕ ਉਲੰਪਿਕ ਖੇਡ ਹੈ।

## ਨਵਾਂਸ਼ਹਿਰ ਅੰਬੇਡਕਰ ਚੌਕ 'ਚ ਖੜਦੇ ਗੰਦੇ ਪਾਣੀ ਤੋਂ ਨਿਜਾਤ ਪਾਉਣ ਲਈ ਕੌਂਸਲਰਾਂ ਨੇ ਲਗਾਇਆ ਧਰਨਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਕੁਝ ਸਮੇਂ ਤੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਚੌਂਕ ਨਵਾਂਸ਼ਹਿਰ ਵਿਖੇ ਖੜਦੇ ਗੰਦੇ ਪਾਣੀ ਦਾ ਮਸਲਾ ਬਹੁਤ ਅਪੀਲਾ ਕਰਨ ਤੋਂ ਬਾਅਦ ਵੀ ਨਾਂ ਸੁਲਝ ਸਕਿਆ ਜਿਸ ਤੋਂ ਦੁਖੀ ਹੋ ਕੇ ਅੱਜ ਸਥਾਨਕ ਕੌਂਸਲਰਾਂ ਵਲੋਂ ਧਰਨਾ ਲਗਾ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਕੌਂਸਲਰ ਸਾਥੀਆਂ ਨਾਲ ਮਿਲ ਕੇ ਅੰਬੇਡਕਰ ਚੌਕ ਦੀ ਬੁਰੀ ਤਰ੍ਹਾਂ ਵਿਗੜ ਚੁੱਕੀ ਹਾਲਤ ਨੂੰ ਲੈ ਕੇ ਜੋ ਕੌਂਸਲਰਾਂ ਵਲੋਂ ਧਰਨਾ ਦਿੱਤਾ ਜਾ ਰਿਹਾ ਸੀ, ਉਸ ਵਿੱਚ ਆਪ ਦੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਤੇ ਜਿਲ੍ਹਾ ਪ੍ਰਸਾਸ਼ਨ ਵਲੋਂ ਪਹੁੰਚ ਕੇ ਭਰੋਸਾ ਦੇਣ ਤੋਂ ਬਾਅਦ ਖਤਮ ਕਰ ਦਿੱਤਾ ਗਿਆ। ਜਾਣਕਾਰੀ ਦਿੰਦੇ ਹੋਏ ਕੌਂਸਲਰ ਪਰਮ ਸਿੰਘ ਖਾਲਸਾ, ਕੌਂਸਲਰ ਗੁਰਮੁੱਖ ਸਿੰਘ ਨੋਰਥ, ਕੌਂਸਲਰ ਮੱਖਣ ਸਿੰਘ ਗਰੇਵਾਲ, ਕੌਂਸਲਰ ਬਲਵਿੰਦਰ ਕੌਰ, ਕੌਂਸਲਰ ਸੀਸ ਕੌਰ ਬੀਕਾ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਅੰਬੇਡਕਰ ਚੌਕ ਦੀ ਹਾਲਤ ਬਹੁਤ ਜਿਆਦਾ ਖਸਤਾਹਾਲ ਹੋ ਗਈ ਸੀ, ਜਿਸ ਕਰਕੇ ਇਥੋਂ ਲੰਘਣ ਵਾਲੇ ਰਾਹਗੀਰਾਂ ਲਈ ਮੁਸ਼ਕਿਲਾਂ ਭਰੇ ਹਾਲਾਤ ਬਣ ਚੁੱਕੇ ਸਨ। ਸੀਵਰੇਜ ਦਾ ਬਦਬੂ ਮਾਰਦਾ ਗੰਦਾ ਪਾਣੀ ਚੌਕ ਵਿੱਚ ਤੇ ਲਾਗੇ ਦੀਆਂ ਦੁਕਾਨਾਂ ਮੂਹਰੇ ਖੜ੍ਹ ਜਾਂਦਾ ਸੀ ਜਿਸ ਨਾਲ ਦੁਕਾਨਦਾਰਾਂ ਦਾ ਉਠਣਾ ਬੈਠਣਾ ਔਖਾ ਹੋ ਗਿਆ ਸੀ ਤੇ ਰਾਹਗੀਰ ਵੀ ਬੜੀ ਮੁਸ਼ਕਿਲ ਨਾਲ ਇਥੋ ਬਚ ਬਚ ਕੇ ਲੰਘਿਆ ਕਰਦੇ ਸਨ। ਧਰਨਾ ਲੱਗੇ ਤੋਂ ਕੁਝ ਘੰਟੇ ਬਾਅਦ ਜਦੋਂ ਧਰਨਾਕਾਰੀਆਂ ਵਲੋਂ 23 ਮਾਰਚ ਨੂੰ ਖਟਕੜ ਲੰਘਣ ਵੇਲੇ ਮੁੱਖ ਮੰਤਰੀ ਦਾ ਕਾਲੇ ਝੰਡਿਆਂ ਨਾਲ ਵਿਰੋਧ ਕਰਨ ਦੀ ਗੱਲ ਪ੍ਰਸਾਸ਼ਨ ਤੱਕ ਪੁੱਜੀ ਤਾਂ ਹੜਕੰਪ ਮਚ ਗਿਆ। ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਤੇ ਪੂਰਾ ਜਿਲ੍ਹਾ ਪ੍ਰਸਾਸ਼ਨ ਗੋਡਿਆਂ ਭਾਰ ਚੱਲ ਕੇ ਧਰਨਾਕਾਰੀਆਂ ਕੋਲ ਪਹੁੰਚਿਆ ਤੇ ਕੱਲ੍ਹ ਤੱਕ ਇਸ ਚੌਕ ਦੀ ਦੁਰਦਸ਼ਾ ਨੂੰ ਠੀਕ ਕਰਨ ਦਾ ਭਰੋਸਾ ਦਿੱਤਾ। ਹਲਕਾ ਇੰਚਾਰਜ ਨੇ ਪ੍ਰਸਾਸ਼ਨ ਨੂੰ ਆਖਿਆ ਕਿ ਅਗਰ ਇਹ ਕੰਮ ਕੱਲ੍ਹ ਤੱਕ ਨਾ ਹੋਇਆ ਤਾਂ ਮੈਂ ਵੀ ਇਨ੍ਹਾਂ ਸਾਥੀਆਂ ਨਾਲ ਧਰਨੇ ਤੇ ਬੈਠ ਜਾਂਵਾਗਾ। ਜਿਲ੍ਹਾ ਪ੍ਰਸਾਸ਼ਨ ਵਲੋਂ ਏ ਡੀ ਸੀ ਰਾਜੀਵ ਕੁਮਾਰ, ਨਗਰ ਕੌਂਸਲ ਦੇ ਈ ਓ ਰਾਮ ਪ੍ਰਕਾਸ਼, ਏ ਐਮ ਈ ਵਲੋਂ ਇਸ ਮੌਕੇ ਤੇ ਭਰੋਸਾ ਦੇ ਕੇ ਧਰਨਾ ਖਤਮ ਕਰਵਾਇਆ ਗਿਆ।



## ਡਾਕਟਰ ਪੰਪੋਸ਼ ਦੀ ਮੌਤ ਦੇ ਮਾਮਲੇ ਦੀ ਸੀ ਬੀ ਆਈ ਤੋਂ ਜਾਂਚ ਕਰਵਾਈ ਜਾਵੇ-ਐਸ ਸੀ/ਬੀ ਸੀ ਅਧਿਆਪਕ ਯੂਨੀਅਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਐਸ ਸੀ/ ਬੀ ਸੀ ਅਧਿਆਪਕ ਯੂਨੀਅਨ ਪੰਜਾਬ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਮੀਤ ਪ੍ਰਧਾਨ ਦੇਸ ਰਾਜ ਨੌਰਦ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਦੇ ਨਾਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੂੰ ਡਾਕਟਰ ਪੰਪੋਸ਼ ਦੀ ਮੌਤ ਸੰਬਧੀ ਮੰਗ ਪੱਤਰ ਦਿੱਤਾ ਗਿਆ। ਇਸ ਦੇ ਨਾਲ ਹੀ ਡਾਕਟਰ ਪੰਪੋਸ਼ ਇਨਸਾਫ ਮੋਰਚਾ ਦੀ ਅਗਵਾਈ ਵਿੱਚ ਡਾਕਟਰ ਅਜੈ ਕੁਮਾਰ ਬਸਰਾ ਜੀ ਵਲੋਂ ਵੀ ਮੰਗ ਪੱਤਰ ਦਿੱਤਾ ਗਿਆ। ਡਾਕਟਰ ਅਜੈ ਕੁਮਾਰ ਬਸਰਾ ਤੇ ਪ੍ਰਧਾਨ ਦੇਸ਼ ਰਾਜ ਨੌਰਦ ਜੀ ਨੇ ਸਾਂਝੇ ਬਿਆਨ ਵਿੱਚ ਮੁੱਖ ਮੰਤਰੀ ਪੰਜਾਬ ਦੇ ਧਿਆਨ 'ਚ ਲਿਆਉਣ ਵਾਸਤੇ ਹੋਣਹਾਰ ਦਲਿਤ ਲੜਕੀ ਡਾਕਟਰ ਪੰਪੋਸ਼ ਜੋ ਕਿ ਗੁਰੂ ਰਾਮਦਾਸ ਮੈਡੀਕਲ ਕਾਲਜ/ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਐਮ ਬੀ ਬੀ ਐਸ ਕਰਨ ਉਪਰੰਤ ਇੰਟਰਨਸ਼ਿਪ ਕਰ ਰਹੀ ਸੀ। ਮਿਤੀ 08/03/2023 ਨੂੰ ਉਸਦੀ ਮ੍ਰਿਤਕ ਦੇਹ ਉਸਦੇ ਹੋਸਟਲ ਦੇ ਕਮਰੇ 'ਚ ਪੱਖੇ ਨਾਲ ਲਟਕਦੀ ਪਾਈ ਗਈ। ਜਿਸ ਪ੍ਰਤੀ ਪੁਲਿਸ ਥਾਣਾ ਅਮ੍ਰਿਤਸਰ (ਮਕਬੂਲਪੁਰਾ) ਵਿਖੇ ਮਿਤੀ 09/03/2023 ਨੂੰ ਐਫ ਐਚ ਆਰ ਨੰਬਰ 0055 ਵਿੱਚ 10 ਵਿਅਕਤੀਆਂ ਦੇ ਨਾਮ ਦਰਜ ਕੀਤੇ ਹਨ, ਪਰ ਅਜੇ ਤਕ ਇਨਸਾਫ ਨਹੀਂ ਮਿਲਿਆ। ਜਥੇਬੰਦੀ ਮੰਗ ਕਰਦੀ ਹੈ ਕਿ ਮ੍ਰਿਤਕਾ ਦੀ ਮੌਤ ਦੀ ਜਲਦੀ ਜਾਂਚ ਹੋਣੀ ਚਾਹੀਦੀ ਹੈ। ਮ੍ਰਿਤਕਾ ਦੇ ਵਾਰਿਸਾਂ ਨੂੰ ਘੱਟ ਤੋਂ ਘੱਟ ਰੁਪਏ 5 ਕਰੋੜ ਦਾ ਮੁਆਵਜਾ ਦਿੱਤਾ ਜਾਵੇ। ਮ੍ਰਿਤਕ ਡਾਕਟਰ ਪੰਪੋਸ਼ ਦੇ ਕਾਰਨਾਂ ਦੀ ਜਾਂਚ ਕਰਨ ਦਾ ਕੇਸ ਸੀ ਬੀ ਆਈ ਨੂੰ ਸੌਂਪਿਆ ਜਾਵੇ। ਇਸ ਮੌਕੇ ਤੇ ਰਿਟਾਇਰਡ ਪ੍ਰਿੰਸੀਪਲ ਧਰਮ ਪਾਲ, ਮਾਸਟਰ ਹਰਮੇਸ਼ ਲਾਲ, ਹਰਬਿਲਾਸ ਬੱਧਣ, ਸਾਬਕਾ ਡਿਪਟੀ ਡੀ ਈ ਓ ਛੋਟੂ ਰਾਮ, ਪਲਵਿੰਦਰ ਸਿੰਘ, ਪ੍ਰਗਟ ਸਿੰਘ ਸੀਂਹਮਾਰ, ਮਨਦੀਪ ਕੁਮਾਰ ਤਿੰਨੇ ਕਾਨੂੰਗੋ ਮੌਜੂਦ ਸਨ। ਇਹਨਾ ਤੋਂ ਇਲਾਵਾ ਜਥੇਬੰਦੀ ਦੇ ਹੋਰ ਸਾਥੀ ਵੀ ਹਾਜਰ ਸਨ।



## ਬਿਜਲੀ ਠੀਕ ਕਰਨ ਲਈ ਖੰਭੇ ’ਤੇ ਚੜ੍ਹੇ ਲਾਈਨਮੈਨ ਦੀ ਕਰੰਟ ਲੱਗਣ ਨਾਲ ਰੀੜ੍ਹ ਦੀ ਹੱਡੀ ਟੁੱਟੀ

ਪਾਵਰਕੌਮ ਵਿੱਚ ਲਾਈਨਮੈਨ ਲਖਬੀਰ ਸਿੰਘ ਦੀ ਰੀੜ੍ਹ ਦੀ ਹੱਡੀ ਦਾ ਮਣਕਾ ਟੁੱਟ ਜਾਣ ਕਰਕੇ ਹਾਲਤ ਨਾਜ਼ੁਕ ਬਣੀ ਹੋਈ ਹੈ ਜਿਸ ਕਰਕੇ ਉਸ ਨੂੰ ਇਲਾਜ਼ ਲਈ ਰਾਜਿੰਦਰਾ ਹਸਪਤਾਲ ਤੋਂ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਸੈਕਟਰ 32 ਚੰਡੀਗੜ੍ਹ ਰੈਫ਼ਰ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲਾਈਨ-ਮੈਨ ਲਖਬੀਰ ਸਿੰਘ ਸਰਹਿੰਦ ਡਵੀਜ਼ਨ ਅਧੀਨ ਆਉਂਦੀ ਸਬ ਡਵੀਜ਼ਨ ਚੌਰਵਾਲਾ ਵਿੱਚ ਬਤੌਰ ਲਾਈਨਮੈਨ ਕੰਮ ਕਰਦਾ ਹੈ। ਪਿਛਲੇ ਦਿਨੀਂ ਚੌਰਵਾਲਾ ਗਰਿੱਡ ਦੇ ਕੋਲ ਇੱਕ ਫ਼ੈਕਟਰੀ ਅੰਦਰ ਜਦੋਂ ਉਹ ਬਿਜ਼ਲੀ ਦੀ ਮੁਰੰਮਤ ਲਈ ਖੰਭੇ ਤੇ ਚੜ੍ਹਿਆ ਤਾਂ ਕਰੰਟ ਕੱਟਣ ਵਿੱਚ ਹੋਈ ਗੱਲਤੀ ਕਾਰਨ ਉਸਨੂੰ ਕਰੰਟ ਲੱਗ ਗਿਆ ਜਿਸ ਕਾਰਨ ਉਹ ਕਾਫ਼ੀ ਸੜ੍ਹ ਗਿਆ ਅਤੇ ਖੰਭੇ ਤੋਂ ਹੇਠਾਂ ਡਿਗਣ ਕਰਕੇ ਰੀੜ੍ਹ ਦੀ ਹੱਡੀ ਦਾ ਮਣਕਾ ਟੁੱਟ ਗਿਆ ਹੈ। ਲਖਵੀਰ ਸਿੰਘ ਨੇ ਦੱਸਿਆ ਕਿ ਉਸ ਨੂੰ ਬਿਜਲੀ ਵਿਭਾਗ ਦੇ ਹੀ ਇੱਕ ਹੋਰ ਅਧਿਕਾਰੀ ਨੇ ਫ਼ੋਨ ਕਰਕੇ ਕਹਿ ਦਿੱਤਾ ਸੀ ਕਿ ਲਾਇਨ ਕੱਟ ਦਿੱਤੀ ਗਈ ਹੈ ਪਰ ਲਾਈਨ ਅਜੇ ਕੱਟੀ ਨਹੀਂ ਸੀ ਜਿਸ ਕਰਕੇ ਇਹ ਹਾਦਸਾ ਵਾਪਰਿਆ ਹੈ। **– ਕੁਲਦੀਪ ਚੰਦ**



## ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦਾ ਚੋਣ ਅਜਲਾਸ ਹੋਇਆ

### ਸੁਰਿੰਦਰਪਾਲ ਬਣੇ ਜਥੇਬੰਦਕ ਮੁਖੀ ਚੁਣੇ; ਮਾਸਟਰ ਪਰਮਵੇਦ ਸੂਬਾ ਚੋਣ ਅਜਲਾਸ ਲਈ ਡੈਲੀਗੇਟ ਹੋਣਗੇ

**ਸੰਗਰੂਰ, (ਦਲਜੀਤ ਕੌਰ)–** ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦਾ ਚੋਣ ਅਜਲਾਸ ਇਕਾਈ ਦੇ ਜਥੇਬੰਦਕ ਮੁਖੀ ਸੁਰਿੰਦਰ ਪਾਲ ਦੀ ਪ੍ਰਧਾਨਗੀ ਤੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਜਮਹੂਰੀ ਅਧਿਕਾਰ ਸਭਾ ਜਿਲਾ ਸੰਗਰੂਰ ਦੇ ਪ੍ਰਧਾਨ



ਸਵਰਨਜੀਤ ਸਿੰਘ ਦੀ ਨਿਗਰਾਨੀ ਵਿੱਚ ਆਦਰਸ਼ (ਮਾਡਲ) ਸਸ ਸਕੂਲ ਵਿਖੇ ਸੰਗਰੂਰ ਵਿਖੇ ਹੋਇਆ। ਸਭ ਤੋਂ ਪਹਿਲਾਂ ਸੁਰਿੰਦਰਪਾਲ ਵੱਲੋਂ ਨਵੇਂ ਮੈਂਬਰਾਂ ਨਾਲ ਜਾਣ ਪਛਾਣ ਕਰਾਈ ਗਈ ਇਸ ਉਪਰੰਤ ਉਨ੍ਹਾਂ ਦੋ ਸਾਲਾਂ ਦੀ ਕਾਰਗੁਜਾਰੀ ਰਿਪੋਰਟ ਪੇਸ਼ ਕੀਤੀ। ਵਿਚਾਰ ਵਟਾਂਦਰਾ ਕਰਨ ਉਪਰੰਤ ਕਾਰਗੁਜ਼ਾਰੀ ਰਿਪੋਰਟ ਨੂੰ ਪਾਸ ਕੀਤਾ ਗਿਆ। ਇਸ ਤੋਂ ਬਾਅਦ ਪਹਿਲੀ ਕਾਰਜਕਾਰਨੀ ਨੂੰ ਭੰਗ ਕਰਕੇ 2023-25 ਦੋ ਸਾਲਾਂ ਲਈ ਨਵੀਂ ਕਾਰਜਕਾਰਨੀ ਨੂੰ ਸਰਵਸੰਮਤੀ ਨਾਲ ਚੁਣਿਆ ਗਿਆ।

ਨਵੀਂ ਟੀਮ ਵਿੱਚ ਸੁਰਿੰਦਰਪਾਲ ਨੂੰ ਮੁੜ ਜਥੇਬੰਦਕ ਮੁਖੀ ਦੀ ਜਿਮੇਵਾਰੀ ਸੌਂਪੀ ਗਈ, ਵਿੱਤ ਵਿਭਾਗ ਦੀ ਜਿਮੇਵਾਰੀ ਕ੍ਰਿਸ਼ਨ ਸਿੰਘ, ਮੀਡੀਏ ਦੀ ਜਿਮੇਵਾਰੀ ਚਰਨ ਕਮਲ ਸਿੰਘ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਦੀ ਜਿਮੇਵਾਰੀ ਗੁਰਦੀਪ ਸਿੰਘ ਲਹਿਰਾ ਤੇ ਸਭਿਆਚਾਰਕ ਵਿਭਾਗ ਦੀ ਜਿਮੇਵਾਰੀ ਪ੍ਰਗਟ ਸਿੰਘ ਬਾਲੀਆਂ ਨੂੰ ਸੌਂਪੀ ਗਈ, ਸਭਿਆਚਾਰਕ ਵਿਭਾਗ ਵਿੱਚ ਪਰਮਜੀਤ ਕੌਰ ਨੂੰ ਸਹਾਇਕ ਵਜੋਂ ਲਿਆ। ਇਸ ਦੇ ਨਾਲ ਹੀ ਜੋਨ ਤੇ ਸੂਬਾ ਚੋਣ ਅਜਲਾਸ ਵਿੱਚ ਭਾਗ ਲੈਣ ਲਈ ਚਾਰ ਡੈਲਗੇਟ ਮਾਸਟਰ ਪਰਮਵੇਦ, ਜਸਦੇਵ ਸਿੰਘ, ਸੀਤਾ ਰਾਮ, ਚਰਨ ਕਮਲ ਸਿੰਘ ਨੂੰ ਚੁਣਿਆ ਗਿਆ। ਇਸ ਅਜਲਾਸ ਵਿੱਚ ਇਕਾਈ ਦੇ 26 ਮੈਂਬਰਾਂ ਤੋਂ ਇਲਾਵਾ ਸੁਨਾਮ ਇਕਾਈ ਦੇ ਜਥੇਬੰਦਕ ਮੁਖੀ ਦੇਵਿੰਦਰ ਸਿੰਘ, ਵਿੱਤ ਮੁਖੀ ਪਦਮ ਕੁਮਾਰ, ਮੈਂਬਰ ਪਵਨ ਕੁਮਾਰ ਤੇ ਆਦਰਸ਼ ਸਕੂਲ ਸੰਗਰੂਰ ਦੇ ਪ੍ਰਿੰਸੀਪਲ ਜੋਗਾ ਸਿੰਘ ਨੇ ਸ਼ਮੂਲੀਅਤ ਕੀਤੀ। ਇਕਾਈ ਵਿੱਚ ਚਾਰ ਇਸਤਰੀ ਮੈਂਬਰ ਸੁਨੀਤਾ ਰਾਣੀ, ਦੇਵਿੰਦਰ ਕੌਰ, ਪਰਮਜੀਤ ਕੌਰ ਤੇ ਵਨੀਤਾ ਨੇ ਨਵੀਂ ਮੈਂਬਰਸ਼ਿਪ ਲੈ ਕੇ ਸ਼ਮੂਲੀਅਤ ਕੀਤੀ।

ਅੱਜ ਦੇ ਚੋਣ ਅਜਲਾਸ ਵਿੱਚ ਉਪਰੋਕਤ ਤੋਂ ਇਲਾਵਾ ਸੁਖਦੇਵ ਸਿੰਘ, ਧਰਮਵੀਰ ਸਿੰਘ, ਚਮਕੌਰ ਸਿੰਘ ਮਹਿਲਾਂ, ਗੁਰਜੰਟ ਸਿੰਘ, ਤਰਸੇਮ ਚੰਦ, ਰਘਵੀਰ ਸਿੰਘ, ਸੁਭਾਸ਼ ਚੰਦ, ਪ੍ਰਹਿਲਾਦ ਸਿੰਘ, ਰਮੇਸ਼ ਕੁਮਾਰ, ਰਣਜੀਤ ਸਿੰਘ, ਪਰਮਿੰਦਰ ਸਿੰਘ, ਰਾਮਸਰੂਪ, ਅਮਰ ਸਿੰਘ ਨੇ ਭਾਗ ਲਿਆ। ਚੋਣ ਅਜਲਾਸ ਅਤੀ ਭਾਵਪੂਰਤ ਤੇ ਪ੍ਰਭਾਵਸ਼ਾਲੀ ਹੋ ਨਿਬੜਿਆ। ਆਗੂਆਂ ਨੇ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਮਾਸਟਰ ਪਰਮਵੇਦ ਨੇ ਦੱਸਿਆ ਕਿ ਲੋਕਾਂ ਵਿੱਚ ਸੁਸਾਇਟੀ ਦੇ ਮੈਂਬਰ ਬਣਨ ਲਈ ਕਾਫੀ ਉਤਸ਼ਾਹ ਸੀ।

# ਪੰਜਾਬੀ ਯੂਨੀਵਰਸਿਟੀ ਵਲੋਂ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਦੀ ਪ੍ਰਕ੍ਰਿਆ ਠੰਡੇ ਬਸਤੇ 'ਚ ਕਿਉਂ?

ਪਿਛਲੇ ਸਾਲ ਸ਼ੁਰੂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਅਧੀਨ ਚਲ ਰਹੇ ਕੰਸਟੀਚਿਊਟ ਕਾਲਜਾਂ ਵਿੱਚ 6 ਪ੍ਰਿੰਸੀਪਲ ਅਤੇ 133 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੱਕੀਆਂ ਆਸਾਮੀਆਂ ਲਈ ਵਿਗਿਆਪਨ ਦਿੱਤਾ ਗਿਆ। ਯੋਗ ਉਮਦਿਵਾਰਾਂ ਵਿੱਚ ਅਪਲਾਈ ਕਰਨ ਵੇਲੇ ਬੜਾ ਉਤਸ਼ਾਹ ਵੇਖਿਆ ਗਿਆ। ਖੋਜ-ਪੱਤਰਾਂ, ਕਿਤਾਬਾਂ, ਪੇਪਰ ਰੀਡਿੰਗ ਆਦਿ ਥੱਬਾ-ਥੱਬਾ ਦਸਤਾਵੇਜ਼ ਕਿਲੋਆਂ 'ਚ ਵੀ ਜਮ੍ਹਾਂ ਕਰਵਾਏ ਕਿ ਕੰਮ ਹੁਣ ਬਣਿਆ ਸਮਝੋ । ਅਪਲਾਈ ਕਰਨ ਦੀ ਆਖਰੀ ਤਾਰੀਖ 14 ਜਨਵਰੀ 2022 ਸੀ ਅਤੇ ਅਰਜ਼ੀ ਫੀਸ ਐਸ.ਟੀ. /ਐਸ.ਸੀ./ ਬੀ.ਸੀ. ਲਈ 750 ਰੁ: ਪਲੱਸ ਜੀ. ਐਸ. ਟੀ. ਕੁਲ 885 ਰੁ:, ਐਕਸ-ਸਰਵਿਸਮੈਨ / ਈ .ਡਬਲਿਯੂ . ਐਸ . ਲਈ 590 ਰੁ: (ਸਮੇਤ ਜੀ.ਐਸ.ਟੀ.) ਅਤੇ ਜਨਰਲ / ਦੂਜੀਆਂ ਸ੍ਰੇਣੀਆਂ ਲਈ (1770 ਰੁ: ਸਮੇਤ ਟੈਕਸ) ਰੱਖੀ ਗਈ ਜਿਸ ਨਾਲ ਲੱਖਾਂ ਰੁਪਿਆ ਯੂਨੀਵਰਸਿਟੀ ਕੋਲ ਜਮ੍ਹਾਂ ਹੋਇਆ । ਇਹ ਸਾਰਾ ਕੁਝ ਯੂ.ਜੀ.ਸੀ. ਗਾਈਡ ਲਾਈਨਜ਼ ਅਨੁਸਾਰ ਕਰਨ ਦੀ ਗੱਲ ਕੀਤੀ ਗਈ। ਆਸ ਸੀ ਨਵੇਂ ਆਏ ਵੀ .ਸੀ. ਨੇ ਸਿਖਿਆ ਸੁਧਾਰ ਲਈ ਇਨ੍ਹਾਂ ਕਾਲਜਾਂ ਉਸੇ ਸ਼ੈਸ਼ਨ ਦੌਰਾਨ ਭਰਤੀ ਕਰ ਜਾਵੇਗੀ ਪਰ ਊਠ ਦਾ ਬੁੱਲ੍ਹ ਲਟਕਦਾ ਹੀ ਰਹਿ ਗਿਆ। ਇਸ ਤਰ੍ਹਾਂ ਦੇ ਕਦਮ ਨੋਜਵਾਨਾਂ ਅੰਦਰ ਨਿਰਾਸ਼ਾ ਪੈਦਾ ਕਰਨ ਤੋਂ ਇਲਾਵਾ ਹੋਰ ਕੀ ਕਰਨਗੇ।

ਆਪ ਸਰਕਾਰ ਨੂੰ ਵੀ ਇਸ ਬਾਰੇ ਲੌੜੀਂਦੇ ਫੰਡ ਜਾਰੀ ਕਰਨ 'ਚ ਝਿਜਕ ਨਹੀਂ ਕਰਨੀ ਚਾਹੀਦੀ । ਉਚੇਰੀ ਸਿੱਖਿਆ ਮੰਤਰੀ ਉਚੇਰੀ ਸਿਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਗੰਭੀਰ ਹਨ ਸੋ ਉਨ੍ਹਾਂ ਨੂੰ ਵੀ ਇਸ ਮਾਮਲੇ ਜਲਦੀ ਤੋਂ ਜਲਦੀ ਭਰਤੀ ਪ੍ਰਕ੍ਰਿਆ ਸ਼ੁਰੂ ਕਰਾਉਣ 'ਚ ਆਪਣਾ ਬਣਦਾ ਰੋਲ ਅਦਾ ਕਰਨਾ ਚਾਹੀਦਾ ਹੈ। ਯੂਨੀਵਰਸਿਟੀ ਨੇ ਇਨ੍ਹਾਂ ਕਾਲਜਾਂ ਨੂੰ ਸ਼ੁਰੂ ਕਰਕੇ ਪੇਂਡੂ ਖੇਤਰ ਵਿੱਚ ਵਿੱਦਿਆ ਦੇ ਪਾਸਾਰ ਕਰਨ ਲਈ ਉਪਰਾਲਾ ਕੀਤਾ ਸੀ ਜਿਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਅਤੇ ਖਾਸ ਕਰਕੇ ਪੇਂਡੂ ਲੜਕੀਆਂ ਲਈ ਲਾਹੇਵੰਦ ਹਨ । ਪਰ ਇਨ੍ਹਾਂ ਕਾਲਜਾਂ ਅੰਦਰ ਸਟਾਫ ਦੀ ਕਮੀ ਰੜਕ ਰਹੀ ਹੈ ਜਿਸ ਨਾਲ ਮਿਆਰੀ ਸਿੱਖਿਆ ਨੋਜਵਾਨਾਂ ਨੂੰ ਨਹੀਂ ਮਿਲ ਰਹੀ। ਹਜ਼ਾਰਾਂ ਯੋਗ ਬੇਰੁਜ਼ਗਾਰ ਉੱਚ ਡਿਗਰੀਆਂ, ਤਜ਼ਰਬੇ ਆਦਿ ਚੁੱਕੀਂ ਫਿਰਦੇ ਹਨ। ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਕਾਹਲੀ ਨਾਲ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਮੁਕੰਮਲ ਕਰਕੇ ਨਿਯੁਕਤੀ ਪੱਤਰ ਦੇਣੇ ਸ਼ੁਰੂ ਕਰ ਦਿੱਤੇ ਸੀ ਪਰ ਇਹ ਭਰਤੀ ਮਾਨਯੋਗ ਹਾਈ ਕੋਰਟ ਨੇ ਸਟੇਅ ਕਰਕੇ ਬਾਅਦ 'ਚ ਭਰਤੀ ਰੱਦ ਕਰਨ ਦਾ ਫੈਸ਼ਲਾ ਸੁਣਾ ਦਿੱਤਾ ਸਰਕਾਰ ਨੇ ਹੁਣ ਡਬਲ ਬੈਂਚ 'ਚ ਅਪੀਲ ਪਾਈ ਹੋਈ ਦੇਖੋ ਸਰਕਾਰ ਦੀ ਕੀ ਕਾਮਯਾਬੀ ਹੁੰਦੀ ਹੈ।

ਹਾਲ ਦੀ ਘੜੀ ਪੰਜਾਬ ਅੰਦਰ ਸਰਕਾਰੀ ਅਤੇ ਕੰਸਟੀਚਿਊਟ ਕਾਲਜਾਂ ਦੀ ਸਥਿਤੀ ਡਾਵਾਂ ਡੋਲ ਹੀ ਹੈ। ਇਨ੍ਹਾਂ ਕਾਲਜਾਂ ਦੀਆਂ ਖਾਲੀ ਪੋਸਟਾਂ ਭਰਨ ਦੇ ਇਸ਼ਤਿਹਾਰ ਜਦੋਂ ਦਿੱਤੇ ਜਾਂਦੇ ਹਨ ਤਾਂ ਕੌਝਾ ਮਜ਼ਾਕ ਹੀ ਲੱਗਦਾ ਹੁੰਦਾ ਜਦੋਂ ਤਨਖਾਹ ਸਿਰਫ ਪੰਦਰਾਂ ਹਜ਼ਾਰ ਰੁ: ਨਾਲ ਐਡਹਾਕ, ਕਿਸੇ ਸਮੇਂ ਕੱਢਣ ਦੀ ਗੱਲ, ਪੂਰਾ ਸ਼ੈਸ਼ਨ ਵੀ ਤਨਖਾਹ ਮਿਲਦੀ ਕੁਝ ਮਹੀਨੇ ਛੁੱਟੀ ਕਰ ਦਿੱਤੀ ਜਾਂਦੀ ਹੈ। ਇੱਕ ਚਪੜਾਸੀ ਵੀ ਪ੍ਰੋਫੈਸਰਾਂ ਤੋਂ ਵੱਧ ਤਨਖਾਹ ਲੈਂਦਾ ਹੈ, ਇਹ ਸਾਡੇ ਲਈ ਵੀ ਸੋਚਣ ਵਾਲੀ ਗੱਲ ਹੈ, ਇਹ ਮੁੱਦੇ ਨੂੰ ਸਾਡੇ ਰਾਜਨੀਤਕ ਨੁਮਾਇੰਦਿਆਂ ਨੂੰ ਵਿਧਾਨ ਸਭਾ/ ਲੋਕਾਂ 'ਚ ਉਠਾਉਣਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਵੀ ਅੱਖਾਂ ਮੀਚ ਕੇ ਸਮਾਂ ਲੰਘਾਉਣ ਦੀ ਨੀਤੀ ਅਪਣਾਉਂਦੀਆਂ ਹਨ, ਸਿਰਫ ਵੋਟਾਂ ਵੇਲੇ ਲੋਕਾਂ ਨੂੰ ਸਬਜ਼ਬਾਗ ਦਿੰਦੀਆਂ ਹਨ। ਸੋ ਪੰਜਾਬੀ ਯੂਨੀਵਰਸਿਟੀ ਨੂੰ ਇਸ ਬਾਰੇ ਸਪਸ਼ਟ ਕਰਨਾ ਚਾਹੀਦਾ ਹੈ ਕਿ ਇਹ ਭਰਤੀ ਕਿਉਂ ਨਹੀਂ ਹੋ ਰਹੀ, ਕਿਹੜਾ ਅੜਿੱਕਾ ਲੱਗ ਗਿਆ, ਇਹ ਦੂਰ ਕਿਵੇਂ ਹੋਵੇਗਾ, ਜਿਸ ਭਰਤੀ ਨੂੰ ਬੇਸਬਰੀ ਨਾਲ ਯੋਗ ਉਮੀਦਵਾਰ ਉਡੀਕ ਰਹੇ ਹਨ।



ਮੇਜਰ ਸਿੰਘ ਨਾਭਾ
91-94635-53962

# ਕੀ ਨਾਂ ਰੱਖੀਏ ਸ਼ਬਦਾਂ ਸਤਰਾਂ ਦਾ

ਡਾ ਅਮਰਜੀਤ ਟਾਂਡਾ
ਡਾਇਰੈਕਟਰ, "ਵਿਸ਼ਵ ਪੰਜਾਬੀ ਸਾਹਿਤ ਪੀਠ"

ਬਾਬਾ ਨਾਨਕ ਇਕ ਸ਼ਾਇਰ ਸੀ ਸੂਰਜ ਦੇ ਸਿਰਨਾਵੇਂ ਵਰਗਾ। ਉਹਦੀ ਗੁਰ ਵਾਕਾਂ ਵਿਚ ਲਿਖੀ ਛਪੀ ਕਵਿਤਾ ਦੇ ਦੁਨੀਆਂ ਭਰ ਵਿੱਚ ਅਨੇਕਾਂ ਪਾਠਕ ਆਸ਼ਕ ਹਨ। ਰਾਤ ਦਿਨ ਉਹਨੂੰ ਪੜ੍ਹਦੇ ਸਿਜਦੇ ਕਰਦੇ ਹਨ।

ਕਵਿਤਾ ਨੂੰ ਆਲਮ ਦੀ ਸੱਚੀ ਸੁੱਚੀ ਮਹਾਨ ਰਚਨਾ ਕਹੋ। ਇਸ ਦਾ ਪਾਠਕ ਚੁੱਪ ਕਿਉਂ ਰਹੇਗਾ ਸਗੋਂ ਵਾਹ ਵਾਹ ਵਾਰ ਵਾਰ ਕਰੇਗਾ।

ਜਿਵੇਂ ਖੂਬਸੂਰਤ ਕੁੜੀ ਔਰਤ ਨੂੰ ਤੱਕ ਲੋਕ ਕਵੀ ਚਿਤ੍ਰਕਾਰ ਚਿਤਰਦੇ ਲਿਖ ਦਿੰਦੇ ਹਨ।

ਹਰ ਮਹਿਫ਼ਲ ਵਿੱਚ ਖੂਬਸੂਰਤ ਕਵਿਤਾ ਗੀਤ ਦੀ ਹੀ ਵਧੀਆ ਪੇਸ਼ਕਾਰੀ ਹੀ ਪ੍ਰਧਾਨ ਹੁੰਦੀ ਹੈ। ਜਿਵੇਂ ਹੀਰ ਪਛਾਣਦੇ ਨੇ ਗਭਰੇਟ ਹਵਾ ਦੇ ਬੁੱਲੇ।

ਵਧੀਆ ਕਵਿਤਾ ਹੀ ਦੁਨੀਆਂ ਦੇ ਰੰਗਾਂ ਵਿਚ ਰੰਗੀਨੀਆਂ ਭਰਦੀ ਹੈ।

ਘਟੀਆ ਕਵਿਤਾ ਜਾਂ ਕਰੂਪ ਚਿਹਰੇ ਨੂੰ ਘੱਟ ਹੀ ਸਲਾਹਿਆ ਜਾਵੇਗਾ। ਸ਼ਬਦਾਂ ਦਾ ਸ਼ੋਰ ਜਿੰਨਾ ਚਿਰ ਵਧਦਾ ਰਹੇਗਾ ਓਨਾ ਚਿਰ ਇਹ ਰੌਲਾ ਰੱਪਾ ਪੈਂਦਾ ਹੀ ਰਹੇਗਾ।

ਫਿਲਮ ਹਿੱਟ ਸਟੋਰੀ ਡਾਇਲਾਗ ਡਿਲਿਵਰੀ, ਕਲਾਕਾਰ ਦੀ ਕਲਾਕਾਰੀ ਨਾਲ ਹਿੱਟ ਹੋ ਸਕਦੀ ਹੈ। ਚੰਗੀਆਂ ਫ਼ਿਲਮਾਂ ਮੁਗਲੇ ਆਜ਼ਮ ਪਾਕੀਜ਼ਾ ਸ਼ੋਲੇ ਬਾਹੂ ਬਲੀ ਅਜੇ ਵੀ ਬਣ ਰਹੀਆਂ ਹਨ ਬਣਦੀਆਂ ਵੀ ਰਹਿਣਗੀਆਂ। ਘਟੀਆ ਫਿਲਮ ਅਦਾਕਾਰੀ ਝੱਟ ਹੀ ਫਲਾਪ ਹੁੰਦੀ ਰਹੇਗੀ।

ਵਧੀਆ ਕਵਿਤਾ ਅਜੇ ਵੀ ਲਿਖੀ ਜਾ ਰਹੀ ਹੈ ਤੇ ਲਿਖੀ ਵੀ ਜਾਂਦੀ ਰਹੇਗੀ।

ਰੌਲ਼ੇ ਹੇਠ ਅਜੋਕੀ ਧੜਾ ਧੜ ਲਿਖੀ ਜਾ ਰਹੀ ਕਵਿਤਾ ਮੂੰਹ ਛੁਪਾਈ ਫਿਰ ਰਹੀ ਹੈ। ਵਿਚਾਰੀ ਕਹਿੰਦੀ ਫਿਰਦੀ ਹੈ ਕਿ ਮੈਂ ਤਾਂ ਇਹੋ ਜਿਹੀ ਬਿਲਕੁਲ ਹੀ ਨਹੀਂ ਸੀ ਹੁੰਦੀ। ਮੇਰਾ ਤਾਂ ਇਹ ਚਿਹਰਾ ਮੂੰਹ ਮੁਹਾਂਦਰਾ ਹੀ ਬਿਲਕੁਲ ਨਹੀਂ ਸੀ ਹੁੰਦਾ।

ਵੱਡਾ ਵਹਿਮ ਇਹ ਵੀ ਹੈ ਕਿ ਕੋਈ ਕਵੀ ਕਵਿਤਰੀ ਲੇਖਕ ਆਪਣੇ ਆਪ ਨੂੰ ਝੱਟ ਵੱਡਾ ਹੀ ਸਮਝਣ ਲੱਗ ਜਾਂਦਾ ਹੈ। ਅਖਬਾਰਾਂ ਮੈਗਜੀਨ ਤੇ ਹੁਣ ਵੈਬਨਾਰ ਕਵੀ ਦਰਬਾਰਾਂ ਨੇ ਹੋਰ ਵਹਿਮ ਪਾਲ ਦਿੱਤੇ ਹਨ। ਇਕ ਕਵਿਤਾ ਛਪੀ ਜਾਂ ਪੜੀ ਨਹੀਂ। ਬਸ ਗ਼ਾਲਿਬ ਇਕਬਾਲ ਜ਼ਿਬਰਾਨ ਗੁਲਜ਼ਾਰ ਜਾਵੇਦ ਅਖ਼ਤਰ ਦਾ ਹੀ ਭਾਣਜਾ ਬਣ ਬੈਠਦਾ ਹੈ।

ਵਧੀਆ ਪੜ੍ਹ ਚੰਗਾ ਲਿਖਣਾ ਪਏਗਾ ਪਹਿਲੀ ਕਤਾਰ ਵਿਚ ਖੜ੍ਹਨ ਲਈ।

ਦਲੀਪ ਕੁਮਾਰ ਅਮੀਤਾਬ ਬਚਨ ਬਣਨਾ ਪਵੇਗਾ। ਟ੍ਰੇਨਿੰਗ ਲੈ ਪਰੈਕਟਿਸ ਕਰ। ਕਿਰਦਾਰ ਵਿੱਚ ਡੁੱਬ।

ਇਨ੍ਹਾਂ ਸਵਾਲਾਂ ਦਾ ਮੇਰੇ ਕੋ਼ਲ ਸਪਸ਼ਟ ਜਵਾਬ ਹਨ।

ਤੱਕਲੇ ਦਾ ਹਰ ਤੰਦ ਕੱਪੜਾ ਤਾਂ ਬਣ ਸਕਦਾ ਹੈ ਪਰ ਸੁੰਦਰ ਸੂਟ ਦਾ ਕੱਪੜਾ ਸੁਹੱਪਣਤਾ ਵਿਲੱਖਣ ਤੰਦਾਂ ਹੀ ਬਣਦੀਆਂ ਹਨ ਬ੍ਰਹਿਮੰਡਕ ਅਟੇਰਨ ਤੇ ਨੱਚਦੀਆਂ ਹੋਈਆਂ।

ਮਾਂ ਵਰਗੇ ਆਲਮ ਦੇ ਗੀਤਾਂ ਨਾਲ ਗਲੋਟੇ ਬਣੀਆਂ।

ਚਰਖ਼ੇ ਦੇ ਸੰਗੀਤ ਚੋਂ ਜਨਮੀਆਂ।

ਹਰ ਲਿਖਣ ਵਾਲਾ ਲੇਖਕ ਨਹੀਂ ਹੋ ਸਕਦਾ।

ਹਰ ਕੁੜੀ ਸੋਹਣੀ ਤਾਂ ਹੋ ਸਕਦੀ। ਪਰ ਵਹੁਟੀ ਨਹੀਂ ਕਦੇ ਬਣ ਸਕਦੀ। ਕੱਪੜਿਆਂ ਵਿਚ ਭਾਵੇਂ ਲੱਗੇ ਜਾਂ ਦਿਸੇ। ਸ਼ਿੰਗਾਰ ਕਰਕੇ ਹੀ ਵਹੁਟੀ ਬਣੇਗੀ।

ਹੀਰ ਨੂੰ ਹਾਰ ਸ਼ਿੰਗਾਰ ਵੀ ਨਹੀਂ ਲੋੜੀਂਦਾ

ਪਛਾਨਣ 'ਚ ਵੀ ਦੇਰ ਨਹੀਂ ਲੱਗਦੀ ਸੋਹਣੀ ਨੂੰ

ਕਸੂਰ ਤਾਂ ਦੇਖਣ ਵਾਲੀਆਂ ਨਜ਼ਰਾਂ ਦਾ ਹੁੰਦਾ ਹੈ।

ਇੱਕ ਚੰਗੇ ਲੇਖਕ ਨੂੰ ਕੀ ਚੰਗਾ ਬਣਾਉਂਦਾ ਹੈ?

ਇੱਕ ਪ੍ਰਭਾਵਸ਼ਾਲੀ ਵਧੀਆ ਲੇਖਕ ਉਹ ਗਿਣਿਆ ਜਾਵੇਗਾ ਜਿਹੜਾ, ਗੁੰਝਲਦਾਰ ਵਿਚਾਰਾਂ ਨੂੰ ਸਰਲ, ਸਪਸ਼ਟ ਭਾਸ਼ਾ ਵਿੱਚ ਬਦਲਣ ਚ ਤੇ ਪੇਸ਼ ਕਰਨ ਵਿਚ ਸਮਰੱਥ ਹੋਵੇ।

ਵਧੀਆ ਪੇਂਟਰ ਵਾਂਗ।

ਨਿਪੁੰਨ ਕਾਰੀਗਰ ਵਾਂਗੂੰ।

ਕਵਿਤਾ ਲਿਖਣੀ ਤੇ ਫਿਰ ਕਿਤਾਬ ਛਪਾਉਣ ਲਈ ਸੋਚਣਾ ਵੀ ਇਕ ਆਪਣਾ ਕੱਦ ਮਿਆਰ ਮਿਣਨ ਮੁਤਾਬਿਕ ਹੁੰਦਾ ਹੈ। ਜਾਂ ਕਹੋ ਕਿ ਤਿਆਰ ਹੋ ਸ਼ੀਸ਼ੇ ਵਿਚ ਵਾਰ ਵਾਰ ਵੇਖਣਾ ਸ਼ਿੰਗਾਰਨਾ।

ਸੋਹਣੀਆਂ ਔਰਤਾਂ ਨੂੰ ਭਾਵੇਂ ਬਹੁਤੇ ਹਾਰ ਸ਼ਿੰਗਾਰ ਦੀ ਜ਼ਰੂਰਤ ਨਹੀਂ ਹੁੰਦੀ ਫਿਰ ਵੀ ਉਹ ਵਧ ਸਜ ਕੇ ਵਿਆਹ ਸ਼ਾਦੀ ਜਾਂ ਪ੍ਰੋਗਰਾਮ ਤੇ ਜਾਣਾ ਪਸੰਦ ਕਰਨਗੀਆਂ। ਸਾਰੇ ਇਕੱਠ ਮਹਿਫ਼ਲ ਵਿੱਚ ਸਾਰਿਆਂ ਦੀਆਂ ਨਜ਼ਰਾਂ ਉਸ ਸੋਹਣੀ ਵੱਲ ਹੀ ਜਾਣਗੀਆਂ। ਤੇ ਟਿਕਣਗੀਆਂ।

ਪ੍ਰੋਗਰਾਮਾਂ ਤੇ ਫ਼ਿਲਮਾਂ ਵਿਚ ਗਾਇਕਾਂ ਵਿਚ ਸਿਆਣੇ ਲੋਕ ਵਧੀਆ ਪੇਸ਼ਕਾਰੀ ਨੂੰ ਹੀ ਪਸੰਦ ਕਰਨਗੇ। ਜਿਵੇਂ ਖਾਣਿਆਂ ਤੇ ਸਿਆਣੇ ਲੋਕ ਸੀਲਿਕਟਡ ਹੀ ਖਾਣਾ ਚੁਣਨਗੇ।

ਜੇ ਸੰਸਾਰ ਨੂੰ ਬੜਾ ਕੁਝ ਠੋਸ ਅਤੇ ਮਜ਼ਬੂਤ ਚਾਹੀਦਾ ਹੈ ਤਾਂ ਉਸ ਨੂੰ ਪੰਛੀ ਦੇ ਚਹਿਚਹਾਉਣ ਅਤੇ ਚਿੱਤ ਨੂੰ ਕੋਮਲ ਬਣਾਈ ਰੱਖਣ ਵਾ਼ਲੀ ਕਵਿਤਾ ਵੀ ਤਾਂ ਚਾਹੀਦੀ ਹੋਵੇਗੀ!

ਸ਼ਹਿਦ ਦੀਆਂ ਮੱਖੀਆਂ ਪੋਰਨ ਨੈਕਟਰ ਵਾਲੇ ਬੂਟੇ ਤੇ ਹੀ ਵਾਰ ਵਾਰ ਆਉਣਗੀਆਂ। ਉਹਨਾਂ ਕੀ ਲੈਣਾ ਨੰਗੇ ਪੱਤਿਆਂ ਤੋਂ।

ਸੁੱਟੇ ਵੱਟਿਆਂ ਦੀ ਵੱਧ ਆਵਾਜ਼ ਹੁੰਦੀ ਹੈ ਪਰ ਸੁਣਨਾ ਕੋਈ ਨਹੀਂ ਪਸੰਦ ਕਰੇਗਾ। ਪਰ ਫੁੱਲ ਪੱਤੀਆਂ ਦੀ ਦਿੱਖ ਹੀ ਸੋਹਣੀ ਹੁੰਦੀ ਹੈ। ਉਹਦੀ ਆਵਾਜ਼ ਨਹੀਂ ਸੁਣੀਂਦੀ।

ਸੋਹਣੀ ਮੁਟਿਆਰ ਦੀ ਚੁੱਪ ਵੀ ਬੋਲੇਗੀ। ਉਹਦੀ ਤੱਕਣੀ ਤਾਂ ਜਾਨ ਕੱਢ ਲੈਂਦੀ ਹੈ।

ਵਧੀਆ ਪੜ੍ਹ ਕੇ ਉਮਦਾ ਸਤਰਾਂ ਵਿਚ ਉਣੀ ਨਜ਼ਮ ਹੀ ਵਧੀਆ ਸਿੱਧ ਹੋਵੇਗੀ।

ਸੁੰਦਰ ਅਨੋਖੀਆਂ ਪੱਤੀਆਂ ਦੀਆਂ ਅਵਾਜ਼ਾਂ ਨਹੀਂ ਹੁੰਦੀਆਂ ਨਾ ਹੋਣਗੀਆਂ ਕਦੇ। ਪਰ ਉਹਨਾਂ ਦੀ ਖੂਬਸੂਰਤੀ ਮਨ ਦੀਆਂ ਗਹਿਰਾਈਆਂ ਤੱਕ ਕੰਪਨ ਛੇੜਦੀ ਰਹੇਗੀ। ਸੁਨੱਖੇ ਗੀਤ ਵਰਗੇ ਮੁੰਡੇ ਵਾਂਗ ਖਿੱਚਣਗੇ ਕੁੜੀਆਂ ਨੂੰ ਵੀ।

ਨਜ਼ਮਾਂ ਕਵਿਤਾਵਾਂ ਦੀਆਂ ਵੰਨਗੀਆਂ ਨਵੀਂਆਂ ਕਿਤਾਬਾਂ ਦੇ ਰੂਪਾਂ ਵਿੱਚ ਨਿੱਤ ਛਪ ਰਹੀਆਂ ਹਨ, ਛਪਦੀਆਂ ਵੀ ਰਹਿਣਗੀਆਂ। ਜੇ ਕੁੜੀ ਸੋਹਣੀ ਸਿਆਣੀ ਹੋਈ ਤਾਂ ਲੱਡੂ ਵਰਤਣਗੇ। ਮੂੰਹ ਮਿੱਠੇ ਹੋਣਗੇ ਸਾਰਿਆਂ ਦੇ।

ਨਾ ਪਸੰਦ ਆਈ ਤਾਂ ਮੁੰਡੇ ਵਾਲੇ ਨੱਕ ਚਾੜਦੇ ਛੱਡ ਨਾਂਹ ਘੱਲ ਦੇਣਗੇ।

ਲੋਕ ਬਹੁਤ ਘੱਟ ਪੜ੍ਹਦੇ ਹਨ ਪਰ ਚੁਣ ਚੁਣ ਪਸੰਦ ਕਰਕੇ। ਮੈਨੂੰ ਤਾਂ ਇਹ ਗੱਲ ਵਧੀਆ ਲੱਗਦੀ ਹੈ।

ਘਟੀਆ ਪੇਸ਼ਕਾਰੀ ਕਿਉਂ ਦੇਖੀ ਜਾਵੇ?

ਕਿਉਂ ਪੜ੍ਹਨ ਲੋਕ ਨੀਵੀਂ ਪੱਧਰ ਦੀ ਲਿਖਤ?

ਤੁਸੀਂ ਖ਼ਰਾਬ ਸੇਬ ਕੇਲੇ ਕਿਉਂ ਖਰੀਦੋਗੇ?

ਸਦਾ ਚੁਣ ਕੇ ਫਰੂਟ ਲਿਫਾਫੇ ਵਿਚ ਪਾਉਂਦੇ ਹੋ। ਝੱਟ ਰੋਕ ਦਿੰਦੇ ਹੋ ਰੇੜੀ ਵਾਲੇ ਦਾ ਹੱਥ।

ਕਾਜੂ ਬਦਾਮ ਨੂੰ ਹੀ ਸਿਆਣਪ ਵਾਲਾ ਹੱਥ ਜਾਵੇਗਾ ਚਾਹ ਵੇ਼ਲੇ।

ਉਹ ਕਿਉਂ ਚੁੱਕੇਗਾ ਘਟੀਆ ਬਿਸਕੁੱਟ?

ਸੋ ਸਾਰੇ ਸ਼ਬਦਕੋਸ਼ਾਂ ਸ਼ਬਦ ਕਲਾਕਾਰਾਂ ਨੂੰ ਉਚੇਰਾ ਪੜ੍ਹ ਕੇ ਹੀ ਲਿਖਣਾ ਛਪਣਾ ਛਪਵਾਉਣਾ ਨੱਚਣਾ ਪਵੇਗਾ।

ਫਿਰ ਹੀ ਝੀਲਾਂ ਨਦੀਆਂ ਵਾਦੀਆਂ 'ਚੋਂ ਆਵਾਜ਼ ਵਾਪਿਸ ਆਏਗੀ।

# ਜ਼ਿੰਦਗੀ ਜੰਗ

ਜ਼ਿੰਦਗੀ
ਜੰਗ ਦੀ ਹੀ
ਇਕ ਤਿਆਰੀ ਹੁੰਦੀ ਹੈ
ਜਨੂੰਨ ਤੱਕ ਪਹੁੰਚਣ ਦੀ ਮੰਜ਼ਿਲ
ਘੋੜੀ ਚੜ੍ਹ ਪਵਾਈ
ਪਹਿਲੀ ਚਾਨਣ ਸਿਲਾਈ

ਇਹ ਅਸ਼ਾਂਤ ਹੈ
ਸਾਰੀ ਕਾਇਨਾਤ ਦਾ ਸ਼ੋਰ
ਉਦਾਸ ਨੇ ਰੁੱਖ ਇਸ ਰੁੱਤ ਦੇ

ਇਹਨਾਂ ਹੀ ਬੇਚੈਨ ਹਵਾਵਾਂ ਨਾਲ
ਜੂਝਣਾ ਹੈ ਅਸੀਂ

ਨਾ ਲੜੇ ਤਾਂ ਇਕੱਲੇ ਹੀ ਰਹਿ ਜਾਵਾਂਗੇ

ਸੰਘਰਸ਼ ਬਿਨ ਕਾਹਦੀ ਜ਼ਿੰਦਗੀ
ਸਾਜ਼ ਬਿਨ ਕੀ ਕੰਮ ਨਗ਼ਮੇ

ਉਹ ਜਿਹਨਾਂ ਹੱਕ ਨਹੀਂ ਮੰਗੇ
ਜੰਗ ਦੀ ਲਿੱਪੀ ਨਹੀਂ ਸਮਝਦੇ
ਮਾਂਵਾਂ ਦੀ ਕੁੱਖ ਦੀ ਮਿੱਟੀ ਨਾ ਬਣ ਸਕੇ

ਜੀਵਨ ਯੁੱਧ ਦਾ ਹੀ ਦੂਜਾ ਨਾਂ ਹੁੰਦਾ ਹੈ
ਰਾਹਾਂ ਵਿਚ ਪਾਈਆਂ ਅਮਿੱਟ ਪੈੜਾਂ
ਤਾਰੀਖ਼ ਦੇ ਪਿੰਡੇ ਤੇ ਹੰਢਾਈ ਸਿਤਮਜ਼ਰੀਫੀ

ਜੰਗ ਤੋਂ ਬਗ਼ੈਰ ਪਿੰਜਰੇ ਚ ਦਹਾੜਦੇ ਜ਼ਖ਼ਮੀ ਸ਼ੇਰ ਹਾਂ ਅਸੀਂ
ਇਕ ਗਜ਼ ਦੇ ਦਾਇਰੇ ਵਿਚ ਘੁੰਮਦੇ
ਗ੍ਰਹਿਣੇ ਸੂਰਜ ਦੇ ਟੋਟੇ
ਭਲਕੇ ਟੁੱਟ ਕੇ ਡਿੱਗਣ ਵਾਲੇ ਤਾਰੇ
ਯਾਰਾਂ ਦੇ ਅਣਲਿਖੇ ਅਣਗਾਏ ਗੀਤ
ਘਰੋਂ ਬਾਹਰ ਨਿਕਲਦੇ ਹੀ
ਦਰੜੇ ਜਾਣ ਨੂੰ ਪਰਿੰਦਿਆਂ ਵਾਂਗ ਮਿੱਧੇ ਜਾਣਾ

ਮਰੇ ਸੁਪਨਿਆਂ ਦੀ ਮਹਿਕ
ਜੇਬਾਂ ਵਿੱਚ ਪਾ ਕੇ
ਕੁਫ਼ਰ ਦੇ ਬੁੱਢੇ ਬੁੱਤ ਬਣ ਕੇ ਖੜ੍ਹੇ ਰਹਿਣਾ

ਚੌਂਕ ਦੇ ਇੱਕ ਕਿਨਾਰੇ
ਜ਼ਿੰਦਗੀ ਦੀ ਪੀਂਘ ਨਹੀਂ ਹੁੰਦੀ

ਸੰਘਰਸ਼ ਕੁੱਝ ਵੀ ਨਹੀਂ ਹੁੰਦਾ
ਬਸੰਤ ਰੁੱਤ ਵਰਗੀ
ਖੇਤਾਂ ਵਿਚ ਖਿੜੀ ਮੁਹੱਬਤ ਹੁੰਦੀ ਹੈ
ਮੋਹ ਹੁੰਦਾ ਲਿਖਿਆ ਸਾਹਾਂ ਤੇ
ਲਹੂ ਦੇ ਰੰਗ ਵਰਗਾ
ਪੱਤਿਆਂ ਦੇ ਪੌਣਾਂ ਨਾਲ ਛੇੜੇ ਰਾਗ ਹੁੰਦੇ ਨੇ
ਯੁੱਧ ਦਾ ਇਤਿਹਾਸ ਲਿਖਣ ਲਈ ਪਹਿਲਾ ਮਿਲਿਆ ਪੁਰਸਕਾਰ
ਰੁੱਸੇ ਸੂਰਜ ਨੂੰ ਹੱਥ ਲਾਉਣ ਦੀ ਚਾਹਤ

ਜੰਗ ਤਖ਼ਤ ਦੇ ਹਿਲਾਏ ਪਾਵਿਆਂ ਦਾ ਬੇਚੈਨ ਰਾਤ ਦਿਨ ਦਾ ਹੁੰਗਾਰਾ ਹੁੰਦਾ ਹੈ
ਜੂਝਣ ਵਾਲੀਆਂ ਖਾਹਿਸ਼ਾਂ ਹਸਰਤਾਂ ਦਾ ਨ੍ਰਿਤ
ਸ਼ਾਂਤ ਧਰਤ ਤੋਂ ਚੱਕਿਆ ਪਹਿਲਾ ਕਦਮ
ਜਾਂ ਰੋਹ ਰੱਖਿਆ ਨਾਂ ਮੁਰਦਾ ਪਹਿਰਾਂ ਦਾ

ਮੁਹੱਬਤ ਨੂੰ ਪਾਈ ਇਸ਼ਕ ਦੀ ਪਹਿਲੀ ਗਲਵੱਕੜੀ ਨੂੰ ਜੰਗ ਕਹੋ
ਮਹਿਬੂਬ ਦੇ ਮਹਿਕਦੇ ਅੰਗਾਂ ਦੀ ਸੁਗੰਧਤ ਦਾ ਸਰੂਰ

ਪਹਿਲੀ ਮੁਸਕਾਨ
ਸੁੱਚਿਆਂ ਬੁੱਲਾਂ ਤੇ ਜੂਝਣ ਦਾ ਮੋਹ
ਸੱਜਰੇ ਫੁੱਲਾਂ ਤੇ



-ਅਮਰਜੀਤ ਟਾਂਡਾ

# 21 ਮਾਰਚ ਲਈ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਹਰ ਸਾਲ 21 ਮਾਰਚ ਨੂੰ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕੀਤੇ ਜਾਂਦੇ ਹਨ ਅਤੇ ਨਸਲੀ ਵਿਕਰੇ ਨੂੰ ਖਤਰ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿੱਚ ਨਸਲ ਅਧਾਰ ਤੇ ਵਿਤਕਰੇ ਅਤੇ ਪੱਖਪਾਤ ਦੀ ਕੁਪ੍ਰਥਾ ਲੰਬਾ ਸਮਾਂ ਕਾਇਮ ਰਹੀ ਹੈ ਅਤੇ ਇਸਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਅੰਦੋਲਨ ਹੋਏ ਹਨ। ਨੋਬਲ ਪੁਰਸਕਾਰ ਜੇਤੂ ਨੈਲਸਨ ਮੰਡੇਲਾ ਰੰਗਭੇਦ ਦੇ ਵਿਰੁੱਧ ਅਭਿਆਨ ਚਲਾਉਣ ਵਾਲੇ ਇੱਕ ਪ੍ਰਮੁੱਖ ਨੇਤਾ ਸਨ। ਉਹਨਾਂ ਨੇ ਆਪਣੀ ਜਿੰਦਗੀ ਦੇ 27 ਸਾਲ ਰਾਬੇਨ ਟਾਪੂ ਤੇ ਜੇਲ੍ਹ ਵਿੱਚ ਰੰਗਭੇਦ ਨੀਤੀ ਦੇ ਖਿਲਾਫ ਲੜਦੇ ਹੋਏ ਬਿਤਾਏ। ਦੱਖਣੀ ਅਫਰੀਕਾ ਅਤੇ ਸਮੁੱਚੇ ਸੰਸਾਰ ਵਿੱਚ ਰੰਗਭੇਦ ਨੀਤੀ ਦਾ ਵਿਰੋਧ ਕਰਦੇ ਹੋਏ ਜਿੱਥੇ ਨੈਲਸਨ ਮੰਡੇਲਾ ਪੂਰੀ ਦੁਨੀਆ ਵਿੱਚ ਆਜ਼ਾਦੀ ਅਤੇ ਸਮਾਨਤਾ ਦੇ ਪ੍ਰਤੀਕ ਬਣ ਗਏ ਸਨ ਉਥੇ ਰੰਗਭੇਦ ਦੀ ਨੀਤੀ ਉੱਤੇ ਚਲਣ ਵਾਲੀ ਸਰਕਾਰਾਂ ਨੈਲਸਨ ਮੰਡੇਲਾ ਨੂੰ ਕਮਿਊਨਿਸਟ ਅਤੇ ਆਤੰਕਵਾਦੀ ਦੱਸਦੀਆਂ ਸਨ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਅਜਿਹੇ ਲੋਕਾਂ ਦੀ ਪਨਾਹਗਾਹ ਮੰਨਦੇ ਸਨ। ਨਸਲਵਾਦ ਦੀਆਂ ਜੜ੍ਹਾਂ ਅਮਰੀਕੀ ਇਤਿਹਾਸ ਵਿੱਚ ਲੱਭੀਆਂ ਜਾ ਸਕਦੀਆਂ ਹਨ। ਜਾਤ, ਨਸਲਵਾਦ, ਅਤੇ ਗੁਲਾਮੀ ਆਪਸ ਵਿੱਚ ਜੁੜੇ ਹੋਏ ਹਨ। ਨਸਲ ਸ਼ਬਦ ਲੋਕਾਂ ਦੀ ਪਛਾਣ ਕਰਨ ਲਈ ਵਰਤੇ ਜਾਣ ਵਾਲੇ 1500 ਦੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ। ਅਮਰੀਕਾ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ, ਨਸਲ ਦੀ ਧਾਰਨਾ ਦੀ ਵਰਤੋਂ ਜ਼ੁਲਮ ਕਰਨ ਲਈ ਕੀਤੀ ਜਾਂਦੀ ਸੀ। ਪਹਿਲੇ ਸਮਿਆਂ ਵਿੱਚ ਇਸਨੂੰ ਜਬਰੀ ਮਜ਼ਦੂਰੀ ਲਈ ਜਾਇਜ਼ ਠਹਿਰਾਉਣ ਲਈ ਵਰਤਿਆ ਜਾਂਦਾ ਸੀ। 1550 ਤੋਂ 1600 ਦੇ ਵਿਚਕਾਰ ਚਿੱਟਾ ਸ਼ਬਦ ਜ਼ਿਆਦਾਤਰ ਅੰਗਰੇਜ਼ ਔਰਤਾਂ ਦੇ ਵਿਸ਼ੇਸ਼ ਅਧਿਕਾਰਾਂ ਦਾ ਹਵਾਲਾ ਦਿੰਦਾ ਹੈ। ਗੋਰੇਪਣ ਐਂਗਲੋ-ਸੈਕਸਨ ਵਿਰਾਸਤ ਦਾ ਇੱਕ ਵਿਸ਼ੇਸ਼ ਅਧਿਕਾਰ ਸੀ ਹਾਲਾਂਕਿ 1613 ਤੱਕ ਅੰਗਰੇਜ਼ਾਂ ਨੇ ਬਸਤੀਵਾਦੀ ਕੰਮਾਂ ਲਈ ਪੂਰਬੀ ਭਾਰਤੀਆਂ ਦੇ ਵਿਰੁੱਧ ਖੜੇ ਹੁੰਦੇ ਹੋਏ ਚਿੱਟੇ ਸ਼ਬਦ ਨੂੰ ਅਪਣਾ ਲਿਆ ਸੀ। 1600 ਦੇ ਦਹਾਕੇ ਦੇ ਸ਼ੁਰੂ ਵਿੱਚ ਗੁਲਾਮੀ ਦੀਆਂ ਜੜ੍ਹਾਂ ਮਜ਼ਬੂਤੀ ਨਾਲ ਸਥਾਪਿਤ ਹੋਈਆਂ ਜਦੋਂ ਪਹਿਲੇ ਅਫ਼ਰੀਕਨਾਂ ਨੂੰ ਗ਼ੁਲਾਮ ਮਜ਼ਦੂਰੀ ਲਈ ਅਮਰੀਕੀ ਬਸਤੀਆਂ ਵਿੱਚ ਲਿਆਂਦਾ ਗਿਆ। 1662 ਵਿੱਚ ਗ਼ੁਲਾਮੀ ਦੀ ਧਾਰਨਾ ਵਿੱਚ ਭਾਰੀ ਤਬਦੀਲੀ ਆਈ ਜਦੋਂ ਵਰਜੀਨੀਆ ਨੇ ਖ਼ਾਨਦਾਨੀ ਗ਼ੁਲਾਮੀ ਦਾ ਕਾਨੂੰਨ ਲਾਗੂ ਕੀਤਾ। 19ਵੀਂ ਸਦੀ ਤੱਕ ਨਸਲਵਾਦ ਦੁਨੀਆ ਭਰ ਵਿੱਚ ਫੈਲ ਗਿਆ ਸੀ। ਆਰੀਅਨਵਾਦ ਇੱਕ ਵਿਚਾਰਧਾਰਾ ਜੋ ਆਰੀਅਨਜ਼ ਦੇ ਪੁਰਾਤਨ ਹਿੰਦ-ਯੂਰਪੀ ਭਾਸ਼ਾ ਬੋਲਣ ਵਾਲਿਆਂ ਨੂੰ ਉੱਤਮ ਮੰਨਦੀ ਹੈ ਨੇ ਗੋਰਿਆਂ ਦੀ ਸਰਵਉੱਚਤਾ ਦੇ ਇਸ ਵਿਸ਼ਵਾਸ ਨੂੰ ਲਾਗੂ ਕੀਤਾ। ਦੱਖਣੀ ਅਫ਼ਰੀਕਾ ਵਿੱਚ ਗੋਰਿਆਂ ਅਤੇ ਕਾਲੇ ਲੋਕਾਂ ਦਰਮਿਆਨ ਨਸਲੀ ਵਿਤਕਰੇ ਦੇ ਕਾਰਨ ਭਾਰਤੀ ਕਾਂਗਰਸੀ ਆਗੂ ਗਾਂਧੀ ਨੂੰ ਵੀ ਅਪਮਾਨ ਦਾ ਸਾਹਮਣਾ ਕਰਨਾ ਪਿਆ। 21 ਮਾਰਚ 1960 ਨੂੰ ਪੁਲਿਸ ਨੇ ਰੰਗਭੇਦ ਸਬੰਧੀ ਪਾਸ ਕਾਨੂੰਨਾਂ ਦੇ ਵਿਰੁੱਧ ਦੱਖਣੀ ਅਫਰੀਕਾ ਦੇ ਸ਼ਾਰਪਵਿਲੇ ਵਿੱਚ ਇੱਕ ਸ਼ਾਂਤਮਈ ਪ੍ਰਦਰਸ਼ਨ ਤੇ ਗੋਲੀਬਾਰੀ ਕੀਤੀ ਸੀ ਜਿਸ ਵਿੱਚ 69 ਲੋਕ ਮਾਰੇ ਗਏ ਅਤੇ 180 ਜ਼ਖਮੀ ਹੋਏ ਸਨ। ਸਾਲ 1966 ਵਿੱਚ ਇਸ ਦਿਨ ਦਾ ਐਲਾਨ ਕਰਦੇ ਹੋਏ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਹਰ ਕਿਸਮ ਦੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਆਪਣੇ ਯਤਨਾਂ ਨੂੰ ਦੁੱਗਣਾ ਕਰਨ ਲਈ ਕਿਹਾ ਸੀ। ਸਾਲ 1979 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਨਸਲਵਾਦ ਅਤੇ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਲਈ ਦਹਾਕੇ ਦੇ ਦੂਜੇ ਅੱਧ ਦੌਰਾਨ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਇੱਕ ਪ੍ਰੋਗਰਾਮ ਅਪਣਾਇਆ ਸੀ। ਜਨਰਲ ਅਸੈਂਬਲੀ ਨੇ ਫੈਸਲਾ ਕੀਤਾ ਕਿ 21 ਮਾਰਚ ਤੋਂ ਸ਼ੁਰੂ ਹੋ ਕੇਨਸਲਵਾਦ ਅਤੇ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਨਾਲ ਇਕਜੁੱਟਤਾ ਦਾ ਇੱਕ ਹਫ਼ਤਾ ਹਰ ਸਾਲ ਸਾਰੇ ਦੇਸ਼ਾਂ ਵਿੱਚ ਆਯੋਜਿਤ ਕੀਤਾ ਜਾਵੇਗਾ। ਉਦੋਂ ਤੋਂ ਦੱਖਣੀ ਅਫ਼ਰੀਕਾ ਵਿੱਚ ਰੰਗਭੇਦ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਗਿਆ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਨਸਲੀ ਕਾਨੂੰਨਾਂ ਅਤੇ ਅਭਿਆਸਾਂ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰਰਾਸ਼ਟਰੀ ਕਨਵੈਨਸ਼ਨ ਦੁਆਰਾ ਸੇਧਿਤ ਨਸਲਵਾਦ ਨਾਲ ਲੜਨ ਲਈ ਇੱਕ ਅੰਤਰਰਾਸ਼ਟਰੀ ਢਾਂਚਾ ਬਣਾਇਆ ਹੈ। ਇਹ ਕਨਵੈਨਸ਼ਨ ਹੁਣ ਵਿਸ਼ਵਵਿਆਪੀ ਪ੍ਰਵਾਨਗੀ ਦੇ ਨੇੜੇ ਹੈ ਫਿਰ ਵੀ ਅਜੇ ਕਈ ਖੇਤਰਾਂ ਵਿੱਚ ਬਹੁਤ ਸਾਰੇ ਵਿਅਕਤੀਆਂ ਨੂੰ ਨਸਲਵਾਦ ਦੇ ਕਾਰਨ ਬੇਇਨਸਾਫ਼ੀ ਅਤੇ ਕਲੰਕ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸਲ ਵਿੱਚ ਨਸਲਵਾਦ ਇੱਕ ਸਭਿਅਕ ਸਮਾਜ ਵਿੱਚ ਇੱਕ ਗੈਰ-ਕਾਨੂੰਨੀ ਅਭਿਆਸ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਸਾਰੇ ਲੋਕਾਂ ਲਈ ਹਰ ਤਰ੍ਹਾਂ ਦੇ ਬਰਾਬਰ ਮੌਕੇ ਮੌਜੂਦ ਹੋਣੇ ਚਾਹੀਦੇ ਹਨ।ਸਮੂਹ ਨਾਗਰਿਕਾਂ ਨੂੰ ਜਾਤ, ਧਰਮ, ਰੰਗ, ਕੌਮੀਅਤ ਜਾਂ ਨਸਲੀ ਮੂਲ ਦੀ ਪਰਵਾਹ ਕੀਤੇ ਬਿਨਾਂ ਆਪਣੀ ਪੂਰੀ ਸਮਰੱਥਾ ਨੂੰ ਪ੍ਰਗਟਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਨਸਲਵਾਦ ਅਤੇ ਨਸਲੀ ਵਿਤਕਰਾ ਮਨੁੱਖਤਾ ਦੇ ਵਿਰੁੱਧ ਇੱਕ ਅਜਿਹੀ ਸਥਿਤੀ ਹੈ ਜੋ ਮਨੁੱਖ ਨੂੰ ਜਾਨਵਰਾਂ ਵਾਂਗ ਗੈਰ-ਸਭਿਆਚਾਰੀ ਬਣਾ ਦਿੰਦੀ ਹੈ। ਇਸ ਦੇ ਉਲੱਟ ਹਰ ਵਿਅੱਕਤੀ ਦੀ ਸ਼ਾਨ ਅਤੇ ਯੋਗਤਾ ਨੂੰ ਪਛਾਣਿਆ ਜਾਣਾ ਚਾਹੀਦਾ ਹੈ ਅਤੇ ਉਸ ਨੂੰ ਬਣਦਾ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਨਸਲੀ ਵਿਤਕਰੇ ਦਾ ਖਾਤਮਾ ਸਮਾਜਿਕ ਵਿਕਾਸ ਦੀ ਆਦਰਸ਼ ਸਥਿਤੀ ਹੈ। ਜੇਕਰ ਹਰ ਵਿਅਕਤੀ ਮਨੁੱਖੀ ਵਿਕਾਸ ਵਿੱਚ ਹਿੱਸਾ ਲੈਕੇ ਇੱਕ ਸ਼ਾਂਤੀਪੂਰਨ ਅਤੇ ਖੁਸ਼ਹਾਲ ਸਮਾਜ ਦੀ ਅਗਵਾਈ ਕਰੇਗਾ ਤਾਂ ਹੀ ਸਮਾਜ ਦਾ ਅਸਲੀ ਵਿਕਾਸ ਹੋਵੇਗਾ ਅਤੇ ਇਹ ਸਾਡੇ ਸਾਰਿਆਂ ਦੀ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਹੈ।




ਸਾਲ 2001 ਵਿੱਚ ਨਸਲਵਾਦ ਦੇ ਵਿਰੁੱਧ ਵਿਸ਼ਵ ਕਾਨਫਰੰਸ ਨੇ ਨਸਲਵਾਦ, ਨਸਲੀ ਵਿਤਕਰੇ ਅਤੇ ਸੰਬੰਧਿਤ ਅਸਹਿਣਸ਼ੀਲਤਾ ਦਾ ਮੁਕਾਬਲਾ ਕਰਨ ਲਈ ਸਭ ਤੋਂ ਅਧਿਕਾਰਤ ਅਤੇ ਵਿਆਪਕ ਪ੍ਰੋਗਰਾਮ ਤਿਆਰ ਕੀਤਾ ਜਿਸਨੂੰ ਡਰਬਨ ਘੋਸ਼ਣਾ ਕਿਹਾ ਜਾਂਦਾ ਹੈ। ਅਪ੍ਰੈਲ 2009 ਵਿੱਚ ਡਰਬਨ ਰਿਵਿਊ ਕਾਨਫਰੰਸ ਨੇ ਨਸਲਵਾਦ ਦੀ ਸਮੱਸਿਆ ਤੇ ਕਾਬੂ ਪਾਉਣ ਲਈ ਵਿਸ਼ਵਵਿਆਪੀ ਤਰੱਕੀ ਦੀ ਜਾਂਚ ਕੀਤੀ ਅਤੇ ਸਿੱਟਾ ਕੱਢਿਆ ਕਿ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਇਸ ਕਾਨਫਰੰਸ ਦੀ ਸਭ ਤੋਂ ਵੱਡੀ ਪ੍ਰਾਪਤੀ ਨਸਲਵਾਦ ਵਿਰੋਧੀ ਏਜੰਡੇ ਲਈ ਨਵੀਂ ਅੰਤਰ-ਰਾਸ਼ਟਰੀ ਬਚਨਵੱਧਤਾ ਸੀ। ਸਤੰਬਰ 2011 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਡਰਬਨ ਘੋਸ਼ਣਾ ਪੱਤਰ ਅਤੇ ਪ੍ਰੋਗਰਾਮ ਆਫ਼ ਐਕਸ਼ਨ ਨੂੰ ਅਪਣਾਏ ਜਾਣ ਦੀ 10ਵੀਂ ਵਰ੍ਹੇਗੰਢ ਮਨਾਉਣ ਲਈ ਨਿਊਯਾਰਕ ਵਿੱਚ ਇੱਕ ਦਿਨ ਦੀ ਉੱਚ-ਪੱਧਰੀ ਮੀਟਿੰਗ ਕੀਤੀ ਜਿਸ ਵਿੱਚ ਵੱਡੀ ਗਿਣਤੀ ਵਿੱਚ ਵੱਖ ਵੱਖ ਦੇਸ਼ਾਂ ਦੇ ਆਗੂਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਹਾਜਰ ਵਿਸ਼ਵ ਨੇਤਾਵਾਂ ਨੇ ਸਹਿਮਤੀ ਨਾਲ ਇੱਕ ਰਾਜਨੀਤਿਕ ਘੋਸ਼ਣਾ ਨੂੰ ਅਪਣਾਇਆ ਜਿਸ ਵਿੱਚ ਨਸਲਵਾਦ, ਨਸਲੀ ਵਿਤਕਰੇ ਅਤੇ ਸੰਬੰਧਿਤ ਅਸਹਿਣਸ਼ੀਲਤਾ ਅਤੇ ਇਸਦੇ ਪੀੜ੍ਹਤਾਂ ਦੀ ਸੁਰੱਖਿਆਕਰਨਾ ਸੀ। ਨਸਲਵਾਦ ਅਤੇ ਨਸਲੀ ਵਿਤਕਰੇ ਤੋਂ ਪ੍ਰਭਾਵਿਤ ਦੇਸ਼ਾਂ ਲਈ ਇਸ ਕੁਪ੍ਰਥਾ ਵਿਰੁੱਧ ਲੜਾਈ ਲਈ ਮਜ਼ਬੂਤ? ਸੰਕਲਪ ਬਣਾਉਣ ਦਾ ਐਲਾਨ ਕੀਤਾ ਗਿਆ ਜਿਵੇਂ ਕਿ 2011 ਅੰਤਰਰਾਸ਼ਟਰੀ ਸਾਲ ਦੌਰਾਨ ਅਫਰੀਕੀ ਮੂਲ ਦੇ ਲੋਕਾਂ ਲਈ ਹੋਇਆ ਸੀ।ਇਸ ਤਰ੍ਹਾਂ 10ਵੀਂ ਵਰ੍ਹੇਗੰਢ ਨਸਲਵਾਦ ਅਤੇ ਨਸਲੀ ਵਿਤਕਰੇ ਨਾਲ ਲੜ੍ਹਣ ਵਿੱਚ ਰਾਜਨੀਤਿਕ ਬਚਨਵੱਧਤਾ ਨੂੰ ਮਜ਼ਬੂਤ ਕਰਨ ਦਾ ਇੱਕ ਮੌਕਾ ਸੀ। 25 ਮਈ 2020 ਨੂੰ ਜਦੋਂ ਸਾਰੀ ਦੁਨੀਆ ਕੋਵਿਡ-19 ਨਾਲ ਲੜ ਰਹੀ ਸੀ ਉਦੋਂ ਅਮਰੀਕਾ ਵਿੱਚ ਜਾਰਜ ਫਲਾਇਡ ਨਾਂ ਦੇ ਵਿਅਕਤੀ ਨੂੰ ਇਕ ਹੋਰ ਵਾਇਰਸ ਨਸਲਵਾਦ ਕਾਰਨ ਆਪਣੀ ਜਾਨ ਗੁਆਉਣੀ ਪਈ। ਇਹ ਨਸਲਵਾਦ ਸਦੀਆਂ ਤੋਂ ਅਮਰੀਕਾ ਦੇ ਸਮਾਜ ਵਿੱਚ ਫੈਲਿਆ ਹੋਇਆ ਹੈ ਅਤੇ ਜਾਰਜ ਫਲਾਇਡ ਇਸਦਾ ਪਹਿਲਾ ਸ਼ਿਕਾਰ ਨਹੀਂ ਹੈ। ਜਦੋਂ ਗੋਰੇ ਅਤੇ ਕਾਲੇ ਯਾਨੀ ਨਸਲਵਾਦ ਦੀ ਇਹ ਲੜਾਈ ਅਮਰੀਕਾ ਤੋਂ ਭਾਰਤ ਵਿੱਚ ਆਉਂਦੀ ਹੈ ਤਾਂ ਇਹ ਇੱਥੋਂ ਦੇ ਮਾਹੌਲ ਅਨੁਸਾਰ ਆਪਣੇ ਆਪ ਨੂੰ ਰੰਗਵਾਦ ਵਿੱਚ ਬਦਲ ਦਿੰਦੀ ਹੈ। ਵੱਖ-ਵੱਖ ਨਸਲਾਂ ਦੀ ਇਹ ਲੜਾਈ ਭਾਰਤ ਵਿੱਚ ਆਕੇ ਰੰਗਾਂ ਦੀ ਲੜ੍ਹਾਈ ਬਣ ਜਾਂਦੀ ਹੈ। ਭਾਰਤ ਵਿਚ ਰੰਗ-ਰੂਪ ਨੂੰ ਖੂਬਸੂਰਤੀ ਨਾਲ ਜੋੜ੍ਹਕੇ ਦੇਖਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਦੀਆਂ ਜੜ੍ਹਾਂ ਸਾਡੇ ਸਮਾਜ ਅਤੇ ਲੋਕਾਂ ਦੀ ਸੋਚ ਵਿੱਚ ਡੂੰਘੀਆਂ ਪੈ ਗਈਆਂ ਹਨ। ਗੋਰੇ ਅਤੇ ਕਾਲੇ ਰੰਗ ਦੀ ਇਸ ਲੜਾਈ ਵਿੱਚ ਅਸੀਂ ਕਦੇ ਵੀ ਇਸ ਵਿਤਕਰੇ ਨੂੰ ਖਤਮ ਕਰਨ ਵੱਲ ਧਿਆਨ ਨਹੀਂ ਦਿੱਤਾ। ਸਾਡਾ ਧਿਆਨ ਹਮੇਸ਼ਾ ਇਸ ਗੱਲ ਤੇ ਰਿਹਾ ਹੈ ਕਿ ਕਾਲੇਪਨ ਨੂੰ ਦੂਰ ਕਰਕੇ ਚਿੱਟੇ ਰੰਗ ਵਿਚ ਕਿਵੇਂ ਬਦਲਿਆ ਜਾਵੇ। ਭਾਰਤ ਵਿੱਚ ਚਿੱਟੀ ਚਮੜੀ ਦੇ ਟੋਨ ਦਾ ਜਨੂੰਨ ਖਤਰਨਾਕ ਹੈ। ਵਿਆਹਾਂ ਦੇ ਇਸ਼ਤਿਹਾਰਾਂ ਵਿੱਚ ਲੋਕ ਇਸ ਚਮੜੀ ਦੇ ਟੋਨ ਨੂੰ ਵੇਖਦੇ ਹਨ। ਇੰਨਾ ਹੀ ਨਹੀਂ ਭਾਰਤ ਵਿੱਚ ਸਾਲਾਂ ਤੋਂ ਰੰਗ ਰੋਰਾ ਕਰਨ ਵਾਲੀਆਂ ਕਰੀਮਾਂ ਦੀ ਵਰਤੋਂ ਅਤੇ ਪ੍ਰਸਿੱਧੀ ਹੈ ਫਿਰ ਵੀ ਕਿਸੇ ਨੇ ਵੀ ਅਜਿਹੇ ਉਤਪਾਦਨਾਂ ਦਾ ਨੋਟਿਸ ਨਹੀਂ ਲਿਆ ਜੋ ਰੰਗ ਅਧਾਰਿਤ ਪੱਖਪਾਤ ਦੀ ਵਕਾਲਤ ਕਰਦੇ ਹਨ। ਬਹੁਤੇ ਇਸ਼ਤਿਹਾਰਾਂ ਵਿੱਚ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਇੱਕ ਚੰਗੀ ਪਤਨੀ ਅਤੇ ਚੰਗੀ ਨੂੰਹ ਬਣਨ ਲਈ ਤੁਹਾਨੂੰ ਗੋਰਾ ਰੰਗ ਕਰਨ ਵਾਲੀਆਂ ਕਰੀਮ ਲਗਾਉਣੀ ਚਾਹੀਦੀ ਹੈ। ਇਹ ਵੀ ਵਿਖਾਇਆ ਜਾਂਦਾ ਹੈ ਕਿ ਤੁਸੀਂ ਜ਼ਿੰਦਗੀ ਵਿਚ ਕਿਤੇ ਵੀ ਪਹੁੰਚ ਸਕਦੇ ਹੋ ਪਰ ਤੁਸੀਂ ਉਦੋਂ ਹੀ ਸਫਲ ਹੋਵੋਗੇ ਜਦੋਂ ਤੁਸੀਂ ਸੁੰਦਰ ਦਿਖੋਗੇ ਅਤੇ ਤੁਸੀਂ ਉਦੋਂ ਹੀ ਸੁੰਦਰ ਦਿਖੋਗੇ ਜਦੋਂ ਤੁਸੀਂ ਕਿਸੇ ਵਿਸ਼ੇਸ਼ ਕੰਪਨੀ ਦੀ ਫੇਅਰਨੈਸ ਕਰੀਮ ਲਗਾ ਕੇ ਆਪਣੀ ਚਮੜੀ ਨੂੰ ਗੋਰੀ ਬਣਾਉਂਦੇ ਹੋ। ਕਾਲਾ ਰੰਗ ਹੋਣਾ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਇਹ ਸਮੱਸਿਆ ਉਸ ਸਮੇਂ ਹੋਰ ਵੀ ਵੱਡੀ ਹੋ ਜਾਂਦੀ ਹੈ ਜਦੋਂ ਇਹ ਹੋਰ ਕੁਰੀਤੀਆਂ ਨਾਲ ਰਲ ਜਾਂਦੀ ਹੈ। ਮਿਸਾਲ ਦੇ ਤੌਰ ਤੇ ਜੇਕਰ ਇੱਥੇ ਕੋਈ ਲੜਕੀ ਕਾਲੇ ਰੰਗ ਦੀ ਪੈਦਾ ਹੁੰਦੀ ਹੈ ਤਾਂ ਉਸ ਦੇ ਮਾਪੇ ਉਸ ਦੇ ਵਿਆਹ ਦੇ ਦਾਜ ਦੀ ਚਿੰਤਾ ਕਰਨ ਲੱਗ ਪੈਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਧੀ ਸਮਾਜ ਦੀਆਂ ਨਜ਼ਰਾਂ ਵਿਚ ਸੋਹਣੀ ਨਹੀਂ ਹੈ ਅਤੇ ਵਿਆਹ ਕਰਵਾਉਣ ਲਈ ਉਨ੍ਹਾਂ ਨੂੰ ਸਹੁਰਿਆਂ ਨੂੰ ਵੱਧ ਦਾਜ ਦੇਣਾ ਪਵੇਗਾ। ਸਾਡੀ ਬਾਲੀਵੁੱਡ ਇੰਡਸਟਰੀ ਵਿੱਚ ਵੀ ਰੰਗ ਅਧਾਰਿਤ ਵਿਤਕਰਾ ਵੇਖਣ ਨੂੰ ਨਜਰ ਆਂਦਾ ਹੈ ਅਤੇ ਕਾਲੇਰੰਗ ਦੇ ਐਕਟਰ ਵਧੀਆ ਰੋਲ ਵਿੱਚ ਨਜਰ ਨਹੀਂ ਆਂਦੇ ਹਨ। ਨਸਲੀ ਵਿਤਕਰੇ ਵਿਰੋਧੀ ਰੋਸ ਪ੍ਰਦਰਸ਼ਨਾਂ ਤੋਂ ਬਾਅਦ ਬਹੁਤ ਸਾਰੇ ਬ੍ਰਾਂਡਾਂ ਨੇ ਆਪਣੇ ਉਤਪਾਦਾਂ ਦੇ ਨਾਮ ਬਦਲਣ ਦਾ ਫੈਸਲਾ ਕੀਤਾ ਹੈ। 'ਡਾਰਕ ਇਜ਼ ਬਿਊਟੀਫੁੱਲ' ਮੁਹਿੰਮ ਦੀ ਅਗਵਾਈ ਕਰਨ ਵਾਲੀ ਔਰਤ ਕਵਿਤਾ ਇਮੈਨੁਅਲ ਨੇ ਅਪਣੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਪਿਛਲੇ ਕਈ ਸਾਲਾਂ ਵਿੱਚ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਨਾਂ ਬਦਲਣਾ ਕਾਫੀ ਨਹੀਂ ਹੋਵੇਗਾ। ਉਸਨੇ ਅੱਗੇ ਅਜਿਹੇ ਉਤਪਾਦਾਂ ਨੂੰ ਬੰਦ ਕਰਨ ਦਾ ਪ੍ਰਸਤਾਵ ਦਿੱਤਾ ਤਾਂ ਜੋ ਵੱਧ ਤੋਂ ਵੱਧ ਔਰਤਾਂ ਰੰਗ ਦੀ ਪਰਵਾਹ ਕੀਤੇ ਬਿਨਾਂ ਅਪਣੀ ਪਹਿਚਾਣ ਬਣਾ ਸਕਣ। ਇਸ ਤਰ੍ਹਾਂ ਅਜਿਹੀਆਂ ਕਈ ਉਦਾਹਰਣਾਂ ਹਨ ਜਿੱਥੇ ਰੰਗ, ਨਸਲ, ਜਾਤ, ਧਰਮ ਆਦਿ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਹੁੰਦਾ ਦੇਖਿਆ ਗਿਆ ਹੈ। ਭਾਰਤ ਵਿੱਚ ਵਿਤਕਰਾ ਮੌਜੂਦ ਹੈ ਪਰੰਤੂ ਇਸਨੂੰ ਕਦੇ ਵੀ ਗੰਭੀਰ ਮੁੱਦਾ ਨਹੀਂ ਸਮਝਿਆ ਹੈ। ਸਤੰਬਰ 2021 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ "ਮੁਆਵਜ਼ਾ ਨਸਲੀ ਨਿਆਂ ਅਤੇ ਲੋਕਾਂ ਲਈ ਬਰਾਬਰੀ" ਦੇ ਥੀਮ ਹੇਠ ਡਰਬਨ ਘੋਸ਼ਣਾ ਪੱਤਰ ਅਤੇ ਕਾਰਵਾਈ ਦੇ ਪ੍ਰੋਗਰਾਮ ਨੂੰ ਅਪਣਾਏ ਜਾਣ ਦੀ 20ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਨਿਊਯਾਰਕ ਵਿੱਚ ਇੱਕ ਦਿਨ ਦੀ ਮੀਟਿੰਗ ਲਈ ਵਿਸ਼ਵ ਨੇਤਾਵਾਂ ਨੂੰ ਇਕੱਠਾ ਕੀਤਾ। ਨਸਲਵਾਦ ਦੇ ਖਿਲਾਫ ਕਾਰਵਾਈ ਲਈ ਅੰਤਰਰਾਸ਼ਟਰੀ ਦਿਵਸ ਦਾ 2022 ਲਈ ਐਡੀਸ਼ਨ "ਨਸਲਵਾਦ ਵਿਰੁੱਧ ਕਾਰਵਾਈ ਲਈ ਆਵਾਜ਼ ਦੇ ਉਦੇਸ਼ ਤੇ ਕੇਂਦਰਿਤ ਸੀ।" ਇਸ ਐਡੀਸ਼ਨ ਦਾ ਉਦੇਸ਼ ਖਾਸ ਤੌਰ ਤੇਨਸਲੀ ਵਿਤਕਰੇ ਨੂੰ ਰੋਕਣ ਅਤੇ ਇਸ ਦਾ ਮੁਕਾਬਲਾ ਕਰਨ ਲਈ ਫੈਸਲੇ ਲੈਣ ਦੇ ਸਾਰੇ ਖੇਤਰਾਂ ਵਿੱਚ ਅਰਥਪੂਰਨ ਅਤੇ ਸੁਰੱਖਿਅਤ ਜਨਤਕ ਭਾਗੀਦਾਰੀ ਅਤੇ ਪ੍ਰਤੀਨਿਧਤਾ ਨੂੰ ਮਜ਼ਬੂਤ ਕਰਨ ਦੇ ਮਹੱਤਵ ਨੂੰ ਉਜਾਗਰ ਕਰਨਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤਮਈ ਇਕੱਠ ਅਤੇ ਨਾਗਰਿਕ ਸਥਾਨ ਦੀ ਰੱਖਿਆ ਦੇ ਅਧਿਕਾਰਾਂ ਲਈ ਪੂਰੇ ਸਨਮਾਨ ਦੀ ਮਹੱਤਤਾ ਦੀ ਪੁਸ਼ਟੀ ਕਰਨਾ ਅਤੇ ਉਹਨਾਂ ਵਿਅਕਤੀਆਂ ਅਤੇ ਸੰਸਥਾਵਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਸੀਜੋ ਨਸਲੀ ਵਿਤਕਰੇ ਅਤੇ ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਦੇ ਵਿਰੁੱਧ ਖੜੇ ਹਨ।ਇਹ ਸਧਾਰਨ ਸੰਦੇਸ਼ ਹਰ ਥਾਂ ਦੇ ਲੋਕਾਂ ਨੂੰ ਨਸਲਵਾਦ ਦੇ ਵਿਰੁੱਧ ਆਪਣੀ ਆਵਾਜ਼ ਨੂੰ ਮਜ਼ਬੂਤ ਕਰਨ ਅਤੇ ਇੱਕਜੁੱਟ ਕਰਨ, ਨਸਲੀ ਵਿਤਕਰੇ ਅਤੇ ਬੇਇਨਸਾਫ਼ੀ ਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿਰੁੱਧ ਲਾਮਬੰਦ ਕਰਨ ਅਤੇ ਬੋਲਣ ਵਾਲਿਆਂ ਲਈ ਇੱਕ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਸ਼ਕਤੀਸ਼ਾਲੀ ਹਥਿਆਰ ਹੋ ਸਕਦੇ ਹਨ। ਇਹ ਉਦੇਸ਼ ਨਸਲੀ ਨਿਆਂ ਬਾਰੇ ਹਾਈ ਕਮਿਸ਼ਨਰ ਦੀ ਰਿਪੋਰਟ ਅਤੇ ਨਸਲੀ ਨਿਆਂ ਅਤੇ ਸਮਾਨਤਾ ਲਈ ਪਰਿਵਰਤਨਸ਼ੀਲ ਤਬਦੀਲੀ ਵੱਲ ਏਜੰਡਾ ਤੋਂ ਵੀ ਪ੍ਰੇਰਨਾ ਲੈਂਦੀ ਹੈ ਜਿਸ ਅਨੁਸਾਰ ਇਹ ਯਕੀਨੀ ਬਣਾਇਆ ਗਿਆ ਹੈ ਕਿ ਅਫਰੀਕੀ ਮੂਲ ਦੇ ਲੋਕਾਂ ਅਤੇ ਨਸਲਵਾਦ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਲੋਕਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਜਾਂਦੀਆਂ ਹਨ ਤੇ ਬਣਦੀ ਯੋਗ ਕਾਰਵਾਈ ਕੀਤੀ ਜਾਂਦੀ ਹੈ।ਇਸਦੇ ਥੀਮ "ਨਸਲਵਾਦ ਵਿਰੁੱਧ ਨੌਜਵਾਨ ਖੜ੍ਹੇ ਹੋ ਰਹੇ ਹਨ" ਹੈਸ਼ਟੈਗ ਨਸਲਵਾਦ ਵਿਰੁੱਧ ਲੜਾਈ ਦੇ ਨਾਲ ਨਸਲੀ ਭੇਦਭਾਵ, ਵਿਤਕਰੇ, ਅਤੇ ਅਸਹਿਣਸ਼ੀਲਤਾ ਵਿਰੁੱਧ ਖੜ੍ਹੇ ਹੋਣ ਅਤੇ ਸਮਾਨਤਾ ਨੂੰ ਅਪਣਾਉਣ ਲਈ ਕਿਹਾ ਹੈ। ਸੰਯੁਕਤ ਰਾਸ਼ਟਰ ਸ਼ੁਰੂ ਤੋਂ ਹੀ ਇਸ ਮੁੱਦੇ ਨਾਲ ਚਿੰਤਤ ਹੈ ਅਤੇ ਨਸਲੀ ਵਿਤਕਰੇ ਦੀ ਮਨਾਹੀ ਸਾਰੇ ਮੁੱਖ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਯੰਤਰਾਂ ਵਿੱਚ ਦਰਜ ਹੈ। ਇਹ ਅਪਣੇ ਰਾਜਾਂ ਤੇ ਜ਼ਿੰਮੇਵਾਰੀਆਂ ਲਾਉਂਦਾ ਹੈ ਅਤੇ ਉਨ੍ਹਾਂ ਨੂੰ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਦਾ ਹੈ। ਸਮਾਨਤਾ ਦਾ ਸਿਧਾਂਤ ਰਾਜਾਂ ਨੂੰ ਅਜਿਹੀਆਂ ਸਥਿਤੀਆਂ ਨੂੰ ਖਤਮ ਕਰਨ ਲਈ ਵਿਸ਼ੇਸ਼ ਉਪਾਅ ਅਪਣਾਉਣ ਦੀ ਵੀ ਮੰਗ ਕਰਦਾ ਹੈ ਜੋ ਨਸਲੀ ਵਿਤਕਰੇ ਦਾ ਕਾਰਨ ਬਣਦੇ ਹਨ ਜਾਂ ਮੱਦਦ ਕਰਦੇ ਹਨ।ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਅਨੁਸਾਰ ਸਾਰੇ ਮਨੁੱਖ ਆਜ਼ਾਦ ਅਤੇ ਸਨਮਾਨ ਅਤੇ ਅਧਿਕਾਰਾਂ ਵਿੱਚ ਬਰਾਬਰ ਪੈਦਾ ਹੁੰਦੇ ਹਨ ਅਤੇ ਆਪਣੇ ਸਮਾਜਾਂ ਦੇ ਵਿਕਾਸ ਅਤੇ ਭਲਾਈ ਲਈ ਰਚਨਾਤਮਕ ਯੋਗਦਾਨ ਪਾਉਣ ਦੀ ਸਮਰੱਥਾ ਰੱਖਦੇ ਹਨ। ਆਪਣੇ ਸਭ ਤੋਂ ਤਾਜ਼ਾ ਮਤੇ ਵਿੱਚ ਜਨਰਲ ਅਸੈਂਬਲੀ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਨਸਲੀ ਪੱਧਰ ਤੇ ਉੱਚੇ-ਨੀਵੇਂ ਦਾ ਕੋਈ ਵੀ ਸਿਧਾਂਤ ਵਿਗਿਆਨਕ ਤੌਰ ਤੇ ਗਲਤ, ਨੈਤਿਕ ਤੌਰ ਤੇ ਨਿੰਦਣਯੋਗ, ਸਮਾਜਿਕ ਤੌਰ ਤੇ ਬੇਇਨਸਾਫ਼ੀ ਵਾਲਾ ਅਤੇ ਖ਼ਤਰਨਾਕ ਹੈ ਅਤੇ ਵੱਖ-ਵੱਖ ਮਨੁੱਖੀ ਨਸਲਾਂ ਦੀ ਹੋਂਦ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਿਧਾਂਤਾਂ ਦੇ ਨਾਲ ਰੱਦ ਕੀਤਾ ਜਾਣਾ ਚਾਹੀਦਾ ਹੈ।ਸੰਯੁਕਤ ਰਾਸ਼ਟਰ ਆਪਣੀ ਬੁਨਿਆਦ ਤੋਂ ਹੀ ਇਸ ਮੁੱਦੇ ਨਾਲ ਚਿੰਤਿਤ ਹੈ ਅਤੇ ਨਸਲੀ ਵਿਤਕਰੇ ਦੀ ਮਨਾਹੀ ਸਾਰੇ ਮੁੱਖ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰਾਂ ਵਿੱਚ ਦਰਜ ਹੈ। ਇਹ ਰਾਜਾਂ ਨੂੰ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਦਾ ਹੈ। ਸਮਾਨਤਾ ਦਾ ਸਿਧਾਂਤ ਰਾਜਾਂ ਨੂੰ ਅਜਿਹੀਆਂ ਸਥਿਤੀਆਂ ਨੂੰ ਖਤਮ ਕਰਨ ਲਈ ਵਿਸ਼ੇਸ਼ ਉਪਾਅ ਅਪਣਾਉਣ ਦੀ ਵੀ ਮੰਗ ਕਰਦਾ ਹੈ ਜੋ ਨਸਲੀ ਵਿਤਕਰੇ ਦਾ ਕਾਰਨ ਬਣਦੇ ਹਨ ਜਾਂ ਮੱਦਦ ਕਰਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਸਰਕਾਰਾਂ ਨਾਲ ਮਿਲਕੇ ਨਸਲੀ ਵਿਤਕਰੇ ਦੀ ਇਸ ਕੁਪ੍ਰਥਾ ਨੂੰ ਖਤਮ ਕਰਨ ਤਾਂ ਜੋ ਇਸ ਦਿਨ ਦਾ ਮੰਤਵ ਪੂਰਾ ਹੋ ਸਕੇ।

# ਮਨਰੇਗਾ ਸੋਸ਼ਲ ਆਡਿਟ ਦੌਰਾਨ ਦਿੱਤੀ ਗਈ ਕਾਨੂੰਨੀ ਅਧਿਕਾਰਾਂ ਅਤੇ ਭਲਾਈ ਸਕੀਮਾਂ ਸਬੰਧੀ ਜਾਣਕਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਪੱਲੀਆਂ ਖੁਰਦ ਵਿਖੇ ਮਨਰੇਗਾ ਸੋਸ਼ਲ ਆਡਿਟ ਟੀਮ ਵਲੋਂ 3 ਦਿਨ 15ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਗ੍ਰਾਂਟਾਂ ਤਹਿਤ ਹੋਏ ਮਨਰੇਗਾ ਕਾਰਜਾਂ ਦਾ ਸੋਸ਼ਲ ਆਡਿਟ ਕੀਤਾ ਗਿਆ। ਇਸ ਮੌਕੇ ਤੇ ਜਿੱਥੇ ਗਲੀਆਂ ਨਾਲੀਆਂ, ਸੌਲਿਡ ਵੇਸਟ ਪ੍ਰਾਜੈਕਟ ਅਤੇ ਹੋਰ ਵਿਕਾਸ ਕਾਰਜਾਂ ਸਬੰਧੀ ਚਰਚਾ ਹੋਈ ਉੱਥੇ ਮਜ਼ਦੂਰਾਂ ਦੇ ਰੋਜ਼ਗਾਰ, ਦਿਹਾੜੀ ਅਤੇ ਰੋਜ਼ਗਾਰ ਦੇ ਦਿਨ ਵਧਾਉਣ ਲਈ ਵੀ ਆਵਾਜ਼ ਉਠਾਈ ਗਈ। ਇਸ ਮੌਕੇ ਤੇ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼.ਭ.ਸ. ਨਗਰ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਸਟੇਟ ਐਵਾਰਡੀ ਵਲੋਂ ਮਨਰੇਗਾ ਮਜ਼ਦੂਰਾਂ ਦੇ ਕਾਨੂੰਨੀ ਅਧਿਕਾਰਾਂ ਅਤੇ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਨਿਸ਼ਕਾਮ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗਰੰਟੀ ਕਾਨੂੰਨ-2005 ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨਰੇਗਾ ਤਹਿਤ ਰੋਜ਼ਗਾਰ ਪ੍ਰਾਪਤ ਕਰਨ ਲਈ ਮਜ਼ਦੂਰਾਂ ਵਲੋਂ ਗ੍ਰਾਮ ਪੰਚਾਇਤ ਜਾਂ ਪੀ ਓ ਮਨਰੇਗਾ ਨੂੰ ਅਰਜੀ ਦਿੱਤੀ ਜਾ ਸਕਦੀ ਹੈ। ਇਸ ਅਰਜੀ ਦੀ ਰਸੀਦ ਲੈਣਾ ਜਰੂਰੀ ਹੈ। ਰੋਜ਼ਗਾਰ ਦੀ ਮੰਗ ਕਰਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਜਾਂ ਪੇਸ਼ਗੀ ਬਿਨੈ ਪੱਤਰ ਦੇ ਕੇ ਰੋਜ਼ਗਾਰ ਦੀ ਮੰਗ ਕੀਤੇ ਜਾਣ ਵਿੱਚ ਜੋ ਸਮਾਂ ਬਾਅਦ ਵਾਲਾ ਹੋਵੇ ਤੱਕ ਰੋਜਗਾਰ ਨਹੀਂ ਦਿੱਤਾ ਜਾਂਦਾ ਤਾਂ ਮਜ਼ਦੂਰ ਬੇਰੋਜਗਾਰੀ ਭੱਤੇ ਦਾ ਹੱਕਦਾਰ ਹੈ। ਬੇਰੋਜਗਾਰੀ ਭੱਤੇ ਦੀ ਦਰ ਮਾਲੀ ਸਾਲ ਦੌਰਾਨ ਪਹਿਲੇ 30 ਦਿਨਾਂ ਦੀ ਉਜਰਤ ਦਰ ਦੇ ¼ ਹਿੱਸੇ ਅਤੇ ਮਾਲੀ ਸਾਲ ਦੇ ਬਾਕੀ ਬਚੇ ਸਮੇਂ ਲਈ ½ ਹਿੱਸੇ ਨਾਲੋਂ ਘੱਟ ਨਹੀਂ ਹੋਵੇਗੀ। ਉਨ੍ਹਾਂ ਗੈਰ ਸੰਗਠਿਤ ਖੇਤਰ ਦੇ ਮਜ਼ਦੂਰਾਂ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ 'ਉਸਾਰੀ ਕਿਰਤੀ ਭਲਾਈ ਕਾਨੂੰਨ-1996' ਸਬੰਧੀ ਵੀ ਵੱਖ ਵੱਖ ਪਹਿਲੂਆਂ ਤੋਂ ਜਾਣਕਾਰੀ ਦਿੱਤੀ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਪੰਚ ਤਰਸੇਮ ਸਿੰਘ, ਪਰਮਜੀਤ ਧੀਮਾਨ ਪੰਚ, ਪਰਮਜੀਤ ਕੌਰ ਪੰਚ, ਭਾਗ ਰਾਮ, ਕਮਲਜੀਤ, ਰਜਨੀ, ਸੀਤਾ ਦੇਵੀ, ਹੁਸਨ ਲਾਲ ਆਦਿ ਨੇ ਵਿਸੇਸ਼ ਤੌਰ ਤੇ ਸ਼ਿਰਕਤ ਕੀਤੀ।



# ਦੇਸ਼ ਲਈ ਅਪਣੀ ਜਾਨ ਵਾਰਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ। ਅਜ਼ਾਦੀ ਦੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੁਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਸੀ ਪ੍ਰੰਤੂ ਉਨ੍ਹਾਂ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਆਪ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਆਪ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਆਪ ਦਾ ਜਨਮ ਹੋਇਆ ਉਸੇ ਦਿਨ ਹੀ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਜੇਲ ਤੋਂ ਰਿਹਾ ਹੋਕੇ ਆਏ ਸਨ। ਆਪ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਆਪ ਨੇ ਅਪਣੀ ਮੁਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਡੀ ਏ ਵੀ ਸਕੂਲ ਲਾਹੋਰ ਵਿੱਚ ਦਾਖਲਾ ਲੈ ਲਿਆ। ਅੰਗਰੇਜ ਇਸ ਸਕੂਲ ਨੂੰ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਆਪ ਦੀ ਉਮਰ ਲੱਗਭੱਗ 12 ਸਾਲ ਸੀ ਅਤੇ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਆਪ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾਂ ਸੁਤੰਤਰਤਾ ਸੰਗਰਾਮ ਪੜ੍ਹੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ ਥਾਪਰ, ਸ਼ਿਵਰਾਮ ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਆਪ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੋਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਆਪ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਤੇ ਲਾਹੋਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਹੋਈਆਂ ਸਜ਼ਾਵਾਂ ਤੋਂ ਉਹ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਨੂੰ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਦੇ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਖੁੱਲੇ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਫਰਵਰੀ 1928 ਵਿੱਚ ਭਾਰਤ ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਸ਼ਹੀਦ ਭਗਤ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ, ਸਕਾਟ ਦੀ ਜਗ੍ਹਾ ਤੇ ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਚੰਦਰ ਸ਼ੇਖਰ ਆਜ਼ਾਦ ਨੇ ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਭਗਤ ਸਿੰਘ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਪ੍ਰਤੀ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਨਾਲ ਉਹਨਾਂ ਦਾ ਵਿਰੋਧ ਸੁਭਾਵਿਕ ਹੀ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣਾ ਉਹਨਾਂ ਦੇ ਦੱਲ ਦਾ ਫੈਸਲਾ ਸੀ। ਉਹ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦੇਸ਼ ਵਾਸੀ ਜਾਗ ਚੁੱਕੇ ਹਨ ਅਤੇ ਉਹਨਾਂ ਦੇ ਦਿਲ ਵਿੱਚ ਅੰਗਰੇਜਾ ਦੀਆਂ ਲੋਕਮਾਰੂ ਨੀਤੀਆਂ ਕਾਰਨ ਗੁੱਸਾ ਅਤੇ ਵਿਰੋਧ ਹੈ। ਇਸ ਲਈ ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ। ਭਗਤ ਸਿੰਘ ਚਾਹੁੰਦਾ ਸੀ ਕਿ ਇਸ ਵਿੱਚ ਕੋਈ ਖੂਨ ਖਰਾਬਾ ਨਾ ਹੋਵੇ ਅਤੇ ਅੰਗਰੇਜ਼ਾਂ ਤੱਕ ਉਹਨਾਂ ਦੀ ਆਵਾਜ਼ ਵੀ ਪਹੁੰਚੇ। ਇਸ ਕੰਮ ਲਈ ਸਰਵਸੰਮਤੀ ਨਾਲ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। ਇਸ ਲਈ 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ। ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਭਗਤ ਸਿੰਘ ਚਾਹੁੰਦੇ ਤਾਂ ਭੱਜ ਵੀ ਸਕਦੇ ਸੀ ਪਰ ਉਹਨਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹਨਾਂ ਨੂੰ ਸਜ਼ਾ ਸਵੀਕਾਰ ਹੈ ਭਾਵੇਂ ਉਹ ਫਾਂਸੀ ਹੀ ਕਿਉਂ ਨਾ ਹੋਵੇ, ਉਹਨਾਂ ਨੇ ਭੱਜਣ ਤੋਂ ਮਨਾ ਕਰ ਦਿੱਤਾ। ਉਸ ਸਮੇਂ ਉਹਨਾਂ ਦੋਨਾਂ ਨੇ ਖਾਕੀ ਕਮੀਜ਼ ਅਤੇ ਨਿੱਕਰ ਪਾਈ ਹੋਈ ਸੀ। ਬੰਬ ਸੁੱਟਣ ਤੋਂ ਬਾਅਦ ਉਹਨਾਂ ਦੋਨਾਂ ਨੇ "ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ'' ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜ਼ੇਲ ਵਿੱਚ ਰਹਿੰਦੇ ਹੋਏ ਉਹਨਾਂ ਦਾ ਅਧਿਐਨ ਲਗਾਤਾਰ ਜਾਰੀ ਰਿਹਾ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਭਾਵੇਂ ਉਹ ਕੋਈ ਵੀ ਹੋਵੇ ਉਹ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਜ਼ੇਲ ਵਿੱਚ ਇੱਕ ਲੇਖ ਵੀ ਲਿਖਿਆ ਸੀ ਮੈਂ ਨਾਸਤਿਕ ਕਿਉਂ ਹਾਂ? ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਜਾਤਿ ਅਤੇ ਧਰਮ ਦੇ ਕਾਰਨ ਆਈਆਂ ਦੂਰੀਆਂ ਤੇ ਦੁੱਖ ਪ੍ਰਗਟ ਕੀਤਾ ਸੀ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰਤ ਵਿੱਚ ਰਹਿੰਦੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਆਪ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ ਜਿਹੜੀ ਉਹਨਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਆਪ ਦਾ ਵਿਸ਼ਵਾਸ਼ ਸੀ ਕਿ ਉਹਨਾਂ ਦੀ ਮੌਤ ਤੋਂ ਬਾਦ ਦੇਸ ਦੀ ਜਨਤਾ ਹੋਰ ਅੰਦੋਲਨਕਾਰੀ ਹੋ ਜਾਵੇਗੀ ਜੋਕਿ ਉਹਨਾਂ ਦੇ ਜਿੰਦਾਂ ਰਹਿਣ ਨਾਲ ਸ਼ਾਇਦ ਹੀ ਹੋ ਪਾਵੇ। ਇਸ ਕਾਰਨ ਹੀ ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਇੱਕ ਯੁੱਧਬੰਦੀ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਚੰਦਰ ਸ਼ੇਖਰ ਆਜ਼ਾਦ ਨਾਲ ਪਹਿਲੀ ਮੁਲਾਕਾਤ ਦੇ ਸਮੇਂ ਬਲਦੀ ਹੋਈ ਮੋਮਬੱਤੀ ਉਪਰ ਹੱਥ ਰੱਖ ਕੇ ਉਹਨਾਂ ਨੇ ਕਸਮ ਖਾਧੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇਸ਼ ਉਪਰ ਹੀ ਕੁਰਬਾਨ ਹੋਵੇਗੀ ਅਤੇ ਉਹਨਾਂ ਨੇ ਆਪਣੀ ਉਹ ਕਸਮ ਪੂਰੀ ਕਰਕੇ ਵਿਖਾਈ। ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰ ਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। ਲਹੋਰ ਵਿੱਚ ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਧਮਾਕਾ ਦੇ ਕੇਸ ਚੱਲੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਸਾਜ਼ਿਸ਼ ਕੇਸ ਵਿੱਚ ਮੌਤ ਦੀ ਸਜ਼ਾ ਦਿੱਤੀ ਗਈ ਸੀ ਅਤੇ 24 ਮਾਰਚ 1931 ਨੂੰ ਉਨ੍ਹਾਂ ਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਗਿਆ ਸੀ ਪਰ ਸਮੇਂ ਵਿੱਚ ਫੇਰਬਦਲ ਕੀਤੀ ਗਈ ਅਤੇ 23 ਮਾਰਚ 1931 ਨੂੰ ਲਾਹੌਰ ਜੇਲ੍ਹ ਵਿੱਚ ਤਿੰਨਾਂ ਨੂੰ ਫਾਂਸੀ ਦੇ ਦਿੱਤੀ ਗਈ ਸੀ। ਇਹ ਰਿਪੋਰਟ ਕੀਤੀ ਗਈ ਕਿ ਉਸ ਸਮੇਂ ਕੋਈ ਮੈਜਿਸਟਰੇਟ ਫਾਂਸੀ ਦੀ ਨਿਗਰਾਨੀ ਕਰਨ ਲਈ ਤਿਆਰ ਨਹੀਂ ਸੀ ਇਸ ਦੀ ਬਜਾਏ ਇੱਕ ਆਨਰੇਰੀ ਜੱਜ ਦੁਆਰਾ ਫਾਂਸੀ ਦੀ ਨਿਗਰਾਨੀ ਕੀਤੀ ਗਈ ਸੀ ਜਿਸਨੇ ਤਿੰਨ ਮੌਤ ਵਾਰੰਟਾਂ ਤੇ ਹਸਤਾਖਰ ਵੀ ਕੀਤੇ ਸਨ। ਫਾਂਸੀ ਤੇ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ ਜੋ ਸਿੰਧ ਦੇ ਇੱਕ ਪ੍ਰਕਾਸ਼ਕ ਭਜਨ ਲਾਲ ਬੁਕ ਸੇਲਰ ਨੇ ਆਰਟ ਪ੍ਰੈਸ, ਸਿੰਧ ਤੋਂ ਛਾਪੀ ਸੀ। ਕਿਹਾ ਜਾਂਦਾ ਹੈ ਕਿ ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ "ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।'' ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲ ਕੇ ਬੋਲੇ "ਠੀਕ ਹੈ ਹੁਣ ਚੱਲੋ।'' ਫਾਂਸੀ ਤੇ ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀ ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ। ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰ ਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਇਨ੍ਹਾਂ ਸ਼ਹੀਦਾਂ ਦੀ ਮੋਤ ਬਾਰੇ ਲਾਹੋਰ ਦੇ ਦੈਨਿਕ ਟ੍ਰਿਬਿਊਨ ਅਤ ਨਿਉਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ। ਟ੍ਰਿਬਿਊਨ ਦੇ ਮੁੱਖ ਵਰਕੇ ਤੇ ਕ੍ਰਾਂਤੀਕਾਰੀਆਂ ਦੇ ਲਹੂ ਨਾਲ ਭਿੱਜੀ 'ਦਿ ਟ੍ਰਿਬਿਊਨ' ਅਖ਼ਬਾਰ ਦੀ 25 ਮਾਰਚ 1931 ਦੀ ਕਾਪੀ ਖਟਕੜ ਕਲਾਂ ਵਿੱਚ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਮਿਊਜ਼ੀਅਮ' ਵਿੱਚ ਰੱਖੀ ਹੋਈ ਹੈ। ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਦੇ ਆਣ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁੱਧੀਜੀਵੀਆਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਸੀ। ਕਰਾਚੀ ਵਿੱਚ ਕਾਂਗਰਸ ਪਾਰਟੀ ਦੇ ਸਲਾਨਾ ਸੰਮੇਲਨ ਮੌਕੇ ਤੇ ਗੁੱਸੇ ਹੋਏ ਨੌਜਵਾਨਾਂ ਨੇ ਗਾਂਧੀ ਨੂੰ ਕਾਲੇ ਝੰਡੇ ਦਿਖਾਏ ਸਨ। ਕਰਾਚੀ ਸੈਸ਼ਨ ਦੌਰਾਨ ਕਾਂਗਰਸ ਪਾਰਟੀ ਨੇ ਐਲਾਨ ਕੀਤਾ ਸੀ ਕਿ ਇਨ੍ਹਾਂ ਸਹੀਦਾਂ ਦੀ ਬਹਾਦਰੀ ਅਤੇ ਕੁਰਬਾਨੀ ਦੀ ਪ੍ਰਸੰਸਾ ਨੂੰ ਦਰਜ ਕਰਦੀ ਹੈ ਅਤੇ ਉਹਨਾਂ ਦੇ ਦੁਖੀ ਪਰਿਵਾਰਾਂ ਨਾਲ ਸੋਗ ਕਰਦੀ ਹੈ। 29 ਮਾਰਚ 1931 ਨੂੰ ਯੰਗ ਇੰਡੀਆ ਵਿੱਚ ਗਾਂਧੀ ਨੇ ਲਿਖਿਆ ਸੀ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ ਗਈ ਹੈ। ਕਾਂਗਰਸ ਨੇ ਜ਼ਿੰਦਗੀਆਂ ਬਚਾਉਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਭਾਰਤੀ ਮੈਗਜ਼ੀਨ ਫਰੰਟਲਾਈਨ ਵਿੱਚ ਇੱਕ ਰਿਪੋਰਟ ਅਨੁਸਾਰ ਮੌਤ ਦੀ ਸਜ਼ਾ ਨੂੰ ਬਦਲਣ ਲਈ ਕਈ ਵਾਰ ਬੇਨਤੀ ਕੀਤੀ ਸੀ। ਵਾਇਸਰਾਏ ਨੂੰ ਇੱਕ ਚਿੱਠੀ ਵਿਚ ਉਸਨੇ ਇਸ ਸਜ਼ਾ ਵਿੱਚ ਬਦਲਾਓ ਲਈ ਬੇਨਤੀ ਕੀਤੀ ਸੀ। ਸ਼ਹੀਦ ਭਗਤ ਸਿੰਘ ਦਾ ਆਦਰਸ਼ ਕਰਤਾਰ ਸਿੰਘ ਸਰਾਭਾ ਸੀ ਅਤੇ ਉਸ ਨੂੰ ਆਪਣਾ ਨਾਇੱਕ ਮੰਨਿਆ। ਉਹ ਗਦਰ ਪਾਰਟੀ ਦੇ ਇੱਕ ਹੋਰ ਸੰਸਥਾਪਕ ਭਾਈ ਪਰਮਾਨੰਦ ਤੋਂ ਵੀ ਪ੍ਰੇਰਿਤ ਸੀ। ਉਹ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਵੱਲ ਖਿੱਚਿਆ ਗਿਆ ਸੀ। ਉਹ ਮਿਖਾਇਲ ਬਾਕੂਨਿਨ ਦੀਆਂ ਸਿੱਖਿਆਵਾਂ ਦਾ ਪਾਠਕ ਸੀ ਅਤੇ ਉਸਨੇ ਕਾਰਲ ਮਾਰਕਸ, ਲੈਨਿਨ ਆਦਿ ਨੂੰ ਵੀ ਪੜਿਖ਼ਆ ਸੀ। ਟੂ ਯੰਗ ਪਲੀਟੀਕਲ ਵਰਕਰਜ਼ ਵਿੱਚ ਉਹ ਆਪਣੇ ਆਦਰਸ਼ ਨੂੰ ਨਵੇਂ ਤੇ ਸਮਾਜਿਕ ਪੁਨਰ ਨਿਰਮਾਣ ਅਰਥਾਤ ਮਾਰਕਸਵਾਦੀ ਆਧਾਰ ਘੋਸ਼ਿਤ ਕਰਦਾ ਹੈ। ਉਸਨੇ ਗਾਂਧੀਵਾਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਨਹੀਂ ਕੀਤਾ ਜਿਸਨੇ ਸੱਤਿਆਗ੍ਰਹਿ ਅਤੇ ਅਹਿੰਸਕ ਵਿਰੋਧ ਦੇ ਹੋਰ ਰੂਪਾਂ ਦੀ ਵਕਾਲਤ ਕੀਤੀ ਅਤੇ ਮਹਿਸੂਸ ਕੀਤਾ ਕਿ ਅਜਿਹੀ ਰਾਜਨੀਤੀ ਇੱਕ ਹੋਰ ਸ਼ੋਸ਼ਣ ਕਰਨ ਵਾਲਿਆਂ ਦੀ ਥਾਂ ਲੈ ਲਵੇਗੀ। ਮਈ ਤੋਂ ਸਤੰਬਰ 1928 ਤੱਕ ਉਸ ਨੇ ਕਿਰਤੀ ਵਿੱਚ ਅਰਾਜਕਤਾਵਾਦ ਬਾਰੇ ਲੇਖ ਲਿਖੇ। ਉਸਨੇ ਸਪੱਸ਼ਟ ਕੀਤਾ ਕਿ ਅਰਾਜਕਤਾ ਦਾ ਮਤਲਬ ਸ਼ਾਸਕ ਦੀ ਗੈਰਹਾਜ਼ਰੀ ਅਤੇ ਰਾਜ ਨੂੰ ਖ਼ਤਮ ਕਰਨਾ ਹੈ। ਉਸਦਾ ਵਿਸ਼ਵਾਸ ਸੀ ਕਿ ਅਰਾਜਕਤਾਵਾਦ ਦਾ ਅੰਤਮ ਟੀਚਾ ਪੂਰਾ ਅਜ਼ਾਦੀ ਹੈ। ਇਤਿਹਾਸਕਾਰ ਕੇ ਐਨ ਪਾਨੀਕਰ ਨੇ ਭਗਤ ਸਿੰਘ ਨੂੰ ਸ਼ੁਰੂਆਤੀ ਮਾਰਕਸਵਾਦੀਆਂ ਵਿਚੋਂ ਇੱਕ ਮੰਨਿਆ ਹੈ। ਸਿਆਸੀ ਸਿਧਾਂਤਕਾਰ ਜੇਸਨ ਐਡਮਸ ਨੇ ਕਿਹਾ ਕਿ ਉਹ ਲੇਨਿਨ ਨਾਲ ਜ਼ਿਆਦਾ ਪਿਆਰ ਕਰਦਾ ਸੀ। ਉਸਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਕ੍ਰਾਂਤੀਕਾਰੀ ਅੰਦੋਲਨ ਦੇ ਇਤਿਹਾਸ ਦਾ ਅਧਿਐਨ ਕੀਤਾ। ਉਸ ਦੀ ਜੇਲ੍ਹ ਨੋਟਬੁੱਕ ਵਿਚ ਉਸ ਨੇ ਸਾਮਰਾਜੀ ਅਤੇ ਪੂੰਜੀਵਾਦ ਦੇ ਸੰਦਰਭ ਵਿੱਚ ਲੈਨਿਨ ਦਾ ਹਵਾਲਾ ਅਤੇ ਕ੍ਰਾਂਤੀਕਾਰੀ ਵਿਚਾਰ ਦਿੱਤੇ। ਜਦੋਂ ਉਸਨੰ ਉਸਦੀ ਆਖਰੀ ਇੱਛਾ ਪੁੱਛੀ ਗਈ ਤਾਂ ਭਗਤ ਸਿੰਘ ਨੇ ਜਵਾਬ ਦਿੱਤਾ ਕਿ ਉਹ ਲੈਨਿਨ ਦੀ ਜ਼ਿੰਦਗੀ ਬਾਰੇ ਪੜ੍ਹ ਰਿਹਾ ਹੈ ਅਤੇ ਇਸਨੂੰ ਮੁਕੰਮਲ ਕਰਨਾ ਚਾਹੁੰਦਾ ਹੈ। ਮਾਰਕਸਵਾਦੀ ਆਦਰਸ਼ਾਂ ਵਿੱਚ ਆਪਣੇ ਵਿਸ਼ਵਾਸ ਦੇ ਬਾਵਜੂਦ ਉਹ ਕਮਿਊਨਿਸਟ ਪਾਰਟੀ ਆਫ ਇੰਡੀਆ ਵਿੱਚ ਸ਼ਾਮਲ ਨਹੀਂ ਹੋਇਆ। ਉਸਨੇ ਮੈਂ ਨਾਸਤਿਕ ਕਿਉਂ ਹਾਂ ਵਿੱਚ ਲਿਖਿਆ ਕਿ ਉਸਦੀ ਨਾਸਤਿਕਤਾ ਘਮੰਡ ਤੋਂ ਪੈਦਾ ਨਹੀਂ ਹੋਈ। ਉਸ ਨੇ ਆਪਣੇ ਵਿਸ਼ਵਾਸਾਂ ਬਾਰੇ ਲਿਖਿਆ ਕਿ ਉਹ ਸਰਬ ਸ਼ਕਤੀਮਾਨ ਵਿੱਚ ਦ੍ਰਿੜ ਵਿਸ਼ਵਾਸੀ ਸੀ ਪਰ ਉਹ ਦੂਸਰਿਆਂ ਵਾਂਗ ਮਿੱਥ ਅਤੇ ਕਲਪਨਾਵਾਂ ਤੇ ਵਿਸ਼ਵਾਸ ਨਹੀਂ ਕਰ ਸਕਦਾ। ਕਿਰਤੀ ਦੇ ਜੂਨ 1928 ਦੇ ਅੰਕ ਵਿੱਚ ਪ੍ਰਕਾਸ਼ਿਤ ਉਸਦਾ ਪ੍ਰਸਿੱਧ ਲੇਖ "ਅਛੂਤ ਦੀ ਸਮੱਸਿਆ'' ਵਿੱਚ ਭਗਤ ਸਿੰਘ ਨੇ ਜਾਤ ਅਤੇ ਸਬੰਧਤ ਪਹਿਲੂਆਂ ਦੀ ਆਲੋਚਨਾ ਕੀਤੀ ਸੀ। ਬਰਾਬਰੀ ਦੇ ਸੰਕਲਪ ਤੋਂ ਜਾਤ-ਆਧਾਰਿਤ ਵਿਤਕਰੇ ਅਤੇ ਅੱਤਿਆਚਾਰਾਂ ਦੀ ਆਲੋਚਨਾ ਕਰਨਾ ਭਗਤ ਸਿੰਘ ਦੇ ਜਾਤ-ਪਾਤ ਅਤੇ ਛੂਤ-ਛਾਤ ਬਾਰੇ ਵਿਚਾਰਾਂ ਨੂੰ ਸਪੱਸ਼ਟ ਕਰਦੇ ਹਨ। ਅਛੂਤ ਦੇ ਛੂਹਣ ਨਾਲ ਉੱਚ ਜਾਤੀ ਦੇ ਧਰਮ ਦਾ ਪ੍ਰਦੂਸ਼ਿਤ ਹੁੰਦਾ ਹੈ ਇਸ ਵਿਸ਼ਵਾਸ ਦੀ ਭਗਤ ਸਿੰਘ ਦੁਆਰਾ ਕਈ ਥਾਵਾਂ ਤੇ ਆਲੋਚਨਾ ਕੀਤੀ ਗਈ ਹੈ। ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ ਕਿ ਭਗਤ ਸਿੰਘ ਨੌਜਵਾਨਾਂ ਵਿੱਚ ਨਵੇਂ ਜਾਗਰਣ ਦਾ ਪ੍ਰਤੀਕ ਬਣ ਗਿਆ ਹੈ। ਜਵਾਹਰ ਲਾਲ ਨਹਿਰੂ ਨੇ ਵੀ ਮੰਨਿਆ ਕਿ ਭਗਤ ਸਿੰਘ ਦੀ ਲੋਕਾਂ ਵਿੱਚ ਹਰਮਨ ਪਿਆਰਤਾ ਇੱਕ ਨਵੇਂ ਕੌਮੀ ਜਾਗਰਣ ਵੱਲ ਵਧ ਰਹੀ ਹੈ ਅਤੇ ਕਿਹਾ ਉਹ ਇੱਕ ਸਾਫ ਸੁਥਰਾ ਲੜਾਕੂ ਸੀ ਜੋ ਖੁੱਲ੍ਹੇਆਮ ਆਪਣੇ ਦੁਸ਼ਮਣ ਦਾ ਸਾਹਮਣਾ ਕਰਦਾ ਸੀ। ਉਹ ਇੱਕ ਚੰਗਿਆੜੀ ਵਰਗਾ ਸੀ ਜੋ ਥੋੜੇ ਸਮੇਂ ਵਿੱਚ ਇੱਕ ਜਵਾਲਾ ਬਣ ਗਿਆ ਅਤੇ ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਪਾਸੇ ਦਾ ਹਨ੍ਹੇਰਾ ਦੂਰ ਕੀਤਾ। ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਸਰ ਹੋਰੇਸ ਵਿਲੀਅਮਸਨ ਨੇ ਫਾਂਸੀ ਦੇਣ ਤੋਂ ਚਾਰ ਸਾਲ ਬਾਅਦ ਲਿਖਿਆ ਕਿ ਉਸ ਦੀ ਫੋਟੋ ਹਰ ਸ਼ਹਿਰ ਅਤੇ ਬਸਤੀ ਵਿੱਚ ਵਿਕ ਰਹੀ ਸੀ। ਭਗਤ ਸਿੰਘ ਅੱਜ ਦੇ ਭਾਰਤੀ ਚਿੱਤਰ-ਵਿਗਿਆਨ ਵਿੱਚ ਇੱਕ ਅਹਿਮ ਸ਼ਖ਼ਸੀਅਤ ਹੈ। ਪ੍ਰੋਫੈਸਰ ਪ੍ਰੀਤਮ ਸਿੰਘ ਜੋ ਭਾਰਤ ਵਿੱਚ ਸੰਘਵਾਦ, ਰਾਸ਼ਟਰਵਾਦ ਅਤੇ ਵਿਕਾਸ ਦੇ ਅਧਿਐਨ ਦਾ ਮਾਹਿਰ ਹੈ ਕਹਿੰਦਾ ਹੈ ਕਿ ਭਗਤ ਸਿੰਘ ਭਾਰਤੀ ਰਾਜਨੀਤੀ ਵਿੱਚ ਲੱਗਭੱਗ ਹਰੇਕ ਰੁਝਾਨ ਨੂੰ ਚੁਣੌਤੀ ਦਾ ਪ੍ਰਤੀਨਿਧ ਹੈ। ਗਾਂਧੀਵਾਦੀ ਲੋਕਾਂ ਨੂੰ ਭਗਤ ਸਿੰਘ ਦਾ ਹਿੰਸਾਤਮਕ ਤਰੀਕਾ ਸਮੱਸਿਆ ਲੱਗਦਾ ਹੈ, ਧਾਰਮਿਕ ਕੱਟੜਤਾ ਵਾਲੇ ਲੋਕ ਉਸਦੀ ਨਾਸਤਿਕਤਾ ਤੋਂ ਪ੍ਰੇਸ਼ਾਨ ਹਨ। 15 ਅਗਸਤ 2008 ਨੂੰ ਭਗਤ ਸਿੰਘ ਦੀ 18 ਫੁੱਟ ਉੱਚੀ ਕਾਂਸੀ ਦੀ ਮੂਰਤੀ ਭਾਰਤੀ ਪਾਰਲੀਮੈਂਟ ਵਿੱਚ ਇੰਦਰਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਦੀਆਂ ਮੂਰਤੀਆਂ ਦੇ ਨਾਲ ਸਥਾਪਿਤ ਕੀਤੀ ਗਈ ਸੀ। ਭਗਤ ਸਿੰਘ ਅਤੇ ਦੱਤ ਦੀ ਤਸਵੀਰ ਪਾਰਲੀਮੈਂਟ ਹਾਊਸ ਦੀਆਂ ਕੰਧਾਂ ਤੇ ਵੀ ਲਗਾਈ ਗਈ ਹੈ। ਜਿਸ ਸਥਾਨ ਤੇ ਸਤਲੁਜ ਨਦੀ ਦੇ ਕੰਢੇ ਹੁਸੈਨੀਵਾਲਾ ਵਿਖੇ ਇਨ੍ਹਾਂ ਸ਼ਹੀਦਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ ਵੰਡ ਦੌਰਾਨ ਪਾਕਿਸਤਾਨੀ ਖੇਤਰ ਬਣ ਗਿਆ ਹੈ। 17 ਜਨਵਰੀ 1961 ਨੂੰ 12 ਪਿੰਡਾਂ ਦੇ ਬਦਲੇ ਇਸਨੂੰ ਭਾਰਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ ਉਥੇ ਹੀ 19 ਜੁਲਾਈ 1965 ਨੂੰ ਬੱਤੁਕੇਸ਼ਵਰ ਦੱਤ ਦੀ ਅੰਤਿਮ ਇੱਛਾ ਅਨੁਸਾਰ ਉਸ ਦਾ ਸੰਸਕਾਰ ਕੀਤਾ ਗਿਆ ਸੀ। 1968 ਵਿੱਚ ਕੌਮੀ ਸ਼ਹੀਦੀ ਸਮਾਰਕ ਬਣਾਇਆ ਗਿਆ ਸੀ ਅਤੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਯਾਦਗਾਰਾਂ ਬਣਾਈਆਂ ਗਈਆਂ। 1971 ਦੀ ਭਾਰਤ-ਪਾਕਿ ਲੜਾਈ ਦੌਰਾਨ ਯਾਦਗਾਰ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਸ਼ਹੀਦਾਂ ਦੀਆਂ ਮੂਰਤੀਆਂ ਨੂੰ ਪਾਕਿਸਤਾਨੀ ਫੌਜ ਨੇ ਹਟਾ ਦਿੱਤਾ ਸੀ ਅਤੇ ਭਾਰਤ ਸਰਕਾਰ ਵਲੋਂ 1973 ਵਿੱਚ ਦੁਬਾਰਾ ਬਣਾਈਆਂ ਗਈਆਂ ਸਨ। 23 ਮਾਰਚ ਨੂੰ ਸਾਲਾਨਾ ਸ਼ਹੀਦੀ ਮੇਲਾ ਆਯੋਜਿਤ ਕੀਤਾ ਜਾਂਦਾ ਹੈ ਜਿੱਥੇ ਲੋਕ ਕੌਮੀ ਸ਼ਹੀਦ ਸਮਾਰਕ ਵਿਖੇ ਸ਼ਰਧਾਂਜਲੀ ਦਿੰਦੇ ਹਨ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਮਿਊਜ਼ੀਅਮ ਪਿੰਡ ਖਟਕੜ ਕਲਾਂ ਵਿਖੇ 50 ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਖੋਲ੍ਹਿਆ ਗਿਆ ਸੀ। ਪ੍ਰਦਰਸ਼ਨੀਆਂ ਵਿੱਚ ਅਸਥੀਆਂ, ਖ਼ੂਨ ਭਿੱਜੀ ਰੇਤ, ਅਤੇ ਖ਼ੂਨ ਦਾ ਰੰਗਿਆ ਹੋਇਆ ਅਖਬਾਰ ਸ਼ਾਮਲ ਹੈ ਜਿਸ ਵਿੱਚ ਰਾਖ ਨੂੰ ਲਪੇਟਿਆ ਗਿਆ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਫੈਸਲੇ ਦਾ ਪੰਨਾ ਜਿਸ ਵਿੱਚ ਕਰਤਾਰ ਸਿੰਘ ਸਰਾਭਾ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ ਅਤੇ ਜਿਸ ਉੱਤੇ ਭਗਤ ਸਿੰਘ ਨੇ ਕੁਝ ਨੋਟਸ ਭੇਜੇ ਸਨ ਅਤੇ ਦਸਤਖਤ ਵਾਲੀ ਭਾਗਵਤ ਗੀਤਾ ਦੀ ਇੱਕ ਕਾਪੀ ਜੋ ਉਸ ਨੂੰ ਲਾਹੌਰ ਜੇਲ੍ਹ ਵਿੱਚ ਮਿਲੀ ਸੀ ਅਤੇ ਹੋਰ ਨਿੱਜੀ ਵਸਤਾਂ ਵੀ ਰੱਖੀਆਂ ਗਈਆਂ ਹਨ। ਭਾਰਤ ਦੇ ਨੌਜਵਾਨ ਅੱਜ ਵੀ ਸ਼ਹੀਦ ਭਗਤ ਸਿੰਘ ਤੋਂ ਪ੍ਰਭਾਵਿਤ ਹਨ। 2008 ਵਿੱਚ ਭਾਰਤੀ ਮੈਗਜ਼ੀਨ ਇੰਡੀਆ ਟੂਡੇ ਦੁਆਰਾ ਇੱਕ ਸਰਵੇਖਣ ਵਿੱਚ ਉਸਨੂੰ ਬੋਸ ਅਤੇ ਗਾਂਧੀ ਤੋਂ ਪਹਿਲਾਂ ਮਹਾਨ ਭਾਰਤੀ ਚੁਣਿਆ ਗਿਆ ਸੀ। ਭਾਰਤੀ ਸੰਸਦ ਵਿੱਚ ਵੀ 23 ਮਾਰਚ 2001 ਅਤੇ 2005 ਨੂੰ ਮੌਨ ਸ਼ਰਧਾਂਜਲੀ ਦਿੱਤੀ ਗਈ। ਪਾਕਿਸਤਾਨ ਵਿੱਚ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਪਾਕਿਸਤਾਨ ਦੀ ਮੰਗ ਤੇ ਲਾਹੌਰ ਵਿੱਚ ਜਿੱਥੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ ਦਾ ਨਾਂ ਬਦਲਕੇ ਭਗਤ ਸਿੰਘ ਚੌਂਕ ਰੱਖਿਆ ਗਿਆ ਹੈ। ਭਗਤ ਸਿੰਘ ਦੇ ਜੀਵਨ ਅਤੇ ਸਮੇਂ ਨੂੰ ਕਈ ਫਿਲਮਾਂ ਰਾਹੀਂ ਪੇਸ਼ ਕੀਤਾ ਗਿਆ ਹੈ। 2008 ਵਿੱਚ ਭਗਤ ਸਿੰਘ ਦੀ 40-ਮਿੰਟ ਦੀ ਇੱਕ ਡੌਕੂਮੈਂਟਰੀ ਫ਼ਿਲਮ ਇਨਕਲਾਬ ਬਣਾਈ ਗਈ ਹੈ। 1968 ਵਿੱਚ ਭਾਰਤ ਸਰਕਾਰ ਨੇ ਸਹੀਦ ਭਗਤ ਸਿੰਘ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਸੀ। 2012 ਵਿੱਚ ਇੱਕ 5 ਰੁਪਏ ਦਾ ਸਿੱਕਾ ਵੀ ਜਾਰੀ ਕੀਤਾ ਗਿਆ ਸੀ। ਭਾਰਤ ਅਤੇ ਪਾਕਿਸਤਾਨ ਦੀ ਜਨਤਾ ਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੀ ਹੈ ਅਤੇ ਨੌਜਵਾਨਾ ਲਈ ਇੱਕ ਵੱਡਾ ਆਦਰਸ਼ ਹਨ ਜਿਸਨੇ ਆਪਣੀ ਜਵਾਨੀ ਸਮੇਤ ਸਾਰੀ ਜ਼ਿੰਦਗੀ ਦੇਸ਼ ਦੇ ਲਈ ਸਮਰਪਿਤ ਕਰ ਦਿੱਤੀ। ਉਨ੍ਹਾਂ ਦੀ ਸ਼ਹੀਦੀ ਦੇ ਕਈ ਦਹਾਕੇ ਬੀਤਣ ਦੇ ਬਾਬਜੂਦ ਉਨ੍ਹਾਂ ਦੀ ਸੋਚ ਲਾਗੂ ਨਹੀਂ ਹੋ ਸਕੀ ਹੈ। ਵੱਖ ਵੱਖ ਸਰਕਾਰਾਂ ਅਤੇ ਰਾਜਨੀਤਿਕ ਆਗੂਆਂ ਨੇ ਸ਼ਹੀਦਾਂ ਦੀ ਸੋਚ ਤੇ ਕੰਮ ਕਰਨ ਦੇ ਵਾਅਦੇ ਕੀਤੇ ਹਨ ਪਰੰਤੂ ਸਿਰਫ ਵਾਅਦੇ ਹੀ ਰਹੇ ਹਨ। ਮੋਜੂਦਾ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਹਰ ਸਰਕਾਰੀ ਦੱਫਤਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀਆਂ ਫੋਟੋਆਂ ਲਗਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜਕਲਾਂ ਵਿੱਚ ਹੀ ਸਹੁੰ ਸਮਾਗਮ ਕਰਕੇ ਸ਼ਹੀਦ ਭਗਤ ਸਿੰਘ ਦੀ ਸੋਚ ਤੇ ਕੰਮ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਨ੍ਹਾਂ ਵਲੋਂ ਵੇਖੇ ਗਏ ਸਪਨਿਆਂ ਨੂੰ ਪੂਰਾ ਕੀਤਾ ਜਾਵੇ।



# ਸ਼ਹੀਦ ਭਗਤ ਸਿੰਘ (ਸਤੰਬਰ 28, 1907-ਮਾਰਚ 23, 1931)

## ਮਰਹੂਮ ਡਾ. ਗੁਰੂਮੇਲ ਸਿੱਧੂ ਦਾ 'ਦੇਸ਼ ਦੁਆਬਾ' 'ਚ ਛਪਿਆ ਇਕ ਪੁਰਾਣਾ ਲੇਖ

ਕੁਰਬਾਨੀ ਛੋਟੀ ਜਾਂ ਵੱਡੀ ਨਹੀਂ ਹੁੰਦੀ, ਇਸ ਦੀ ਇਰਾਦੇ, ਮਕਸਦ, ਅਤੇ ਅਕੀਦਤ ਵਿਚ ਫਰਕ ਹੋ ਸਕਦਾ ਹੈ। ਕੁਰਬਾਨੀਆਂ ਪੱਖੋਂ ਸਾਰੇ ਲਾਹੌਰ ਸਾਜਿਸ਼ ਕੇਸ ਮਹੱਤਵਪੂਰਨ ਸਨ। ਇਨ੍ਹਾਂ ਵਿਚ ਜਿਨ੍ਹਾਂ ਨੇ ਜਾਨਾਂ ਵਾਰੀਆਂ, ਉਨ੍ਹਾਂ ਦੀ ਦਰਜਾਬੰਦੀ ਨਹੀਂ ਹੋ ਸਕਦੀ ਤੇ ਨਾ ਹੀ ਕਰਨੀ ਚਾਹੀਦੀ ਹੈ। ਲੇਕਿਨ ਪਹਿਲਾ ਅਤੇ ਛੇਵਾਂ ਲਾਹੌਰ ਸਾਜਿਸ਼ ਕੇਸ ਸਭ ਤੋਂ ਵੱਧ ਮਸ਼ਹੂਰ ਹੋਏ। ਪਹਿਲਾ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਕਰਕੇ ਅਤੇ ਦੂਜਾ ਭਗਤ ਸਿੰਘ ਦੀ ਸ਼ਹਾਦਤ ਕਰਕੇ। ਇਨ੍ਹਾਂ ਦੋਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਗਾਡੀ ਫਰਜ਼ ਨਿਭਾਇਆ। ਭਗਤ ਸਿੰਘ ਦੀ ਅਦੁਤੀ ਸ਼ਹੀਦੀ ਦਾ ਵੇਰਵਾ ਹੇਠ ਦਿੱਤਾ ਗਿਆ ਹੈ।

### ਸਾਇਮਨ ਕਮਿਸ਼ਨ

ਬ੍ਰਿਟਿਸ਼ ਸਰਕਾਰ ਨੇ 1927 ਵਿਚ ਹਿੰਦੋਸਤਾਨ ਦੇ ਰਾਜਨੀਤਕ ਸੁਧਾਰਾਂ ਦਾ ਜਾਇਜ਼ਾ ਲੈਣ ਅਤੇ ਆਜ਼ਾਦੀ ਦੇਣ ਦੀ ਸੰਭਾਵਨਾ ਬਾਰੇ ਸਾਇਮਨ ਕਮਿਸ਼ਨ (Simon Commission) ਨਿਯੁਕਤ ਕੀਤਾ। ਕਮਿਸ਼ਨ ਦੇ ਸਾਰੇ ਮੈਂਬਰ ਗੋਰੇ ਸਨ, ਇਕ ਵੀ ਹਿੰਦੋਸਤਾਨੀ ਨਹੀਂ ਸੀ। ਹਿੰਦੋਸਤਾਨ ਦੀ ਸਮਾਜਿਕ ਅਤੇ ਰਾਜਨੀਤਕ ਕਿਸਮਤ ਦਾ ਫੈਸਲਾ ਕਰਨ ਲਈ, ਕਮਿਸ਼ਨ ਵਿਚ ਹਿੰਦੋਸਤਾਨੀਆਂ ਦਾ ਹੋਣਾ ਜ਼ਰੂਰੀ ਸੀ। ਕਮਿਸ਼ਨ ਦੇ ਬੰਬਈ ਉਤਰਦਿਆਂ ਸਾਰ 'ਸਾਇਮਨ ਕਮਿਸ਼ਨ ਗੋ ਬੈਕ' (Simon Go Back) ਦੇ ਨਾਅਰੇ ਸ਼ੁਰੂ ਹੋ ਗਏ। ਅਕਤੂਬਰ 30, 1928 ਨੂੰ ਕਮਿਸ਼ਨ ਲਾਹੌਰ ਪਹੁੰਚਿਆ ਤਾਂ ਲਾਲਾ ਲਾਜਪੱਤ ਰਾਏ ਨੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਵਿਚ ਇਸ ਦਾ ਬਾਈਕਾਟ ਕਰਨ ਦਾ ਮਤਾ ਪੇਸ਼ ਕੀਤਾ। ਸਰਕਾਰ ਨੇ ਮਤੇ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਰੋਹ ਵਿਚ ਲੋਕ ਸੜਕਾਂ ਤੇ ਉੱਤਰ ਆਏ ਜਿਨ੍ਹਾਂ ਦੀ ਨੁਮਾਇੰਦਗੀ ਲਾਲਾ ਜੀ ਨੇ ਕੀਤੀ। ਲੋਕਾਂ ਨੂੰ ਕਾਬੂ ਵਿਚ ਰੱਖਣ ਲਈ ਪੁਲਿਸ ਨੇ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਲਾਲਾ ਜੀ ਦੀ ਛਾਤੀ ਅਤੇ ਸਿਰ ਵਿਚ ਕੁਝ ਲਾਠੀਆਂ ਵੱਜੀਆਂ। ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ, ਪਰ ਬਚਾਇਆ ਨਾ ਜਾ ਸਕਿਆ। ਲਾਲਾ ਜੀ ਦਾ ਬਦਲਾ ਲੈਣ ਲਈ ਭਗਤ ਸਿੰਘ ਤੇ ਰਾਜਗੁਰੂ ਨੇ ਪੁਲਿਸ ਦੇ ਸੁਪਰਡੈਂਟ, ਜੇਮਜ਼ ਸਕੌਟ ਨੂੰ ਮਾਰਨਾ ਚਾਹਿਆ ਕਿਉਂਕਿ ਲਾਠੀ ਚਾਰਜ ਦਾ ਹੁਕਮ ਉਸ ਨੇ ਦਿੱਤਾ ਸੀ। ਭੁਲੇਖੇ ਵਿਚ ਸਹਾਇਕ ਸੁਪਰਡੈਂਟ, ਜੌਹਨ ਸਾਂਡਰਜ਼, ਮਾਰਿਆ ਗਿਆ। ਭਗਤ ਸਿੰਘ ਨੇ ਗੋਲ਼ੀ ਮਾਰਨੀ ਸੀ, ਪਰ ਰਾਜਗੁਰੂ ਨੇ ਬਾਜੀ ਮਾਰ ਲਈ ਕਤਲ ਕਰਨ ਤੋਂ ਬਾਅਦ ਸਾਰੇ ਕ੍ਰਾਂਤੀਕਾਰੀ ਬਚ ਕੇ ਨਿਕਲ ਗਏ। (ਹਿੰਦੋਸਤਾਨ ਸੋਸ਼ਿਲਿਸਟ ਰੀਪਬਲਕ ਐਸੋਸੀਏਸ਼ਨ) ਨੇ ਕੰਧਾਂ 'ਤੇ ਇਸ਼ਤਿਹਾਰ ਲਾਏ ਅਤੇ ਪੰਫਲਿਟ ਵੰਡੇ ਜਿਨ੍ਹਾਂ 'ਤੇ ਲਿਖਿਆ:

"Today the world has seen that the people of India are not lifeless; their blood has not become cold. They can lay down their lives for the country's honour....We are sorry to have killed a man. But this man was a part of (a) cruel, despicable and unjust system and killing him was a necessity....This Government is the most oppressive government in the world."

ਮਾਰਨ ਤੋਂ ਦੋ ਦਿਨ ਬਾਅਦ ਸੁਖਦੇਵ ਨੇ ਦੁਰਗਾ ਭਾਬੀ, ਭਗਵਤੀ ਚਰਨ ਵੋਹਰਾ ਦੀ ਧਰਮ ਪਤਨੀ, ਨੂੰ ਮਦਦ ਕਰਨ ਲਈ ਕਿਹਾ। ਉਹ ਭਗਤ ਸਿੰਘ ਨੂੰ ਆਪਣਾ ਪਤੀ ਬਣਾ ਕੇ ਗੱਡੀ ਰਾਹੀਂ ਕਲਕੱਤੇ ਲੈ ਗਈ। ਆਪਣੇ ਆਪ ਨੂੰ ਬੇਪਛਾਣ ਕਰਨ ਲਈ ਭਗਤ ਸਿੰਘ ਨੇ ਦਾਹੜੀ-ਮੁਛ ਮੰਡਵਾ ਦਿੱਤੇ। ਦੁਰਗਾ ਭਾਬੀ ਇਕ ਕ੍ਰਾਂਤੀਕਾਰੀ ਔਰਤ ਸੀ ਜਿਸ ਨੇ ਗ਼ਦਰੀਆਂ ਦਾ ਡਟ ਕੇ ਸਾਥ ਦਿੱਤਾ।

ਭਗਤ ਸਿੰਘ ਲਈ ਮਸਲਾ ਇਹ ਬਣ ਗਿਆ ਕਿ ਰੂਹਪੋਸ਼ ਰਹਿ ਕੇ ਹਿੰਦੋਸਤਾਨ ਦੀ ਆਜ਼ਾਦੀ ਵਿਚ ਖੁੱਲ੍ਹ ਕੇ ਹਿੱਸਾ ਨਹੀਂ ਪਾ ਸਕਦੇ; ਨਾਲੇ ਕਿੰਨਾ ਕੁ ਚਿਰ ਲੁਕ-ਛਿਪ ਕੇ ਰਹਿ ਸਕਦੇ ਸਨ। ਭਗਤ ਸਿੰਘ ਨੂੰ ਪਤਾ ਸੀ ਕਿ ਫੜੇ ਜਾਣ ਤੋਂ ਬਾਅਦ ਬਹੁਤ ਚਿਰ ਜਿਉਣ ਦੀ ਮੋਹਲਤ ਨਹੀਂ ਮਿਲਣੀ। ਉਹ ਵਾਪਸ ਲਾਹੌਰ ਆ ਗਿਆ ਤੇ ਕੋਈ ਚਕਾਚੌਂਦੀ ਕ੍ਰਾਂਤੀਕਾਰੀ ਕਾਰਾ ਕਰਨ ਦੀ ਸੋਚੀ ਜਿਸ ਨਾਲ ਸਰਕਾਰ ਵਿਚ ਤਹਿਲਕਾ ਮਚ ਜਾਵੇ ਅਤੇ ਦੇਸ਼ ਦੀ ਜੰਤਾ ਜਾਗ ਪਵੇ।

ਰਬ ਸਬੱਬੀਂ ਇਕ ਜ਼ਰੀਆ ਪੈਦਾ ਹੋ ਗਿਆ। ਬ੍ਰਿਟਿਸ਼ ਸਰਕਾਰ ਨੇ ਜੰਤਾ ਵਿਰੋਧੀ ਦੋ ਬਿੱਲਾਂ (ਐਕਟਾਂ), 'ਪਬਲਿਕ ਸੇਫਟੀ ਬਿੱਲ' ਅਤੇ 'ਟ੍ਰੇਡ ਡਿਸਪਿਊਟ ਬਿੱਲ' (Public Safety Bill and Trade Disputes Bill) ਨੂੰ ਕਾਨੂੰਨ ਵਿਚ ਬਦਲਣ ਲਈ ਜਨਰਲ ਅਸੈਂਬਲੀ ਵਿਚ ਪੇਸ਼ ਕੀਤਾ। 'ਪਬਲਿਕ ਸੇਫਟੀ ਬਿੱਲ', ਵਿਦੇਸ਼ੀ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਵਲੋਂ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਨੂੰ ਪ੍ਰਭਾਵਤ ਕਰਨ 'ਤੇ ਰੋਕ ਲਾਉਣਾ ਸੀ। 'ਟ੍ਰੇਡ ਡਿਸਪਿਊਟ ਬਿੱਲ', ਕਾਮਿਆਂ ਅਤੇ ਟ੍ਰੇਡ ਯੂਨੀਅਨਜ਼ ਵਲੋਂ ਹੜਤਾਲ ਕਰਨ ਪੁਰ ਜੁਰਮਾਨਾ ਕਰਨਾ ਅਤੇ ਜੇਲ੍ਹ ਦੀ ਸਜ਼ਾ ਦੇਣਾ ਸੀ। ਇਹ ਦੋਵੇਂ ਬਿੱਲ ਜੰਤਾ ਵਿਰੋਧੀ ਸਨ ਤੇ ਇਨ੍ਹਾਂ ਨੂੰ ਕਾਨੂੰਨ ਵਿਚ ਬਦਲਨ ਲਈ ਜਨਰਲ ਅਸੈਂਬਲੀ ਵਿਚ ਪੇਸ਼ ਕੀਤਾ ਜਾਣਾ ਸੀ। ਭਗਤ ਸਿੰਘ ਦੀ ਹਮਖਿਆਲੀ ਕ੍ਰਾਂਤੀਕਾਰੀਆਂ ਦੀ ਸੰਸਥਾ, ਐਚ. ਐਸ. ਆਰ. ਏ. ਨੇ ਮੀਟਿੰਗ ਸੱਦ ਕੇ ਫੈਸਲਾ ਲਿਆ ਕਿ ਇਨ੍ਹਾਂ ਬਿੱਲਾਂ ਦੀ ਵਿਰੋਧਤਾ ਕਰਨ ਲਈ ਅਸੈਂਬਲੀ ਵਿਚ ਫੋਕੇ ਬੰਬ ਸੁੱਟੇ ਜਾਣ। ਬੰਬਾਂ ਦਾ ਮਕਸਦ ਲੋਕਾਂ ਨੂੰ ਮਾਰਨਾ ਜਾਂ ਨੁਕਸਾਨ ਪਹੁੰਚਾਉਣਾ ਨਹੀਂ, ਬੋਲ਼ੀ ਸਰਕਾਰ ਨੂੰ ਚਿਤਾਵਨੀ ਦੇਣਾ ਹੋਵੇਗਾ। ਚਾਹੁੰਦਿਆਂ ਹੋਇਆਂ ਵੀ, ਇਸ ਕਾਰਵਾਈ ਲਈ ਭਗਤ ਸਿੰਘ ਦਾ ਨੰਬਰ ਨਾ ਲੱਗਾ ਕਿਉਂਕਿ, ਉਸ ਉੱਪਰ ਪਹਿਲਾਂ ਹੀ ਸੈਂਡਰਜ਼, (Saunders) ਦੇ ਕਤਲ ਦਾ ਇਲਜ਼ਾਮ ਸੀ। ਭਗਤ ਸਿੰਘ ਦਾ ਗੂੜ੍ਹਾ ਮਿੱਤਰ, ਸੁਖਦੇਵ, ਮੀਟਿੰਗ ਵਿਚ ਨਹੀਂ ਸੀ। ਜਦ ਉਸ ਨੇ ਸੁਣਿਆਂ ਕਿ ਭਗਤ ਸਿੰਘ ਬੰਬ ਸੁਟਣ ਵਿਚ ਹਿੱਸਾ ਨਹੀਂ ਲੈ ਰਿਹਾ ਤਾਂ ਉਹ ਬੜਾ ਨਾਰਾਜ਼ ਹੋਇਆ। ਉਹ ਜਾਣਦਾ ਸੀ ਕਿ ਭਗਤ ਸਿੰਘ ਇਸ ਕੰਮ ਲਈ ਸੱਭ ਤੋਂ ਵੱਧ ਅਨੁਕੂਲ ਬੰਦਾ ਸੀ। ਉਸ ਨੇ ਭਗਤ ਸਿੰਘ ਨੂੰ ਤਾਹਨਾ ਮਾਰਿਆ, 'ਕਿਉਂ ਮਰਨ ਤੋਂ ਡਰ ਗਿਆਂ'।ਸੰਸਥਾ ਨੇ ਦੁਬਾਰਾ ਮੀਟਿੰਗ ਬੁਲਾਈ ਤੇ ਭਗਤ ਸਿੰਘ ਨੂੰ ਬੰਬ ਸੁੱਟਣ ਲਈ ਚੁਣ ਲਿਆ। ਉਸ ਨੇ ਸ਼ਰਤ ਰੱਖੀ ਕਿ ਕਾਰਾ ਕਰਨ ਤੋਂ ਬਾਅਦ, ਕ੍ਰਾਂਤੀਕਾਰੀ ਨੱਠਣਗੇ ਨਹੀਂ, ਥਾਂ 'ਤੇ ਹੀ ਗ੍ਰਿਫਤਾਰੀ ਦੇਣਗੇ। ਬੀ. ਕੇ. ਦੱਤ (ਬਟੁਕੇਸ਼ਵਰ ਦੱਤ) ਨੂੰ ਭਗਤ ਸਿੰਘ ਦੇ ਨਾਲ ਜਾਣ ਲਈ ਕਿਹਾ ਗਿਆ।

### ਅਸੰਬਲੀ ਵਿਚ ਬੰਬ ਸੁੱਟਣਾ

ਭਗਤ ਸਿੰਘ ਨੇ, ਅਪ੍ਰੈਲ 8, 1929 ਨੂੰ, ਦਿੱਲੀ ਦੀ ਕੇਂਦਰੀ ਅਸੰਬਲੀ ਵਿਚ ਬੰਬ ਸੁੱਟਿਆ। ਨਾਲ ਹੀ ਇਸ਼ਤਿਹਾਰਾਂ ਦਾ ਥੱਬਾ ਵਗਾਹ ਮਾਰਿਆ ਜਿਸ 'ਤੇ ਲਿਖਿਆ ਸੀ, To Make the Deaf Hear; ਅਤੇ 'ਇਨਕਲਾਬ ਜ਼ਿੰਦਾਵਾਦ' ਅਤੇ 'ਸਾਮਰਾਜ ਦਾ ਨਾਸ਼ ਹੋ' ਦੇ ਨਾਅਰੇ ਲਾਏ। ਜਿਵੇਂਕਿ ਤਹਿ ਹੋਇਆ ਸੀ, ਬੰਬ ਸੁੱਟਣ ਦਾ ਮਕਸਦ ਕਿਸੇ ਨੂੰ ਜਾਨੋ ਮਾਰਨ ਦਾ ਨਹੀਂ ਸੀ, ਬ੍ਰਿਟਿਸ਼ ਸਰਕਾਰ ਦੇ ਬੋਲ਼ੇ ਕੰਨਾਂ ਵਿਚ ਆਜ਼ਾਦੀ ਦਾ ਬਿਗਲ ਬਜਾਉਣਾ ਸੀ।

ਅਸੈਂਬਲੀ ਵਿਚ ਹਾਹਾਕਾਰ ਮਚ ਗਈ, ਲੋਕ ਮੇਜ਼ਾਂ ਹੇਠ ਲੁਕ ਗਏ। ਕੁਝ ਬੰਦੇ ਸ਼ਾਂਤ ਰਹੇ ਜਿਨ੍ਹਾਂ ਵਿਚ ਪੰਡਿਤ ਮੋਤੀ ਲਾਲ ਨਹਿਰੂ, ਮਦਨ ਮੋਹਨ ਮਾਲਵੀਆ ਅਤੇ ਮੁਹੰਮੱਦ ਅਲੀ ਜਿਨ੍ਹਾ ਸ਼ਾਮਿਲ ਸਨ। ਛੋਟੀਆਂ-ਮੋਟੀਆਂ ਖਰੋਸ਼ਾ ਤੋਂ ਇਲਾਵਾ ਕੋਈ ਵੀ ਜ਼ਖਮੀ ਨਾ ਹੋਇਆ ਤੇ ਨਾ ਹੀ ਮਰਿਆ। ਭਗਤ ਸਿੰਘ ਅਤੇ ਦੱਤ ਬਚ ਕੇ ਨਿਕਲ ਸਕਦੇ ਸਨ, ਪਰ ਗ੍ਰਿਫਤਾਰੀ ਦੇਣ ਲਈ ਖੜ੍ਹੇ ਰਹੇ ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਰਹੇ।

ਪੁਲਿਸ ਲਾਗੇ ਜਾਣ ਤੋਂ ਡਰਦੀ ਸੀ ਕਿਉਂਕਿ ਭਗਤ ਸਿੰਘ ਪਾਸ ਪਸਤੌਲ ਸੀ। ਉਸ ਨੇ ਪਸਤੌਲ ਭੁੰਜੇ ਰੱਖ ਦਿੱਤਾ ਤਾਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਭਗਤ ਸਿੰਘ ਨੇ ਇਸ ਗੱਲ ਦੀ ਪਰਵਾਹ ਨਾ ਕੀਤੀ ਕਿ ਮੁਕੱਦਮੇ ਸਮੇਂ ਇਹ ਪਸਤੌਲ ਗਵਾਹੀ ਦੇ ਤੌਰ 'ਤੇ ਵਰਤਿਆ ਜਾ ਸਕਦਾ ਸੀ। ਅਸੰਬਲੀ ਵਿਚ ਬੰਬ ਸੁੱਟਣ ਦੀ ਕਾਰਵਾਈ ਤੋਂ ਬਾਅਦ ਅਖਬਾਰਾਂ ਨੂੰ ਜੋ ਦੱਸਣਾ ਸੀ, ਸੱਭ ਪਹਿਲਾਂ ਹੀ ਤਹਿ ਕੀਤਾ ਹੋਇਆ ਸੀ। ਉਸੇ ਦਿਨ ਸ਼ਾਮ ਦੇ ਪਰਚੇ ਵਿਚ 'ਹਿੰਦੋਸਤਾਨ ਟਾਇਮਜ਼' ਨੇ, ਭਗਤ ਸਿੰਘ ਅਤੇ ਬੀ. ਕੇ. ਦੱਤ ਦੀਆਂ ਫੋਟੋ ਸਮੇਤ, ਅਗਾਊਂ ਤਿਆਰ ਕੀਤਾ ਹੋਇਆ ਬਿਆਨ ਛਾਪਿਆ।(ਚਿਤਰ-1)।

"It takes a loud voice to make a deaf hear.' With these immortal words uttered on an occasion by Valliant, a French anarchist martyr, do we strongly justify this action of ours?

Without repeating the humiliating history of the past ten years of the working of the reforms and without mentioning the insults hurled down on the head of the Indian nation through this House, the so called Indian Parliament, we see that this time again, while the people expecting some more crumbs of reforms from the Simon Commission, are even quarelleling over the distribution of the expected bones, the Govt. is thrusting upon us new repressive measures like those of the Public Safety and Trade Dispute Bills, while reserving the Press Sedition Bill for the next Session.The indiscriminate arrests of labour leades working in the open field clearly indicate whither the wind blows.

We are sorry to admit that we who attach so great a sanctity to human life, we who dream of a glorious future when man will be enjoying perfect peace and full liberty, have been forced to shed human blood, But the sacrifices of the individuals at the altar of the great revolution that will bring freedom to all rendering the exloitation of man by man impossible, is inevitable.

Long Live Revolution." (Hidustan Times, April 8, 1929)[

ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਇਹ ਵਾਕਿਆ ਇਕ ਮਹੱਤਵਪੂਰਨ ਮੋੜ ਸੀ। ਉਸ ਦਿਨ ਤੋਂ ਲਹਿਰ ਪ੍ਰਚੰਡ ਹੋ ਗਈ ਅਤੇ ''ਇਨਕਲਾਬ ਜ਼ਿੰਦਾਬਾਦ'' ਦਾ ਨਾਅਰਾ ਆਜ਼ਾਦੀ ਦਾ ਚਿੰਨ ਬਣ ਗਿਆ।

### ਮੁਕੱਦਮਾ

ਭਗਤ ਸਿੰਘ ਅਤੇ ਸਾਥੀਆਂ ਦਾ ਲਾਹੌਰ ਸਾਜਿਸ਼ ਕੇਸ, ਮੂਲਰੂਪ ਵਿਚ ਦੋ ਮੁੱਖ ਘਟਨਾਵਾਂ, ਸਾਂਡਰਜ਼ ਦੇ ਕਤਲ ਅਤੇ ਅਸੈਂਬਲੀ ਵਿਚ ਬੰਬ ਸੁੱਟਣ ਉਪਰ ਆਧਰਤ ਸੀ। ਸਰਕਾਰ ਨੇ ਕੇਸ ਨੂੰ ਪੁਖਤਾ ਕਰਨ ਲਈ ਕਈ ਹੋਰ ਘਟਨਾਵਾਂ ਵੀ ਨਾਲ ਜੋੜ ਦਿੱਤੀਆਂ ਜਿਵੇਂ, ਕਲਕੱਤਾ, ਸਹਾਰਨਪੁਰ, ਆਗਰਾ ਅਤੇ ਲਾਹੌਰ ਵਿਚ ਬੰਬ ਬਨਾਉਣੇ, ਬਿਹਾਰ ਅਤੇ ਉੜੀਸਾ ਵਿਚ ਡਾਕੇ ਮਾਰਨੇ, ਪੰਜਾਬ ਨੈਸ਼ਨਲ ਬੈਂਕ, ਲਾਹੌਰ, ਨੂੰ ਲੁੱਟਣਾ ਅਤੇ ਕੋਕਰੀ ਟਰੇਨ ਡਾਕਾ ਆਦਿ। ਸਾਂਡਰਜ਼ ਦੇ ਕਤਲ ਤੋਂ ਬਾਅਦ ਕੰਧਾਂ 'ਤੇ ਲਾਏ ਇਸ਼ਤਿਹਾਰਾਂ ਅਤੇ ਅਸੰਬਲੀ ਵਿਚ ਸੁੱਟੇ ਪਰਚਿਆਂ (Leaflets) ਦੀ ਇਬਾਰਤ ਅਤੇ ਸ਼ੈਲੀ ਤੋਂ ਅੰਦਾਜ਼ਾ ਲਾ ਲਿਆ ਕਿ ਇਨ੍ਹਾਂ ਦੋਹਾਂ ਵਾਰਦਾਤਾਂ ਵਿਚ ਭਗਤ ਸਿੰਘ ਦਾ ਮੋਹਰੀ ਹੱਥ ਸੀ। ਫਲਸਰੂਪ, ਭਗਤ ਸਿੰਘ ਅਤੇ 15 ਹੋਰ ਸਾਥੀਆਂ ਨੂੰ ਤਾਜਰਾਤੇ ਹਿੰਦ, ਧਾਰਾ 307 ਅੰਦਰ ਮੁਜਰਮ ਠਹਿਰਾ ਕੇ ਮੁਕੱਦਮਾ ਸ਼ੂਰੂ ਹੋਇਆ। ਮੁਕੱਦਮਾ ਦੀ ਸੁਣਾਈ ਮਈ 7, 1929 ਨੂੰ, ਜੱਜ ਪੀ. ਬੀ. ਪੂਲ (P. B. Pool) ਦੀ ਕਚਹਿਰੀ ਵਿਚ, ਕੇਂਦਰੀ ਜੇਲ੍ਹ, ਲਾਹੌਰ ਦੇ ਅੰਦਰ ਰੱਖੀ ਗਈ। ਜੇਲ੍ਹ ਵਿਚ ਸੁਣਾਈ ਇਸ ਲਈ ਰੱਖੀ ਗਈ ਤਾਕਿ ਬਾਹਰਲੀ ਅਦਾਲਤ ਵਿਚ ਪੇਸ਼ ਕਰਨ ਸਮੇਂ, ਕੈਦੀ ਕਿਤੇ ਭੱਜ ਨਾ ਜਾਣ। ਸਰਕਾਰੀ ਵਕੀਲ ਦਾ ਨਾਂ ਸੂਰਿਯਾਨਾਰਾਇਣ (Suryanarain) ਸੀ ਅਤੇ ਮੁੱਖ ਗਵਾਹ ਸਾਰਜਿੰਟ ਟੈਰੀ (Terry) ਸੀ। ਟੈਰੀ ਨੇ ਗਵਾਹੀ ਦਿੰਦਿਆਂ ਕਿਹਾ ਕਿ ਗ੍ਰਿਫਤਾਰੀ ਸਮੇਂ ਭਗਤ ਸਿੰਘ ਕੋਲੋਂ ਜੋ ਪਸਤੌਲ ਫੜਿਆ ਗਿਆ, ਉਹੀ ਸਾਂਡਰਜ਼ ਦੇ ਕਤਲ ਵਿਚ ਵਰਤਿਆ ਗਿਆ ਸੀ।



ਡਾ. ਗੁਰੂਮੇਲ ਸ. ਸਿੱਧੂ
559-250-1790

ਭਗਤ ਸਿੰਘ ਨੂੰ ਪਤਾ ਸੀ ਕਿ ਸਰਕਾਰ ਉਸ ਨੂੰ ਜਿਉਂਦਾ ਨਹੀਂ ਦੇਖਣਾ ਚਾਹੁੰਦੀ ਸੀ। ਉਸ ਨੇ ਮੁਕੱਦਮਾ ਨੂੰ ਲੰਬੇ ਤੋਂ ਲੰਬਾ ਕਰਨ ਦੀ ਵਿਉਂਤ ਬਣਾਈ ਤਾਂ ਕਿ ਬ੍ਰਿਟਿਸ਼ ਸਰਕਾਰ ਦੇ ਅਖੌਤੀ ਕਾਨੂੰਨਾਂ ਅਤੇ ਨਿਆਵਾਂ ਦੀ ਖਿੱਲੀ ਉਡਾਈ ਜਾ ਸਕੇ। ਇਸ ਮਕਸਦ ਦੀ ਪੂਰਤੀ ਲਈ ਭਗਤ ਸਿੰਘ ਨੇ, ਸੁਖਦੇਵ ਅਤੇ ਬਿਜੇ ਕੁਮਾਰ ਸਿਨਹਾਂ ਨਾ਼ਲ ਮਿ਼ਲ ਕੇ ਆਪਣਾ ਟ੍ਰਿਬਿਊਨਲ ਬਣਾ ਲਿਆ। ਉਨ੍ਹਾਂ ਦਾ ਮੁੱਖ ਮੰਤਵ ਇਨਕਲਾਬ ਦੀ ਸਫਲਤਾ ਲਈ ਮਨੋਵਿਗਿਅਨਕ ਮਹੌਲ ਪੈਦਾ ਕਰਕੇ ਜੰਤਾ ਦੀ ਸੋਚ ਵਿਚ ਤਬਦੀਲੀ ਲਿਆਉਣਾ ਸੀ। ਇਸ ਮੰਤਵ ਦੀ ਪੂਰਤੀ ਲਈ ਕਚਹਿਰੀ ਨੂੰ ਪ੍ਰਚਾਰ ਦਾ ਅਖਾੜਾ ਬਣਾ ਲਿਆ। ਰਾਜਨੀਤਕ ਚਾਲ ਨੂੰ ਸਫਲ ਬਨਾਉਣ ਲਈ ਜੇਲ੍ਹ ਵਿਚ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਕਰਨ ਦਾ ਫੈਸਲਾ ਕਰ ਲਿਆ (ਕਮਲੇਸ਼ ਮੋਹਨ, 2008)। ਭੁੱਖ-ਹੜਤਾਲ ਦੇ ਕਈ ਕਾਰਨ ਸਨ:

1. ਜੇਲ੍ਹ ਦੇ ਅਧਿਕਾਰੀਆਂ ਦਾ ਅਣਮਨੁੱਖੀ ਤੇ ਵਹਿਸ਼ੀ ਵਤੀਰਾ,
2. ਬੇਸੁਆਦਾ ਅਤੇ ਕਿਰਕਿਰਾ ਖਾਣਾ,
3. ਬੈਰਕਾਂ ਵਿਚ ਸਫਾਈ ਦਾ ਘਟੀਆ ਪ੍ਰਬੰਧ,
4. ਅੰਡੇਮਾਨ ਭੇਜੇ ਕੈਦੀਆਂ ਨਾਲ ਪਰਲੇ ਦਰਜੇ ਦਾ ਘਟੀਆਂ ਵਿਵਹਾਰ ਤੇ ਵਰਤਾਵ,
5. ਕੈਦੀਆਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇਣ ਤੋਂ ਇਨਕਾਰ।

ਉਪ੍ਰੋਕਤ ਮੰਗਾਂ ਮਨਵਾਉਣ ਲਈ, ਭਗਤ ਸਿੰਘ ਨੇ ਜੂਨ 17, 1929 ਨੂੰ ਪੰਜਾਬ ਦੀਆਂ ਜੇਲ੍ਹਾਂ ਦੇ ਇਨਸਪੈਕਟਰ ਜਨਰਲ ਵਲ ਦਰਖਾਸਤ ਭੇਜੀ। ਇਸ ਵਿਚ ਲਿਖਿਆ ਕਿ ਦਿੱਲੀ ਦੇ ਅਸੈਂਬਲੀ ਹਾਲ ਵਿਚ ਬੰਬ ਸੁੱਟਣ ਕਰਕੇ ਉਸ ਨੂੰ ਉਮਰ ਕੈਦ ਹੋਈ ਸੀ। ਦਿੱਲੀ ਦੀ ਜੇਲ੍ਹ ਵਿਚ ਸਿਆਸੀ ਕੈਦੀ ਦਾ ਦਰਜਾ ਦਿੱਤਾ ਗਿਆ ਸੀ ਅਤੇ ਵਧੀਆ ਖਾਣਾ ਮੁਹੱਯਾ ਕੀਤਾ ਜਾਂਦਾ ਸੀ। ਮੁਕਾਬਲੇ 'ਤੇ ਮਿੰਟਗੁਮਰੀ ਜੇਲ੍ਹ ਵਿਚ ਇਕ ਆਮ ਕੈਦੀ ਵਰਗਾ ਸਲੂਕ ਕੀਤਾ ਜਾਂਦਾ ਹੈ ਤੇ ਮਾੜਾ ਖਾਣਾ ਦਿੱਤਾ ਜਾਂਦਾ ਹੈ। ਇਸ ਲਈ ਜੂਨ 15, 1929 ਤੋਂ ਭੁੱਖ-ਹੜਤਾਲ ਕੀਤੀ ਹੋਈ ਹੈ ਜਿਸ ਕਰਕੇ ਛੇ ਪੌਂਡ ਭਾਰ ਘਟ ਗਿਆ ਹੈ। ਭਗਤ ਸਿੰਘ ਨੇ ਮੰਗ ਕੀਤੀ ਕਿ ਇਕ ਸਿਆਸੀ ਕੈਦੀ ਹੋਣ ਦੇ ਨਾਤੇ ਉਸ ਨੂੰ ਹੇਠ ਲਿਖੀਆਂ ਸਹੂਲਤਾਂ ਮਹੱਯਾ ਕੀਤੀਆਂ ਜਾਣ।


1. ਖੁਰਾਕ ਵਿਚ ਦੁੱਧ, ਘਿਓ ਤੇ ਦਾ਼ਲ-ਚੌ਼ਲ ਦਿੱਤੇ ਜਾਣ,
2. ਕੋਈ ਤਸੀਹਾ ਨਾ ਦਿੱਤਾ ਜਾਵੇ ਅਤੇ ਅਣਸੁਖਾਵਾਂ ਵਿਵਹਾਰ ਨਾ ਕੀਤਾ ਜਾਵੇ,
3. ਨਹਾਉਣ ਲਈ ਸਾਬਣ ਤੇ ਤੇਲ, ਅਤੇ ਹਜਾਮਤ ਲਈ ਉਸਤਰਾ ਦੇ ਕ੍ਰੀਮ ਵਗੈਰਾ ਦਿੱਤੇ ਜਾਣ,
4. ਸਾਫ-ਸੁਥਰੀ ਰਿਹਾਇਸ਼ ਅਤੇ ਵਕਤ ਸਿਰ ਧੋਤਾ ਹੋਇਆ ਬਿਸਤਰਾ ਹੋਵੇ,
5. ਪੜ੍ਹਨ ਲਈ ਹਰ ਤਰ੍ਹਾ ਦਾ ਸਾਹਿਤ ਮੁਹੱਯਾ ਕੀਤਾ ਜਾਵੇ ਜਿਵੇਂ, ਇਤਿਹਾਸ, ਸਿਆਸੀ ਵਿਗਿਆਨ, ਕਵਿਤਾ ਅਤੇ ਨਾਵਲ ਆਦਿ।
6. ਬਾਹਰ ਦੇ ਵਾਕਿਆਤਾਂ ਨੂੰ ਜਾਨਣ ਲਈ ਰੋਜ਼ਾਨਾ ਅਖਬਾਰਾਂ ਮੁਹੱਯਾ ਕੀਤੀਆਂ ਜਾਣ।

ਪੁਲਿਸ ਦੇ ਇੰਸਪੈਕਟਰ-ਜਨਰਲ ਨੇ ਭਗਤ ਸਿੰਘ ਨੂੰ ਮੀਆਂਵਾਲੀ ਜੇਲ੍ਹ ਤੋਂ ਲਾਹੌਰ ਜੇਲ੍ਹ ਵਿਚ ਬਦਲ ਦਿੱਤਾ। ਓਥੇ ਉਸ ਦੇ ਸਾਥੀ ਬੀ.ਕੇ. ਦੱਤ ਨੇ ਭੁੱਖ-ਹੜਤਾਲ ਰੱਖੀ ਹੋਈ ਸੀ ਅਤੇ ਭਗਤ ਸਿੰਘ ਵਾਲੀਆਂ ਮੰਗਾਂ ਲਈ ਅਰਜ਼ੀ ਦਿੱਤੀ ਹੋਈ

(ਬਾਕੀ ਅਗਲੇ ਸਫੇ 'ਤੇ)



ਬੰਬ ਸੁੱਟਣ ਤੋਂ ਬਾਅਦ ਛਪੀ ਤਸਵੀਰ


WARRANT OF EXECUTION ON SENTENCE OF DEATH.

In the Court of the LAHORE CONSPIRACY CASE TRIBUNAL, Lahore, constituted under Ordinance No: III of 1930.

TO THE SUPERINTENDENT OF THE CENTRAL JAIL AT LAHORE.

WHEREAS Bhagat Singh, son of Kishen Singh, resident of Khewasrian, Lahore, one of the prisoners in the Lahore Conspiracy Case, having been found guilty by us of offences under section 121 and section 302 of the Indian Penal Code and also under section 4(b) of the Explosive Substances Act read with section 6 of that Act and with section 120-B of the Indian Penal Code at a trial commencing from the 5th May, 1930, and ending with the 7th October, 1930, is hereby sentenced to death.


This is to authorise and require you, the said Superintendent, to carry the said sentence into execution by causing the said BHAGAT SINGH to be hanged by the neck until he be dead at Lahore on the 27th day of October, 1930, and to return the warrant to the High Court with an endorsement certifying that the sentence has been executed.

Given under our hands and the seal of the Court this 7th day of October, 1930.


PRESIDENT OF THE TRIBUNAL.

MEMBER OF THE TRIBUNAL. MEMBER OF THE TRIBUNAL.

ਭਗਤ ਸਿੰਘ ਦੀ ਮੌਤ ਦਾ ਫਰਮਾਨ


I hereby certify that the sentence of death passed on Bhagat Singh has been duly executed, and that the said Bhagat Singh was accordingly hanged by the neck till he was dead, at Lahore C. Jail on Monday the 23rd day of March 1931; that the body remained suspended for a full hour, and was not taken down until life was ascertained by a medical officer to be extinct; and that no accident, error or other misadventure occurred.

ਭਗਤ ਸਿੰਘ ਦੀ ਫਾਂਸੀ ਦਾ ਸਰਟੀਫੀਕੇਟ



# ਸ਼ਹੀਦ ਭਗਤ ਸਿੰਘ (ਸਤੰਬਰ 28, 1907-ਮਾਰਚ 23, 1931)

ਸੀ।ਸਰਕਾਰ ਨੂੰ ਇਹ ਭਲੀਭਾਂਤ ਪਤਾ ਸੀ ਕਿ ਉਹ ਰਾਜਨੀਤਕ ਕੈਦੀ ਸਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਬਾਹਰ ਜੰਤਾ ਵਿਚ ਉਨ੍ਹਾਂ ਦੀ ਭੁੱਖ-ਹੜਤਾਲ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਭਗਤ ਸਿੰਘ ਦੀ 'ਨੌਜਵਾਨ ਭਾਰਤ ਸਭਾ' ਅਤੇ 'ਇੰਡੀਅਨ ਨੈਸ਼ਨਲ ਕੌਂਗ੍ਰਸ' ਵਿਚਕਾਰ ਗੱਠਜੋੜ ਹੋ ਗਿਆ। ਦੋਹਾਂ ਦੀ ਸਾਂਝੀ ਅਗਵਾਈ ਹੇਠ, ਜੁਲਾਈ 21, 1929 ਨੂੰ, ਲਾਹੌਰ ਵਿਚ ਇਕੱਤਰਤਾ ਹੋਈ ਜਿਸ ਵਿਚ ਤਕਰੀਬਨ 10,000 ਲੋਕਾਂ ਨੇ ਭਾਗ ਲਿਆ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜੇ। ਸਰਕਾਰ ਨੂੰ ਕੰਨ ਹੋ ਗਏ ਕਿ ਭੁੱਖ-ਹੜਤਾਲ ਦਾ ਅਸਰ ਸਾਰੇ ਹਿੰਦੋਸਤਾਨ ਵਿਚ ਜੰਗਲ ਦੀ ਅੱਗ ਵਾਂਗ ਫੈਲ ਸਕਦਾ ਹੈ।

### ਜਤਿੰਦਰ ਨਾਥ ਦਾਸ ਦਾ ਮਰਨ ਵਰਤ

ਜੁਲਾਈ 10, 1929 ਨੂੰ ਲਾਹੌਰ ਸਾਜਿਸ਼ ਕੇਸ ਦੇ ਸਾਰੇ ਕੈਦੀ, ਭਗਤ ਸਿੰਘ ਨੂੰ ਮਿਲੇ ਜਿਨ੍ਹਾਂ ਵਿਚ ਜਤਿੰਦਰ ਨਾਥ ਦਾਸ (ਜੇ. ਐਨ. ਦਾਸ) ਵੀ ਸੀ। ਦੱਤ ਭੁੱਖ-ਹੜਤਾਲ ਦੇ ਵਿਰੁੱਧ ਸੀ ਕਿਉਂਕਿ ਉਸ ਲਈ ਹੜਤਾਲ ਕਾਇਰਤਾ ਮਾਨਿੰਦ ਸੀ। ਸਾਥੀਆਂ ਦੇ ਹੌਸਲੇ ਨੂੰ ਭਾਂਪਦਿਆਂ ਦਾਸ ਨੇ ਵੀ ਭੁੱਖ-ਹੜਤਾਲ ਰੱਖਣ ਦਾ ਫੈਸਲਾ ਕਰ ਲਿਆ ਲੇਕਿਨ, ਇਕ ਸ਼ਰਤ ਰੱਖੀ ਕਿ 'ਜਦੋਂ ਤਕ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਹ ਸਮਝੌਤਾ ਨਹੀਂ ਕਰੇਗਾ ਭਾਵੇ ਜਾਨ ਚਲੀ ਜਾਏ'। ਇਹ ਇਰਾਦਾ ਧਾਰ ਕੇ, ਜੇ. ਐਨ. ਦਾਸ ਨੇ ਜੁਲਾਈ 13, 1929 ਨੂੰ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਜੱਦੋਜਹਿਦ ਨੇ ਮਾਰੂ ਰੁੱਖ ਧਾਰ ਲਿਆ। ਸਰਕਾਰ ਨੂੰ ਕੰਬਣੀ ਛਿੜੀ ਤੇ ਕੋਈ ਉਪਰਾਲਾ ਕਰਨ ਬਾਰੇ ਸੋਚਿਆ। ਮੰਗਾਂ ਮੰਨਣ ਦੀ ਬਜਾਏ ਕੈਦੀਆਂ ਨੂੰ ਧਿੰਗੋਜੋਰੀ ਖਾਣਾ ਖਲਾਉਣ ਦੀ ਕੋਸ਼ਿਸ਼ ਕੀਤੀ। ਖੁਰਾਕ ਵਿਚ ਕੋਈ ਅਜੇਹਾ ਤੱਤ ਵੀ ਦਿੱਤਾ ਗਿਆ ਜਿਸ ਨਾਲ ਭੁੱਖ ਹੋਰ ਚਮਕਦੀ ਸੀ। ਘੜਿਆਂ ਵਿਚ ਪਾਣੀ ਦੀ ਥਾਂ ਦੁੱਧ ਭਰ ਦਿਤਾ। ਗੁੱਸੇ 'ਚ ਆਏ ਪੰਡਤ ਕਿਸ਼ੋਰੀ ਲਾਲ ਅਤੇ ਏ. ਕੇ. ਘੋਸ਼ ਨੇ ਭਾਂਡੇ ਤੋੜ ਦਿੱਤੇ। ਦਾਸ ਦੀ ਹਾਲਤ ਦਿਨੋ ਦਿਨ ਕਮਜ਼ੋਰ ਹੁੰਦੀ ਜਾ ਰਹੀ ਸੀ, ਉਸ ਨੇ ਕੋਈ ਦੁਆਈ ਵਗੈਰਾ ਲੈਣ ਤੋਂ ਇਨਕਾਰ ਕਰ ਦਿੱਤਾ। ਡਾ. ਗੋਪੀ ਚੰਦ ਭਾਰਗਵ ਨੇ ਕੈਦੀਆਂ ਨੂੰ ਭੁੱਖ-ਹੜਤਾਲ ਤੋੜਨ ਲਈ ਪ੍ਰੇਰਿਆ। ਇਹ ਵੀ ਕਿਹਾ ਕਿ ਜੇ ਭੁੱਖ-ਹੜਤਾਲ ਨਹੀਂ ਵੀ ਤੋੜਨਾ ਚਾਹੁੰਦੇ ਤਾਂ ਦਵਾਈ ਤਾਂ ਲੈ ਲੈਣ। ਦੱਤ ਨੇ ਉੱਕੀ ਨਾਂਹ ਕਰ ਦਿੱਤੀ। ਸਰਕਾਰ ਦੇ ਬਿਆਨਾਂ ਤੋਂ ਲਗਦਾ ਸੀ ਕਿ ਉਹ ਝੁਕਣ ਵਾਲੀ ਨਹੀਂ। ਅਗਸਤ 21, 1929 ਨੂੰ ਗੋਪੀ ਚੰਦ ਭਾਰਗਵ, ਪ੍ਰਸ਼ੋਤਮ ਦਾਸ ਟੰਡਨ ਅਤੇ ਭਗਤ ਸਿੰਘ ਹੋਰਾਂ ਜੇ. ਐਨ. ਦਾਸ ਨਾਲ ਫੇਰ ਮੁਲਾਕਾਤ ਕੀਤੀ। ਉਸ ਨੇ ਭਾਰਗਵ ਤੋਂ ਦਵਾਈ ਲੈਣਾ ਮੰਨ ਲਿਆ, ਪਰ ਖਾਣਾ ਖਾਣ ਤੋਂ ਬਿਲਕੁਲ ਨਾ ਕਰ ਦਿੱਤੀ। ਦਵਾਈ ਲੈਣ ਦੇ ਬਾਵਜੂਦ ਉਸ ਦੀ ਹਾਲਤ ਵਿਗੜਦੀ ਗਈ। ਜੰਤਾ ਵਿਚ ਰੋਹ ਦੀ ਲਹਿਰ ਦੌੜ ਰਹੀ ਸੀ। ਆਖੀਰ ਨੂੰ ਸਰਕਾਰ ਝੁੱਕ ਗਈ ਤੇ ਸਤੰਵਰ 2, 1929 ਨੂੰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਲੈਫਟੀਨੈਂਟ ਕਰਨਲ, ਐਫ. ਏ. ਬਾਰਕਰ ਦੀ ਪ੍ਰਧਾਨਗੀ ਹੇਠ 11 ਮੈਂਬਰੀ ਕਮੇਟੀ ਬਣਾਈ। ਓੁਦੋਂ ਤਕ ਭਗਤ ਸਿੰਘ ਦੀ ਭੁੱਖ-ਹੜਤਾਲ ਦੇ 81 ਦਿਨ ਅਤੇ ਬਾਕੀਆਂ ਦੇ 55 ਦਿਨ ਪੁੱਗ ਚੁਕੇ ਸਨ। ਸਾਰਿਆਂ ਨੇ ਭੁੱਖ-ਹੜਤਾਲ ਤੋੜ ਦਿੱਤੀ, ਪਰ ਦਾਸ ਮੌਤ ਨਾਲ ਜੂਝ ਰਿਹਾ ਸੀ। ਉਸ ਦੀ ਹਾਲਤ ਦੇਖ ਕੇ, ਸਤੰਬਰ 4, 1929 ਨੂੰ, ਭਗਤ ਸਿੰਘ, ਦੱਤ ਅਤੇ ਤਿੰਨ ਹੋਰ ਸਾਥੀਆਂ ਨੇ ਦੁਆਰਾ ਹੜਤਾਲ ਸ਼ੁਰੂ ਕਰ ਦਿੱਤੀ ਤੇ ਸ਼ਰਤ ਰੱਖੀ ਕਿ ਦਾਸ ਨੂੰ, ਬਿਨਾ ਕੋਈ ਸ਼ਰਤ, ਤੁਰੰਤ ਰਿਹਾਅ ਕੀਤਾ ਜਾਵੇ ਅਤੇ ਭਗਤ ਸਿੰਘ ਅਤੇ ਬੀ. ਕੇ. ਦੱਤ ਨੂੰ, ਦੋਸ਼-ਮੁਕਤ ਕੈਦੀਆਂ ਨਾਲ, ਮਿਲਣ-ਜੁਲਣ ਦਿੱਤਾ ਜਾਵੇ। ਸਰਕਾਰ ਨੇ ਦਾਸ ਨੂੰ ਰਿਹਾਅ ਕਰਨ ਦੀ ਬਜਾਏ ਜ਼ਮਾਨਤ 'ਤੇ ਛੱਡਣ ਦਾ ਸੁਝਾ ਦਿੱਤਾ ਜੋ ਦਾਸ ਨੇ ਨਾ-ਮਨਜ਼ੂਰ ਕਰ ਦਿੱਤਾ। ਅਤੇ ਦੂਜੀ ਸ਼ਰਤ ਨੂੰ ਨਾ-ਮਨਜ਼ੂਰ ਕਰ ਦਿੱਤਾ। ਬਹੁਤ ਸਾਰੇ ਨਾਮਵਰ ਕੌਮੀ ਆਗੂਆਂ ਨੇ ਸਰਕਾਰ ਦੀ ਕਰੂਰ ਤੇ ਕਠੋਰ ਨੀਤੀ ਦੀ ਖੁੱਲ੍ਹ ਕੇ ਨੁਕਤਾਚੀਨੀ ਕੀਤੀ।

ਜੇ. ਐਨ. ਦਾਸ ਸਤੰਬਰ 13, 1929 ਨੂੰ ਬਾਅਦ ਦੁਪਹਿਰ ਇਸ ਦੁਨੀਆਂ 'ਚੋਂ ਰੁਖਸਤ ਹੋ ਗਿਆ। ਉਸ ਦੀ ਮੌਤ ਨੇ ਨੌਜਵਾਨ ਕ੍ਰਾਂਤੀਕਾਰੀਆਂ ਵਿਚ ਤਹਿੱਲਕਾ ਮਚਾ ਦਿੱਤਾ ਅਤੇ ਕਈ ਇਕੱਠ ਅਤੇ ਸਮਾਗਮ ਹੋਏ। ਸਤੰਬਰ 25, 1929 ਨੂੰ ਲਾਹੌਰ ਵਿਚ ਮੁਕੰਮਲ ਹੜਤਾਲ ਹੋਈ। ਲਾਹੌਰ ਦੀ ਵਿਦਿਆਰਥੀ ਯੂਨੀਅਨ ਦਾ ਇਕੱਠ ਹੋਇਆ ਜਿਸ ਵਿਚ 300 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿਚ ਬਹੁ-ਗਿਣਤੀ ਬੰਗਾਲੀ ਵਿਦਿਆਰਥੀਆਂ ਦੀ ਸੀ। ਵਿਦਿਆਰਥੀਆਂ ਨਾਲ ਸਾਰੇ ਦੇਸ਼ ਵਿਚ ਜਜ਼ਬਾਤੀ ਸਾਂਝ ਪੈਦਾ ਹੋ ਗਈ। ਮੰਦੇ ਭਾਗਾਂ ਨੂੰ ਮਹਾਤਮਾ ਗਾਂਧੀ ਨੇ ਆਪਣੇ ਹਫ਼ਤਾਵਾਰ ਪਰਚੇ, 'ਯੰਗ ਇੰਡੀਆ' (Young India) ਵਿਚ ਜੇ. ਐਨ. ਦਾਸ ਦੀ ਕੁਰਬਾਨੀ ਦਾ ਕੋਈ ਨੋਟਿਸ ਨਾ ਲਿਆ ਜਦਕਿ ਇਹ ਪਰਚਾ ਰਾਜਨੀਤਕ ਘਟਨਾਵਾਂ ਬਾਰੇ ਹਮੇਸ਼ਾ ਕੋਈ-ਨਾ-ਕਈ ਟਿਪਣੀ ਜ਼ਰੂਰ ਕਰਦਾ ਸੀ। 'ਇੰਡੀਅਨ ਨੈਸ਼ਨਲ ਕੌਂਗ੍ਰਸ' ਨੇ ਦਾਸ ਦੀ ਸ਼ਹਾਦਤ ਦੀ ਮੂੰਹ-ਪੋਚਵੀਂ ਤਾਰੀਫ ਕੀਤੀ। ਬ੍ਰਿਟਿਸ਼ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ, ਐਚ. ਡਵਯੂ. ਐਮਰਸਨ (H.W. Emerson) ਨੇ ਦਾਸ ਦੀ ਕੁਰਬਾਨੀ ਅਤੇ ਹੌਸਲੇ ਦੀ ਤਾਰੀਫ ਕਰਕੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ।

### ਮੁਕੱਦਮੇਂ ਨੂੰ ਲਮਕਾਉਣਾ

ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ, ਜੇਲ੍ਹਾਂ ਦੀ ਪੜਤਾਲ ਕਰਨ ਵਾਲੀ ਸਰਕਾਰੀ ਕਮੇਟੀ ਨੇ ਹਿੰਦੋਸਤਾਨੀ ਲੀਡਰਾਂ ਨੂੰ ਨਾਲ ਲੈ ਕੇ ਭਗਤ ਸਿੰਘ ਨੂੰ ਭੁੱਖ-ਹੜਤਾਲ ਤੋੜਨ ਲਈ ਪ੍ਰੇਰਿਆ। ਭਗਤ ਸਿੰਘ ਨੇ ਸੋਚਿਆ ਕਿ ਸਰਕਾਰ ਦੀ ਇਹ ਗੱਲ ਮੰਨ ਕੇ ਨਵੇਂ ਸਿਰੇ ਤੋਂ ਜੱਦੋਜਹਿਦ ਸ਼ੁਰੂ ਕਰਨ ਲਈ ਇਹ ਸੁਨਹਿਰੀ ਮੌਕਾ ਹੈ। ਉਸ ਨੇ ਅਕਤੂਬਰ 4, 1929 ਨੂੰ ਹੜਤਾਲ ਤੋੜ ਦਿੱਤੀ ਅਤੇ ਨਵੀਂ ਰਣਨੀਤੀ ਦਾ ਪ੍ਰੋਗਰਾਮ ਬਣਾਇਆ। ਨਵੀਂ ਯੋਜਨਾ ਹੇਠ ਮੁਕੱਦਮੇਂ ਨੂੰ ਜਿੰਨਾ ਹੋ ਸਕੇ ਲਟਕਾਉਣ ਦੀ ਵਿਉਂਤ ਬਣਾਈ।

1. ਭਗਤ ਸਿੰਘ ਨੇ ਜਨਵਰੀ 20, 1930 ਨੂੰ ਜੇਲ੍ਹ ਵਿਚ ਬੰਦ ਹੋਰ ਸਾਥੀਆਂ ਨਾਲ ਮਿਲ ਕੇ ਸਰਕਾਰ ਦੇ ਗ੍ਰਹਿ ਮੰਤਰੀ ਨੂੰ ਤਾਰ ਦਿੱਤੀ ਕਿ ਕੈਦੀਆਂ ਨਾਲ ਬੇਰੁਖੀ ਅਤੇ ਧੋਖਾਧੜੀ ਕਰਨ ਤੋਂ ਬਾਜ ਆਵੇ ਅਤੇ ਸਿਆਸੀ ਕੈਦੀਆਂ ਦੀਆਂ ਮੰਗਾਂ ਵਲ ਸ਼ੀਘਰ ਗੌਰ ਕਰਕੇ ਫੈਸਲਾ ਸੁਣਾਵੇ।
2. ਜਨਵਰੀ 28, 1930 ਨੂੰ ਇਕ ਹੋਰ ਪਟੀਸ਼ਨ ਵਿਚ ਕਿਹਾ ਕਿ ਜੇਲ੍ਹ ਵਿਚ ਜ਼ਰੂਰੀ ਸਹੂਲਤਾ ਨਾ ਦੇਣ ਕਰਕੇ ਕੈਦੀਆਂ ਵਿਚ ਉਪਰਾਮਤਾ ਵੱਧ ਗਈ ਹੈ, ਇਨ੍ਹਾਂ ਨੂੰ ਛੇਤੀ ਪੂਰਾ ਕੀਤਾ ਜਾਵੇ।
3. ਸਰਕਾਰ ਬਦਲੀਖੋਰੇ ਸਲੂਕ ਤੋਂ ਬਾਜ ਆਵੇ ਅਤੇ ਕੈਦੀਆਂ ਨੂੰ ਡੰਡਾ-ਬੇੜੀਆਂ ਪਾਉਣਾ ਬੰਦ ਕਰੇ।

ਅਗਸਤ 10, 1929 ਨੂੰ ਸਰਕਾਰ ਨੇ ਕੈਦੀਆਂ ਨੂੰ ਜੁਰਮ ਦੀ ਤਾਸੀਰ ਅਤੇ ਜੁਰਮ ਦੇ ਸਮਾਜਿਕ ਰੁਤਬੇ ਅਨੁਸਾਰ ਵਰਗੀਕਰਨ ਕਰਨਾ ਸ਼ੁਰੂ ਕੀਤਾ। ਭਗਤ ਸਿੰਘ ਨੇ ਕਿਹਾ ਕਿ ਅਸੀਂ ਹਿੰਦੋਸਤਾਨ ਦੀ ਆਜ਼ਾਦੀ ਖਾਤਿਰ ਲੜ ਰਹੇ ਹਾਂ ਅਤੇ ਸਾਡਾ ਇਰਾਦਾ, ਮਨੋਰਥ ਤੇ ਉਦੇਸ਼ ਇਕੋ ਹੈ। ਸਰਕਾਰ ਸਾਡਾ ਵਰਗੀਕਰਨਾ ਕਰਨਾ ਬੰਦ ਕਰੇ। ਫਰਵਰੀ 19, 1930 ਨੂੰ ਪੰਜਾਬ ਸਰਕਾਰ ਨੇ ਕੈਦੀਆਂ ਦੀਆਂ ਮੰਗਾਂ ਮਨ ਲਈਆਂ ਤੇ ਸਿਆਸੀ ਕੈਦੀਆਂ ਵਾਲਾ ਰੁਤਬਾ ਦੇ ਦਿੱਤਾ ਜਿਸ ਕਰਕੇ ਭੁੱਖ-ਹੜਤਾਲ ਬੰਦ ਹੋ ਗਈ।

ਕ੍ਰਾਂਤੀਕਾਰੀਆਂ ਦੀ ਅਸਲ ਲੜਾਈ ਤਾਂ ਅਜੇ ਸ਼ੁਰੂ ਹੀ ਹੋਈ ਸੀ। ਭਗਤ ਸਿੰਘ ਨੇ ਮੁਕੱਦਮੇ ਦੀ ਕਾਰਵਾਈ ਵਿਚ ਰੋੜਾ ਅਟਕਾਉਣ ਲਈ ਕਈ ਹੋਰ ਮੰਗਾਂ ਮੰਗੀਆਂ ਜਿਵੇਂ,

1. ਜਿਹੜੇ ਕੈਦੀ ਭੁੱਖ-ਹੜਤਾਲ ਕਾਰਨ ਕਮਜ਼ੋਰ ਹੋ ਚੁਕੇ ਸਨ, ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਨਾ ਕੀਤਾ ਜਾਵੇ,
2. ਹੱਥ ਕੜੀਆਂ ਜਾਂ ਪੈਰਾਂ ਵਿਚ ਬੇੜੀਆਂ ਪਾਕੇ ਮੁਕੱਦਮੇ ਲਈ ਨਾ ਲਿਜਾਇਆ ਜਾਵੇ,
3. ਅਚਾਨਕ ਕਿਸੇ ਕੈਦੀ ਦਾ ਦੂਜੀ ਜੇਲ੍ਹ ਵਿਚ ਤਬਾਦਲਾ ਨਾ ਕੀਤੀ ਜਾਵੇ,
4. ਆਪਣੇ ਕੇਸ ਦੀ ਪੈਰਵਈ ਕਰਨ ਲਈ ਕੈਦੀਆਂ ਨੂੰ ਦੋਸਤ-ਮਿਤਰਾਂ ਨਾਲ ਮਿਲਣ ਤੋਂ ਨਾ ਰੋਕਿਆ ਜਾਵੇ,
5. ਘੱਟ ਅੰਗ੍ਰੇਜ਼ੀ ਪੜ੍ਹੇ ਲਿਖੇ ਜਾਂ ਅਨਪੜ੍ਹ ਕੈਦੀਆਂ ਨੂੰ ਉਨ੍ਹਾਂ ਦੀ ਬੋਲੀ ਵਿਚ ਅਖਬਾਰ ਮੁਹੱਯਾ ਕੀਤਾ ਜਾਵੇ।

ਸਰਕਾਰ ਨੇ ਕੈਦੀਆਂ ਨੂੰ ਮੁਕੱਦਮਾ ਲੜਨ ਲਈ ਵਕੀਲ ਦੇਣ ਦੀ ਪੇਸ਼ਕਸ਼ ਕੀਤੀ। ਕੁਝ ਨੇ ਇਹ ਮਦਦ ਲੈਣ ਲਈ ਯੱਕੋ- ਤੱਕਾ ਕੀਤਾ, ਪਰ ਭਗਤ ਸਿੰਘ, ਸੁਖਦੇਵ, ਜੈਦੇਵ, ਸ਼ਿਵ ਵਰਮਾ, ਕੰਵਲ ਨਾਥ ਤਿਵਾੜੀ, ਐਸ. ਐਨ. ਪਾਂਡੇ ਨੇ ਵਕੀਲ ਲੈਣ ਤੋਂ ਸਾਫ ਜਵਾਬ ਦੇ ਦਿੱਤਾ। ਜੇ. ਐਨ, ਸਾਨਿਯਾਲ, ਗਯਾ ਪ੍ਰਸਾਦ, ਬੀ.ਕੇ. ਦੱਤ, ਮਹਾਂਬੀਰ ਸਿੰਘ ਅਤੇ ਕੁੰਦਨ ਲਾਲ ਨੇ ਤਾਂ ਗੱਲ ਅਗੇ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਕਿਸ਼ੋਰੀ ਲਾਲ, ਦੇਸ ਰਾਜ, ਪ੍ਰੇਮ ਦੱਤ ਵਰਮਾ ਤੇ ਏ. ਕੇ. ਘੋਸ਼ ਨੇ ਵਕੀਲ ਦੀ ਪੇਸ਼ਕਸ਼ ਨੂੰ ਵਿਚਾਰ ਅਧੀਨ ਰੱਖ ਲਿਆ (ਕਮਲੇਸ਼ ਮੋਹਨ, 2008)।

ਭਗਤ ਸਿੰਘ ਅਤੇ ਸਾਥੀਆਂ ਨੇ ਮੁਕੱਦਮੇ ਨੂੰ ਲੰਬਾ ਕਰਨ ਦਾ ਇਕ ਹੋਰ ਤਰੀਕਾ ਕੱਢਿਆ। ਉਹ ਸੀ ਜੱਜਾਂ ਨੂੰ ਕਾਰਵਾਈ ਪੂਰੀ ਨਾ ਕਰਨ ਦੇਣਾ। ਅਕਤੂਬਰ 21, 1929 ਨੂੰ ਜੱਜ ਆਰ ਐਸ. ਸ੍ਰੀ ਕ੍ਰਿਸ਼ਨ ਦੀ ਅਦਾਲਤ ਵਿਚ, ਪ੍ਰੇਮ ਦੱਤ ਵਰਮਾ ਨੇ ਵਾਅਦਾ ਮੁਆਫ ਗਵਾਹ ਜੈ ਗੋਪਾਲ ਨੂੰ ਛਿੱਤਰ ਕੱਢ ਮਾਰਿਆ। ਜੱਜ ਨੇ ਹੁਕਮ ਦਿੱਤਾ ਕਿ ਕੈਦੀਆਂ ਨੂੰ ਹੱਥ-ਕੜੀ ਬੰਨ੍ਹ ਕੇ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਜੇਲ੍ਹ ਦੇ ਅਧਿਕਾਰੀ ਜਦ ਕੜੀਆਂ ਪਾਉਣ ਦੀ ਕੋਸ਼ਿਸ਼ ਕਰਦੇ ਤਾਂ ਕੈਦੀ ਗਾ਼ਲੀ ਗਲੋਚ ਕਰਦੇ। ਜਨਵਰੀ 29, 1930 ਨੂੰ ਜੱਜ ਨੇ ਭਗਤ ਸਿੰਘ ਦੇ ਵਕੀਲ ਦੁਨੀ ਚੰਦ ਨੂੰ ਵਕੀਲਾਂ ਦੇ ਮੇਜ਼ 'ਤੇ ਬੈਠਣ ਤੋਂ ਰੋਕ ਦਿੱਤਾ। ਰੋਸ ਵਜੋਂ ਭਗਤ ਸਿੰਘ ਅਦਾਲਤ ਚੋਂ ਬਾਹਰ ਆ ਗਿਆ। ਦੂਜੇ ਕੈਦੀਆਂ ਦੇ ਵਕੀਲ ਵੀ ਕਚਹਿਰੀ ਛੱਡ ਕੇ ਬਾਹਰ ਨਿਕਲ ਆਏ। ਫਲਸਰੂਪ, ਅਦਾਲਤੀ ਕਾਰਵਾਈ ਮੁਲਤਵੀ ਹੋ ਗਈ। ਸਰਕਾਰ ਲਈ ਲਾਹੌਰ ਸਾਜਿਸ਼ ਕੇਸ ਨੂੰ ਨਿਪਟਾਉਣਾ ਔਖਾ ਦਿਸਿਆ ਤਾਂ ਲਾਰਡ ਇਰਵਿਨ ਨੇ ਸਪੇਸ਼ਲ ਔਰਡੀਨੈਂਸ ਯਾਰੀ ਕਰਕੇ ਮੁਕੱਦਮਾ ਹਾਈ ਕੋਰਟ ਦੇ ਤਿੰਨ ਜੱਜਾਂ, ਜੌਹਨ ਕੋਲਡਸਟਰੀਮ, ਆਗਾ ਹੈਦਰ ਅਤੇ ਜੀ. ਸੀ. ਹਿਲਟਨ, (John Coldsteam, Agha Haider, G. C. Hlton) ਨੂੰ ਸੌਂਪ ਦਿਤਾ। ਕੈਦੀਆਂ ਵਲੋਂ ਜਾਣ ਬੁੱਝ ਕੇ ਰੁਕਾਵਟਾਂ ਪਾਉਣ ਨਾਲ ਸਿੱਝਣ ਲਈ, ਟ੍ਰਿਬਿਊਨਲ ਨੂੰ ਖਾਸ ਅਧਿਕਾਰ ਦੇ ਦਿੱਤੇ ਜਿਵੇਂ,

1. ਜੇ ਦੋਸ਼ੀ ਬਲਾਉਣ ਦੇ ਬਾਵਜੂਦ ਅਦਾਲਤ ਵਿਚ ਪੇਸ਼ ਹੋਣ ਲਈ ਅੜਚਨਾਂ ਪਾਵੇ ਤਾਂ ਉਸ ਦੀ ਗੈਰਹਾਜ਼ਰੀ ਵਿਚ ਮੁਕੱਦਮਾ ਸੁਣਿਆਂ ਜਾ ਸਕਦਾ ਹੈ।
2. ਮੁਕੱਦਮਾ ਸੁਨਣ ਵੇਲੇ ਕਿਸੇ ਦੋਸ਼ੀ ਦੇ ਵਕੀਲ ਅਤੇ ਗਵਾਹ ਦਾ ਹਾਜ਼ਰ ਹੋਣਾ ਜ਼ਰੂਰੀ ਨਹੀਂ।
3. ਟ੍ਰਿਬਿਊਨਲ ਜੋ ਵਾਜਿਬ ਸਮਝੇ, ਸਜ਼ਾ ਦੇ ਸਕਦਾ ਹੈ।
4. ਟ੍ਰਿਬਿਊਨਲ ਵਲੋਂ ਦਿੱਤੀ ਸਜ਼ਾ ਨੂੰ ਕੋਈ ਚਣੌਤੀ ਨਹੀਂ ਦਿੱਤੀ ਜਾ ਸਕਦੀ।

ਟ੍ਰਿਬਿਊਨਲ ਨੇ ਆਪਣੀ ਕਾਰਵਾਈ ਮਈ 5, 1930 ਨੂੰ ਸ਼ੁਰੂ ਕੀਤੀ। ਇਸ ਪੱਖਪਾਤੀ ਕਾਰਵਾਈ ਦੇ ਵਿਰੁੱਧ, ਕਟਿਹਰੇ ਵਿਚ ਖੜ੍ਹੇ ਇਨਕਲਾਬੀਆਂ ਨੇ, ਰੱਜ ਕੇ ਰੌਲਾ ਪਾਇਆ। ਮਈ 12, 1930 ਨੂੰ ਭਗਤ ਸਿੰਘ ਤੇ ਉਸ ਦੇ ਸਾਥੀ ਜਦ ਅਦਾਲਤ ਵਿਚ ਲਿਆਂਦੇ ਗਏ ਤਾਂ ਰਾਮ ਪ੍ਰਸਾਦ ਬਿਸਮਲ ਦੀ ਕਵਿਤਾ ਦਾ ਮੁੱਖੜਾ:

ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਲ ਮੇਂ ਹੈ।

ਗਾਉਂਦੇ ਅਤੇ 'ਇਨਕਲਾਬ ਜ਼ਿੰਦਾਬਾਦ' ਤੇ 'ਸਾਮ-ਰਾਜ ਮੁਰਦਾਵਾਦ' ਦੇ ਨਾਅਰੇ ਲਾਉਂਦੇ ਰਹੇ। ਜੱਜ, ਕੋਲਡਸ-ਰੀਮ, ਨੇ ਉਨ੍ਹਾਂ ਨੂੰ ਬਾਹਰ ਕੱਢਣ ਦਾ ਹੁਕਮ ਦਿੱਤਾ।ਬਾਹਰ ਕੱਢਦਿਆਂ ਪੁਲਿਸ ਨੇ ਕੁੱਟਮਾਰ ਕੀਤੀ ਤਾਂ ਜੱਜ ਆਗਾ ਹੈਦਰ ਨੇ ਇਸ ਵਤੀਰੇ ਪ੍ਰਤੀ ਅਸਹਿਮਤੀ ਦਿਖਾਈ। ਟ੍ਰਬਿਉਨਲ ਵਿਚ ਇਕ ਮੱਤ ਨਾ ਹੋਣ ਕਰਕੇ ਇਸ ਨੂੰ ਨਵੇਂ ਸਿਰਿਉਂ ਸੰਗਠਤ ਕੀਤਾ ਗਿਆ। ਜੱਜ ਜੀ. ਸੀ. ਹਿਲਟਨ ਦੀ ਪ੍ਰਧਾਨਗੀ ਹੇਠ ਕਾਰਬਾਈ ਸ਼ੁਰੂ ਹੋਈ। ਮੁਕੱਦਮੇ ਦੀ ਸੁਣਾਈ ਤੋਂ ਪੰਜ ਮਹੀਨੇ ਬਾਅਦ, ਅਕਤੂਬਰ 7, 1930 ਨੂੰ, ਫੈਸਲਾ ਸੁਣਾਇਆ ਜਿਸ ਵਿਚ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸਜਾਏ ਮੌਤ ਸੁਣਾਈ ਗਈ। ਤਿੰਨਾਂ ਨੂੰ ਵੱਖਰੇ ਵੱਖਰੇ ਮੌਤ ਦੇ ਫਰਮਾਨ (ਂਓਰਰਓਨਟਸ) ਜਾਰੀ ਕੀਤੇ ਗਏ। ਭਗਤ ਸਿੰਘ ਦੇ ਫਰਮਾਨ ਵਿਚ, ਉਸ ਦਾ ਅਤਾ-ਪਤਾ ਲਿਖ ਕੇ ਤੇ ਕਾਨੂੰਨੀ ਧਾਰਵਾਂ ਦਾ ਹਵਾਲਾ ਦੇ ਕੇ, ਸੈਂਟ੍ਰਲ ਜੇਲ੍ਹ ਲਾਹੌਰ ਦੇ ਸੁਪਰਡਿੰਟ ਨੂੰ ਆਦੇਸ਼ ਦਿਤਾ। (ਚਿਤਰ-2)।

This is to authorise and require you, the said Superintendent, to carry the said sentence into execusion by causing the said Bhagat Singh to be hanged by the neck until he be dead at Lahore on the 27th: day of October, 1930, and to return the warrant to the High Court with an endorsement clarifying that the sentence has been executed

ਲਾਲਾ ਦੁਨੀ ਚੰਦ ਅਤੇ ਡਾ. ਗੋਪੀ ਚੰਦ ਭਾਰਗੋ ਨੇ ਸਜ਼ਾ ਦੇ ਵਿਰੁੱਧ ਬ੍ਰਿਟਿਸ਼ ਸਰਕਾਰ ਦੀ ਪ੍ਰਿਵੀ ਕੌਂਸਲ ਨੂੰ ਅਪੀਲ ਕਰਨ ਲਈ 'ਡੀਫੈਂਸ ਕਮੇਟੀ' ਸਥਾਪਤ ਕੀਤੀ। ਅਪੀਲ ਕਰਨ ਲਈ ਪੰਡਤ ਮੋਤੀ ਲਾਲ ਨਹਿਰੂ ਅਤੇ ਪ੍ਰਾਣ ਨਾਥ ਮਹਿਤਾ ਨੇ ਭਗਤ ਸਿੰਘ 'ਤੇ ਜ਼ੋਰ ਪਾਇਆ। ਭਗਤ ਸਿੰਘ ਪਹਿਲਾਂ ਤਾਂ ਅਪੀਲ ਦੇ ਵਿਰੁੱਧ ਸੀ। ਉਸ ਨੇ ਠੰਡੇ ਦਿਮਾਗ ਨਾਲ ਸੋਚਿਆ ਕਿ ਉਸ ਦੀ ਸੰਸਥਾ, ਐਚ. ਐਸ. ਆਰ. ਏ. ਨੂੰ ਸਰਕਾਰ ਵਿਰੁੱਧ ਪ੍ਰਾਪੇਗੰਡਾ ਕਰਨ ਲਈ ਹੋਰ ਸਮਾ ਮਿਲ ਜਾਏਗਾ, ਇਸ ਲਈ ਹਾਂ ਕਰ ਦਿੱਤੀ। ਅਪੀਲ ਵਿਚ ਦਾਅਵਾ ਕੀਤਾ ਗਿਆ ਕਿ ਜਿਸ ਓਰਡੀਨੈਂਸ ਤਹਿਤ ਟ੍ਰਿਬਿਊਨਲ ਬਣਾਇਆ ਗਿਆ ਸੀ, ਉਹ ਗੈਰਕਾਨੂੰਨੀ ਸੀ। ਸਰਕਾਰ ਨੇ ਉੱਤਰ ਵਿਚ ਕਿਹਾ ਕਿ ਵਾਇਸਰਾਏ ਨੂੰ ਅਜੇਹਾ ਟ੍ਰਿਬਿਊਨਲ ਬਨਾਉਣ ਦੇ ਪੂਰੇ ਅਧਿਕਾਰ ਸਨ, ਫਲਸਰੂਪ, ਫਰਵਰੀ 10, 1931 ਨੂੰ ਜੱਜ, ਵਿਸਕਾਉਂਟ ਡਿਊਨੇਡਿੰਨ ਜੋ ਅਪੀਲ ਸੁਨਣ ਵਾਲੀ ਕੋਰਟ ਦੇ ਲੌਰਡ ਸਨ, ਨੇ ਅਪੀਲ ਖਾਰਜ ਕਰ ਦਿੱਤੀ (ਨਯੀਅਰ, 2000)। ਫਰਵਰੀ 14, 1931 ਨੂੰ ਕੌਂਗ੍ਰਸ ਪਾਰਟੀ ਦੇ ਪ੍ਰਧਾਨ ਮਦਨ ਮੋਹਨ ਮਾਲਵੀਆ ਨੇ, ਭਗਤ ਸਿੰਘ ਦੀ ਸਲਾਹ ਤੋਂ ਵਗੈਰ, ਰਹਿਮ ਦੀ ਅਪੀਲ ਕੀਤੀ, ਉਹ ਵੀ ਵਾਇਸਰਾਏ ਨੇ ਰੱਦ ਕਰ ਦਿੱਤੀ। Rana, 2005) ਜੇਲ੍ਹ ਦੇ HSRA ਦੇ ਮੈਂਬਰ, ਭਗਵਤੀ ਚਰਨ ਵੋਹਰਾ (ਦੁਰਗਾ ਦੇਵੀ ਦੇ ਪਤੀ) ਨੇ ਭਗਤ ਸਿੰਘ ਨੂੰ ਜੇਲ੍ਹ 'ਚੋਂ ਕੱਢਣ ਖਾਤਰ ਕੰਧ ਨੂੰ ਤੋੜਨ ਲਈ ਬੰਬ ਬਣਾਇਆ, ਪਰ ਬੰਬ ਦੇ ਫਟਣ ਨਾਲ ਉਸ ਦੀ ਜਾਨ ਚਲੀ ਗਈ। (Archives,, 28 October 2011). ਇਸ ਕੇਸ ਬਾਰੇ ਬਰਤਾਨੀਆਂ ਦੀ ਕਮਿਊਨਿਸਟ ਪਾਰਟੀ ਨੇ ਹੇਠਲੇ ਸ਼ਬਦਾਂ ਵਿਚ ਪ੍ਰਤੀਕਰਮ ਦਿੱਤਾ:

The history of this case, of which we do not come across any example in relation to the political cases, reflects the symptoms of callousness and cruelty which is the outcome of bloated desire of the imperialist government of Britain so that fear can be instilled in the hearts of the repressed people. (Rana, 2005).

### ਫਾਂਸੀ (ਮਾਰਚ 24, 1931)

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ, ਮਾਰਚ 24, 1931 ਵਾਲੇ ਦਿਨ ਫਾਂਸੀ ਦੇਣ ਦੇ ਹੁਕਮ ਹੋਏ। ਪਰ ਫਾਂਸੀ ਦਾ ਸਮਾਂ 11 ਘੰਟੇ ਅੱਗੇ ਪਾਕੇ ਤਿੰਨਾਂ ਨੂੰ ਸੋਮਵਾਰ 23 ਮਾਰਚ, 1931 ਨੂੰ ਫਾਂਸੀ ਚਾੜ੍ਹ ਦਿੱਤਾ। ਜੇਲ੍ਹ ਦੇ ਸੁਪਰਡਿੰਟ ਵਲੋਂ ਲਿਖਿਆ, ਭਗਤ ਸਿੰਘ ਦੀ ਫਾਂਸੀ ਦਾ ਸਰਟੀਫੀਕੇਟ, ਹੇਠ ਦਿੱਤਾ ਜਾਂਦਾ ਹੈ। (ਚਿਤਰ-3)।

I hereby certify that the sentence of death passed on Bhagat Singh has been duely executed, and that the said Bhagat Singh was accordingly hanged by neck till he was dead, at Lahore C. Jail on Monday the 23rd day of March, 1931at 4 p.m. that the body remained suspended for a full hour, and was not taken down until life was ascertained by a medical officer to be extinct; and that no accident, error or other misadventure occurred.

ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸ਼ੀ ਦਾ ਅਖਬਾਰਾਂ ਅਤੇ ਕਾਨਫ੍ਰੰਸਾਂ ਵਿਚ ਹਿਰਦੇ ਵੇਦਿਕ ਪ੍ਰਤੀਕਰਮ ਹੋਇਆ। ਮਾਰਚ 25, 1931 ਦੀ ਟ੍ਰਿਬਿਊਨ ਵਿਚ ਸੁਰਖੀ ਛਪੀ: "Bhagat Singh, Rajguru and Sukhdev Executed: No "Last Interview with Relatives. Shouts Emerge from Jail. Dead Bodies Secretly Disposed of, Removed to Distant Place."

ਫਾਂਸੀ ਵਾਲੇ ਦਿਨ ਹਿੰਦੋਸਤਾਨ ਦੀ ਕੌਂਗ੍ਰਸ ਪਾਰਟੀ ਦਾ ਕਰਾਚੀ ਵਿਚ ਇਜਲਾਸ ਸੀ। ਭੜਕੇ ਹੋਏ ਨੌਜਵਾਨਾਂ ਨੇ ਗਾਂਧੀ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਕਿਉਂਕਿ, ਉਸ ਨੇ ਭਗਤ ਸਿੰਘ ਦੀ ਫਾਂਸੀ ਰੁਕਵਾਉਣ ਲਈ ਆਨਾ-ਕਾਨੀ ਕੀਤੀ ਸੀ। ਇਸ ਸੰਬੰਧ ਵਿਚ ਨਿਊ ਯੌਰਕ ਟਾਇਮਜ਼ ਨੇ ਲਿਖਿਆ:

A reign of terror in the city of Cawnpore in the United Provinces and an attack on Mahatma Gandhi by a youth outside Karachi was among the answers of the Indian extremists today to the hanging of Bhagat Singh and two fellow-assassins.

ਗਾਂਧੀ ਨੇ ਆਪਣੇ ਅਖਬਾਰ "ਯੰਗ ਇੰਡੀਅ" ਦੇ 29 ਮਾਰਚ, 1931 ਦੇ ਅੰਕ ਵਿਚ ਲਿਖਿਆ: Bhagat Singh and his two associates have been hanged. The Congress made many attempts to save their lives and the Government entertained many hopes of it, but all has been in a vain.

"Bhagat Singh did not wish to live. He refused to apologize, or even file an appeal. Bhagat Singh was not a devotee of non-violence, but he did not subscribe to the religion of violence. He took to violence due to helplessness and to defend his homeland. In his last letter, Bhagat Singh wrote, 'I have been arrested while waging a war. For me there can be no gallows. Put me into the mouth of cannon and blow me off.' These heroes had conquered the fear of death. Let us bow to them a thousand times for their heroism. But we should not imitate their act. In our land of millions of destitute and crippled people, if we take to the practice of seeking justice through murder, there will be a terrifying situation. Our poor people will become victims of our atrocities. By making a dharma of violence, we shall be reaping the fruit of our own actions. Hence, though we praise the courage of these brave men, we should never countenance their activities. Our dharma is to swallow our anger, abide by the discipline of non-violence and carry out our duty."

### ਅੰਤਿਕਾ

ਭਗਤ ਸਿੰਘ ਕੇਵਲ ਇਕ ਹੱਢ ਮਾਸ ਦਾ ਪੁਤਲਾ ਹੀ ਨਹੀਂ ਸੀ, ਉਹ ਤਾਂ ਕ੍ਰਾਂਤੀਕਾਰੀ ਸੋਚ ਦਾ ਮੁਜੱਸਮਾ ਸੀ, ਸਿਰਨਾਮਾ ਸੀ। ਬੰਦਾ ਨਾਸ਼ਵਾਨ ਹੈ, ਸੋਚ ਅਵਿਨਾਸ਼ੀ, ਤ੍ਰੈਕਾਲੀ ਅਤੇ ਬ੍ਰਹਿਮੰਡੀ ਹੈ। ਭਗਤ ਸਿੰਘ ਇਨ੍ਹਾਂ ਗੁਣਾਂ ਦਾ ਕੌਲਾਜ ਹੈ। ਉਸ ਦੀ ਦਰਸ਼ਣੀ ਸ਼ਖਸੀਅਤ ਦਾ ਦੀਦਾਰ ਹੇਠਲੀ ਤਸਵੀਰ 'ਚੋਂ ਹੁੰਦਾ ਹੈ।(ਚਿਤਰ-4)। ਚਿਹਰੇ ਦੀ ਤਰਜਮਾਨੀ ਤਿੰਨ ਸ਼ਬਦਾਂ ਵਿਚ ਬਿਆਨ ਕੀਤੀ ਜਾ ਸਕਦੀ ਹੈ: ਇਰਾਦਾ, ਅਕੀਦਾ ਅਤੇ ਵਿਸ਼ਵਾਸ।

ਜਿਨ੍ਹਾਂ ਮੁਲਕਾਂ ਵਿਚ ਭਗਤ ਸਿੰਘ ਵਰਗੇ ਸੂਰਮੇ ਦੇਸ਼ ਭਗਤਾਂ ਨੇ ਜਨਮ ਲਿਆ ਹੋਵੇ, ਉਨ੍ਹਾਂ ਉੱਤੋਂ ਗੁਲਾਮੀ ਦੇ ਸਾਇਆ ਦਾ ਤਾਰ ਤਾਰ ਹੋ ਕੇ ਛੱਟ ਜਾਣਾ ਨਿਸਚਿੱਤ ਹੈ। ਬ੍ਰਿਟਿਸ਼ ਸਰਕਾਰ ਦਾ ਹਿੰਦੋਸਤਾਨ ਨੂੰ ਛੱਡਣਾ ਉਸ ਵੇਲੇ ਹੀ ਤਹਿ ਹੋ ਗਿਆ ਸੀ ਜਦ ਭਗਤ ਸਿੰਘ ਨੇ ਅਸੈਂਬਲੀ ਵਿਚ ਫੋਕਾ ਬੰਬ ਚਲਾਇਆ ਸੀ। ਬਾਕੀ ਦੇ ਕਾਰਨ ਭਗਤ ਸਿੰਘ ਦੀ ਫਿਲੌਸਫੀ ਦੀ ਸਾ-ਉਪਜ (ਭੇ ਫਰੋਦੁਚਟ) ਸਨ। ਸ਼ਹੀਦ-ਦੇ-ਆਜ਼ਮ ਭਗਤ ਸਿੰਘ ਦੀ ਸਖਸ਼ੀਅਤ ਅਤੇ ਅਹਿਮੀਅਤ ਦਾ ਅੰਦਾਜ਼ਾ ਹਿੰਦੋਸਤਾਨ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਛਪੇ ਢੇਰ ਸਾਰੇ ਸਾਹਿਤ, ਅਨੇਕ ਫਿਲਮਾਂ ਅਤੇ ਡੌਕੂਮਿੰਟਰੀਆਂ ਤੋਂ ਲਗਾਇਆ ਜਾ ਸਕਦਾ ਹੈ। ਪੈਗੰਬਰਾਂ ਅਤੇ ਗੁਰੂਆਂ ਦੀਆਂ ਧਰਮ ਖਾਤਰ ਦਿੱਤੀਆਂ ਸ਼ਹੀਦੀਆਂ ਦਾ ਕੋਈ ਸਾਨ ਨਹੀਂ, ਪਰ ਇਨਸਾਨੀਅਤ ਦੀ ਆਜ਼ਾਦੀ ਖਾਤਰ ਕੁਰਬਾਨ ਹੋਣ ਵਾਲਿਆਂ ਵਿਚ ਸਰਦਾਰ ਭਗਤ ਸਿੰਘ ਦਾ ਦਰਜਾ ਸਿਰਮੌਰ ਹੈ।

### ਹਵਾਲੇ:


1. Hidustan Times, April 8, 1929)।
2. ਕਮਲੇਸ਼ ਮੋਹਨ. 2008. ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ. ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ।
3[ Kuldip, Nayar. 2000. The Martyr Bhagat Singh: Experiments in Revolution. Diamond Pocket Books , Ptd, New Delhi.
4. Bhagwant Singh, Rana. 2005. Bhagat Singh. Diamond Pocket Books Ptd, New Delhi.
5."Bhagat Singh: A Perennial Saga Of Inspiration". Pragoti. 27 September 2008. Archived from the original on 30 September 2015. Retrieved 28 October 2011.
6. Tribune, March 25, 1931.
7. Young India, March 29, 1931.

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK
INS
WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

ੴ ਸਤਿਗੁਰ ਪ੍ਰਸਾਦਿ ॥

ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

# ਸੈਕਰਾਮੈਂਟੋ ਸਿੱਖ ਸੁਸਾਇਟੀ



# ਪਹਿਲਾ ਵਿਸ਼ਾਲ ਨਗਰ ਕੀਰਤਨ

# 26 ਮਾਰਚ, ਐਤਵਾਰ 2023

## ਪ੍ਰੋਗਰਾਮ

ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।

- 13 ਤੋਂ 25 ਮਾਰਚ : ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
- 19 ਮਾਰਚ, ਦਿਨ ਐਤਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
- ਨਿਸ਼ਾਨ ਸਾਹਿਬ ਸੇਵਾ 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ
- 26 ਮਾਰਚ, ਦਿਨ ਐਤਵਾਰ, ਆਰੰਭ ਨਗਰ ਕੀਰਤਨ ਸਵੇਰੇ 10 ਵਜੇ
- ਪਹੁੰਚ ਰਹੇ ਜੱਥੇ : ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ।

Copyright@Punjab Mail USA

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਵਿਸ਼ਾਲ ਨਗਰ ਕੀਰਤਨ 26 ਮਾਰਚ ਨੂੰ ਹੋਵੇਗਾ। ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਰਹੇ ਹਨ, ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸ਼ਰ ਅਤੇ ਹੋਰ ਸਿੱਖ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

| Lakhvir Singh Aujla | Gurinderpal Singh Gill | Randhir Singh Nijjar |
|---|---|---|
| 916-826-9800 | 916-717-2277 | 916-416-9527 |

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829